ਮੰਗਲਵਾਰ, 12 ਨਵੰਬਰ, 2024
27 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 162

# ਨਵਾਂ ਜ਼ਮਾਨਾ

DAILY NAWAN ZAMANA • TUESDAY, 12 NOVEMBER, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਲਿਖਤੀ ਪ੍ਰੀਖਿਆ ਤੇ ਇੰਟਰਵਿਊ ਦੇ ਅੰਕ ਦੱਸਣੇ ਪੈਣਗੇ : ਬੰਬੇ ਹਾਈ ਕੋਰਟ

**ਮੁੰਬਈ** : ਬੰਬੇ ਹਾਈ ਕੋਰਟ ਨੇ ਸੋਮਵਾਰ ਕਿਹਾ ਕਿ ਜਨਤਕ ਅਹੁਦਿਆਂ ਲਈ ਪ੍ਰੀਖਿਆਵਾਂ ਵਿੱਚ ਉਮੀਦਵਾਰਾਂ ਵੱਲੋਂ ਪ੍ਰਾਪਤ ਕੀਤੇ ਅੰਕ ਨਿੱਜੀ ਜਾਣਕਾਰੀ ਨਹੀਂ ਹਨ ਅਤੇ ਉਨ੍ਹਾਂ ਦਾ ਖੁਲਾਸਾ ਕਿਸੇ ਦੀ ਨਿੱਜਤਾ ਵਿਚ ਨਾਵਾਜਬ ਦਖਲ ਨਹੀਂ ਬਣਦਾ। ਹਾਈ ਕੋਰਟ ਨੇ ਕਿਹਾ ਕਿ ਜਨਤਕ ਅਹੁਦਿਆਂ ਲਈ ਭਰਤੀ ਪ੍ਰਕਿਰਿਆ ਪਾਰਦਰਸ਼ੀ ਹੋਣੀ ਚਾਹੀਦੀ ਹੈ।

ਜਸਟਿਸ ਐੱਮ ਐੱਸ ਸੋਨਕ ਅਤੇ ਜਤਿੰਦਰ ਜੈਨ ਦੀ ਡਵੀਜ਼ਨ ਬੈਂਚ ਨੇ ਕਿਹਾ ਕਿ ਅਜਿਹੀ ਜਾਣਕਾਰੀ ਨੂੰ ਜ਼ਾਹਰ ਹੋਣ ਤੋਂ ਰੋਕਣ ਨਾਲ ਬੇਲੋੜੇ ਸ਼ੱਕ-ਸ਼ੁਬ੍ਹਾ ਪੈਦਾ ਹੁੰਦੇ ਹਨ ਅਤੇ ਅਜਿਹਾ ਕੁਝ ਜਨਤਕ ਅਥਾਰਟੀਆਂ ਦੇ ਕੰਮਕਾਜ ਤੇ ਜਨਤਕ ਭਰਤੀ ਪ੍ਰਕਿਰਿਆਵਾਂ 'ਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਹੁਲਾਰਾ ਦੇਣ ਪੱਖੋਂ ਵਧੀਆ ਤੇ ਸਿਹਤਮੰਦ ਨਹੀਂ ਹੈ।

ਬੈਂਚ ਨੇ ਇਹ ਹੁਕਮ ਓਂਕਾਰ ਕਾਲਮਾਂਕਰ ਨਾਮੀ ਵਿਅਕਤੀ ਵੱਲੋਂ ਦਾਇਰ ਇਕ ਪਟੀਸ਼ਨ 'ਤੇ ਸੁਣਾਏ ਹਨ। ਪਟੀਸ਼ਨਰ ਨੇ ਪੁਣੇ ਜ਼ਿਲ੍ਹਾ ਅਦਾਲਤ 'ਚ ਜੂਨੀਅਰ ਕਲਰਕ ਦੇ ਅਹੁਦੇ ਲਈ 2018 'ਚ ਹੋਈ ਪ੍ਰੀਖਿਆ ਦੇਣ ਵਾਲੇ ਉਮੀਦਵਾਰਾਂ ਵੱਲੋਂ ਹਾਸਲ ਅੰਕਾਂ ਦੇ ਵੇਰਵੇ ਮੰਗੇ ਸਨ। ਗੌਰਲਤਬ ਹੈ ਕਿ ਕਾਲਮਾਂਕਰ ਨੇ ਵੀ ਭਰਤੀ ਟੈੱਸਟ ਦਿੱਤਾ ਸੀ, ਪਰ ਉਸ ਦੀ ਨੌਕਰੀ ਲਈ ਚੋਣ ਨਹੀਂ ਹੋ ਸਕੀ ਸੀ।

ਅਦਾਲਤ ਨੇ ਸੰਬੰਧਤ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਇਸ ਭਰਤੀ ਪ੍ਰਕਿਰਿਆ ਵਿੱਚ ਚੁਣੇ ਗਏ ਉਮੀਦਵਾਰਾਂ ਵੱਲੋਂ ਲਿਖਤੀ ਪ੍ਰੀਖਿਆ, ਮਰਾਠੀ ਤੇ ਅੰਗਰੇਜ਼ੀ ਦੇ ਟਾਈਪਿੰਗ ਟੈੱਸਟ ਅਤੇ ਇੰਟਰਵਿਊ 'ਚ ਹਾਸਲ ਕੀਤੇ ਅੰਕਾਂ ਦੇ ਵੇਰਵੇ ਪਟੀਸ਼ਨਰ ਨੂੰ ਛੇ ਹਫਤਿਆਂ ਦੇ ਅੰਦਰ ਦਿੱਤੇ ਜਾਣ।

ਬੈਂਚ ਨੇ ਕਿਹਾ ਕਿ ਇਹ ਮਾਮਲਾ ਪੁਣੇ ਦੀ ਜ਼ਿਲ੍ਹਾ ਅਦਾਲਤ 'ਚ ਜੂਨੀਅਰ ਕਲਰਕ ਦੇ ਅਹੁਦੇ ਸੰਬੰਧੀ ਚੋਣ ਪ੍ਰਕਿਰਿਆ ਨਾਲ ਸੰਬੰਧਤ ਹੈ, ਜਿਸ ਲਈ ਜਨਤਕ ਇਸ਼ਤਿਹਾਰ ਰਾਹੀਂ ਅਰਜ਼ੀਆਂ ਮੰਗੀਆਂ ਗਈਆਂ ਸਨ। ਅਦਾਲਤ ਨੇ ਕਿਹਾ— ਇਹ ਜਨਤਕ ਪ੍ਰਕਿਰਿਆ ਪਾਰਦਰਸ਼ੀ ਹੋਣੀ ਚਾਹੀਦੀ ਹੈ। ਅਜਿਹੀ ਚੋਣ ਪ੍ਰਕਿਰਿਆ ਵਿੱਚ ਉਮੀਦਵਾਰਾਂ ਦੁਆਰਾ ਪ੍ਰਾਪਤ ਕੀਤੇ ਗਏ ਅੰਕਾਂ ਨੂੰ ਸਹਿਜੇ ਹੀ ਅਜਿਹੀ ਨਿੱਜੀ ਜਾਣਕਾਰੀ ਨਹੀਂ ਕਰਾਰ ਦਿੱਤਾ ਜਾ ਸਕਦਾ, ਜਿਸ ਦੇ ਖੁਲਾਸੇ ਦਾ ਕਿਸੇ ਜਨਤਕ ਸਰਗਰਮੀ ਜਾਂ ਹਿੱਤ ਨਾਲ ਕੋਈ ਸੰਬੰਧ ਨਾ ਹੋਵੇ।

ਬੈਂਚ ਨੇ ਜ਼ੋਰ ਦੇ ਕੇ ਕਿਹਾ ਕਿ ਸੂਚਨਾ ਅਧਿਕਾਰ ਐਕਟ ਤਹਿਤ ਸਿਰਫ ਅਜਿਹੀ ਨਿੱਜੀ ਜਾਣਕਾਰੀ ਨੂੰ ਛੋਟ ਦਿੱਤੀ ਗਈ ਹੈ, ਜਿਸ ਦੇ ਖੁਲਾਸੇ ਦਾ ਕਿਸੇ ਜਨਤਕ ਸਰਗਰਮੀ ਜਾਂ ਹਿੱਤ ਨਾਲ ਕੋਈ ਸੰਬੰਧ ਨਾ ਹੋਵੇ। ਅਦਾਲਤ ਨੇ ਕਿਹਾ— ਇਹ ਦੇਖਦੇ ਹੋਏ ਕਿ ਅਜਿਹੀਆਂ ਚੋਣ ਪ੍ਰਕਿਰਿਆਵਾਂ ਪਾਰਦਰਸ਼ੀ ਅਤੇ ਕਿਸੇ ਤਰ੍ਹਾਂ ਦੇ ਛਲ-ਕਪਟ ਤੋਂ ਰਹਿਤ ਹੋਣੀਆਂ ਚਾਹੀਦੀਆਂ ਹਨ, ਇਹ ਜਨਤਕ ਹਿੱਤ 'ਚ ਹੋਵੇਗਾ ਕਿ ਇਸ ਜਾਣਕਾਰੀ ਨੂੰ ਲੁਕਾਉਣ ਦੀ ਬਜਾਏ ਇਸ ਨੂੰ ਜੱਗ-ਜ਼ਾਹਰ ਕੀਤਾ ਜਾਵੇ, ਤਾਂ ਕਿ ਪ੍ਰਕਿਰਿਆ ਬਾਰੇ ਕਿਸੇ ਵੀ ਸ਼ੱਕ ਦੀ ਗੁੰਜਾਇਸ਼ ਨਾ ਰਹੇ।

ਕਾਲਮਾਂਕਰ ਨੇ ਲਿਖਤੀ ਅਤੇ ਟਾਈਪਿੰਗ ਟੈੱਸਟ ਪਾਸ ਕੀਤਾ ਸੀ, ਪਰ ਉਹ ਇੰਟਰਵਿਊ ਪਾਸ ਨਹੀਂ ਸੀ ਕਰ ਸਕਿਆ। ਉਸ ਨੇ ਪਹਿਲਾਂ ਜਨਤਕ ਸੂਚਨਾ ਅਧਿਕਾਰੀ ਅਤੇ ਰਾਜ ਸੂਚਨਾ ਕਮਿਸ਼ਨਰ ਤੋਂ ਐਕਟ ਤਹਿਤ ਜਾਣਕਾਰੀ ਮੰਗੀ ਸੀ, ਪਰ ਉਸ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸ ਨੇ ਬੰਬੇ ਹਾਈ ਕੋਰਟ ਦਾ ਬੂਹਾ ਖੜਕਾਇਆ ਸੀ।

## ਗ਼ਦਰੀ ਬਾਬਿਆਂ ਦੇ ਮੇਲੇ 'ਚ ਲੋਕ ਲੈ ਕੇ ਗਏ 20 ਲੱਖ ਦਾ ਸਾਹਿਤ

**ਜਲੰਧਰ (ਕੇਸਰ)**

ਗ਼ਦਰੀ ਬਾਬਿਆਂ ਦੇ ਮੇਲੇ ਦੀ ਸ਼ੁਰੂਆਤ ਵੇਲੇ ਸਿਰਫ਼ 'ਪੰਜਾਬ ਬੁੱਕ ਸੈਂਟਰ' ਲੋਕ-ਪੱਖੀ ਸਾਹਿਤ ਲੈ ਕੇ ਹਾਜ਼ਰ ਹੋਇਆ। ਦੂਜੇ ਵਰ੍ਹੇ ਲੈਨਿਨ ਕਿਤਾਬ ਘਰ ਮਹਿਲ ਕਲਾਂ ਦੇ ਸੰਚਾਲਕ ਮਰਹੂਮ ਪ੍ਰੀਤਮ ਸਿੰਘ ਅਪੰਗ ਹੋਣ ਦੇ ਬਾਵਜੂਦ ਦਿਮਾਗੀ ਤੌਰ 'ਤੇ ਐਨੇ ਚੇਤਨ ਸਨ ਰਿ ਉਹ ਮੇਲੇ ਵਿੱਚ ਕਿਤਾਬਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਬੁੱਕ ਸਟਾਲ ਲਾਉਣ ਲਈ ਇੱਕੋ ਬਾਂਹ ਨਾਲ ਮੋਢੇ ਲੱਦਿਆ ਕਿਤਾਬਾਂ ਦਾ ਬੈਗ ਲੈ ਕੇ ਆਏ। ਇਹ 33 ਵਰ੍ਹੇ ਪਹਿਲਾਂ ਦੀ ਕਹਾਣੀ ਇਸ ਵਾਰ ਮੇਲੇ ਵਿੱਚ 100 ਬੁੱਕ ਸਟਾਲਾਂ ਤੱਕ ਪਹੁੰਚ ਗਈ। ਇਹਨਾਂ ਸਟਾਲਾਂ 'ਤੇ ਪੰਜਾਬੀ, ਉਰਦੂ, ਹਿੰਦੀ, ਸ਼ਾਹਮੁਖੀ ਅਤੇ ਅੰਗਰੇਜ਼ੀ ਦੀਆਂ ਕਿਤਾਬਾਂ ਸ਼ਾਮਲ ਸਨ।



ਇੱਕ ਸਰਵੇਖਣ ਮੁਤਾਬਕ ਲੱਗਭੱਗ 20 ਲੱਖ ਰੁਪਏ ਦੀਆਂ ਕਿਤਾਬਾਂ ਮੇਲੇ ਤੋਂ ਲੈ ਕੇ ਗਏ ਲੋਕਾਂ ਦਾ ਰੁਝਾਨ ਇਹ ਦਰਸਾਉਂਦਾ ਹੈ ਕਿ ਲੋਕ ਖੇਤੀ ਮੇਲਿਆਂ ਤੋਂ ਬੀਜ ਅਤੇ ਰਵਾਇਤੀ ਮੇਲਿਆਂ ਤੋਂ ਮਠਿਆਈਆਂ ਲੈ ਕੇ ਆਉਣ ਵਾਂਗ ਕਿਤਾਬਾਂ ਦੇ ਵੀ ਝੋਲੇ ਭਰ ਕੇ ਲੈ ਕੇ ਗਏ ਹਨ।

ਮੇਲੇ 'ਚ ਜੁੜੇ ਲੋਕਾਂ ਨੇ ਇਤਿਹਾਸ, ਸਾਹਿਤ, ਸੱਭਿਆਚਾਰ, ਵਿਗਿਆਨ, ਕਲਾ, ਮਾਰਕਸੀ ਚਿੰਤਨ, ਕਾਰਪੋਰੇਟ, ਫ਼ਿਰਕੂ ਫਾਸ਼ੀ ਹੱਲੇ, ਪੰਜਾਬ ਦੀ ਨਾਬਰੀ ਦੀ ਪਰੰਪਰਾ ਮੇਸਣ ਖਿਲਾਫ਼ ਖ਼ਬਰਦਾਰ ਕਰਦੇ ਵਿਸ਼ਿਆਂ, ਤਰਕਸ਼ੀਲ, ਜਮਹੂਰੀ, ਲੋਕ ਨਾਇਕਾਂ, ਗੀਤਾਂ, ਰੰਗ ਮੰਚ, ਗ਼ਦਰੀ ਦੇਸ਼ ਭਗਤਾਂ, ਆਦਿਵਾਸੀਆਂ ਦੇ ਉਜਾੜੇ, ਪਰਵਾਸ, ਫ਼ਲਸਤੀਨ ਦੇ ਨਸਲਘਾਤ, ਬੁੱਧੀਜੀਵੀਆਂ ਉਪਰ ਦਹਿਸ਼ਤਵਾਦੀ ਹੋਣ ਦੇ ਸੋਚੇ-ਸਮਝੇ ਠੱਪੇ ਮੜ੍ਹਨ, ਔਰਤਾਂ 'ਤੇ ਜਬਰ ਬਾਰੇ ਵਿਸ਼ਿਆਂ ਨਾਲ ਜੁੜੀਆਂ ਪੁਸਤਕਾਂ 'ਚ ਵਿਸ਼ੇਸ਼ ਦਿਲਚਸਪੀ ਲਈ।

ਵਰਨਣਯੋਗ ਹੈ ਕਿ ਆਰ ਐੱਸ ਐੱਸ ਵਰਗੀਆਂ ਸੰਸਥਾਵਾਂ ਦੇ ਭਵਿੱਖ ਵਿੱਚ ਸਾਹਮਣੇ ਆਉਣ ਵਾਲੇ ਅੱਤ ਦਰਜੇ ਦੇ ਖ਼ਤਰਨਾਕ ਮਨਸੂਬਿਆਂ ਬਾਰੇ ਜਾਗਰੂਕ ਕਰਦਾ, ਹਰ ਵੰਨਗੀ ਦੇ ਲਚਰ, ਅਸ਼ਲੀਲ, ਬਿਮਾਰ ਚੱਕਵੇਂ ਸਾਹਿਤ ਨੂੰ ਰੱਦ ਕਰਦਾ ਰੁਝਾਨ ਪੁਸਤਕ ਮੇਲੇ 'ਚ ਸਾਹਮਣੇ ਆਉਣਾ ਸੁਲੱਖਣਾ ਵਰਤਾਰਾ ਹੈ।

ਅਜਿਹੇ ਗਾਇਕ, ਜਿਨ੍ਹਾਂ ਚੜ੍ਹਦੀ ਜੁਆਨੀ ਦੀ ਮੱਤ ਮਾਰਨ ਲਈ ਹਲਕੀ ਅਤੇ ਹਥਿਆਰਾਂ ਨਾਲ ਭਰੀ ਗਾਇਕੀ ਪਰੋਸੀ, ਉਹਨਾਂ ਨੂੰ ਇਸ ਪੁਸਤਕ ਮੇਲੇ ਨੇ ਬੁਰੀ ਤਰ੍ਹਾਂ ਰੱਦ ਕਰਨ ਦੇ ਰੁਝਾਨਾਂ ਦੇ ਝਲਕਾਰੇ ਦਿੱਤੇ ਹਨ।

ਪੰਜਾਬ ਅੰਦਰ ਪਰਵਾਸ ਹੰਢਾ ਰਹੀ ਅਤੇ ਆਪਣੇ ਜੀਵਨ ਦੇ ਭਵਿੱਖ ਲਈ ਜੂਝਦੀ ਜੁਆਨੀ, ਇਸ ਧਰਤੀ ਦੀਆਂ ਔਰਤਾਂ, ਸਨਅਤੀ ਕਾਮਿਆਂ, ਕਿਸਾਨਾਂ, ਰੰਗ-ਕਰਮੀਆਂ, ਬੁੱਧੀਜੀਵੀਆਂ, ਇਤਿਹਾਸਕਾਰਾਂ ਨੂੰ ਪੁਸਤਕ ਮੇਲਾ ਪੈਗ਼ਾਮ ਦੇ ਰਿਹਾ ਸੀ ਕਿ ਅਜੇ ਵੀ ਵੇਲਾ ਹੈ ਸਾਹਿਤ ਦੀ ਰੌਸ਼ਨੀ ਵਿੱਚ ਨਵੇਂ ਰਾਹ ਸਿਰਜਣਾ ਹੀ ਜ਼ਿੰਦਗੀ ਦਾ ਸਹੀ ਮਾਰਗ ਹੈ। ਇਹ ਮਾਰਗ ਪੁਸਤਕ ਮੇਲੇ 'ਚ ਬੁਲੰਦ ਆਵਾਜ਼ ਵਿੱਚ ਬੋਲਦਾ ਸੁਣਿਆ ਗਿਆ ਕਿ 'ਪਾਣੀ ਹੁਣ ਪੁੱਛਣ ਸਾਨੂੰ, ਡੁੱਬਣਾ ਕਿ

● ਬਾਕੀ ਸਫ਼ਾ 2 'ਤੇ

## ਘੋੜੀ 'ਤੇ ਹੋ ਕੇ ਸਵਾਰ...



**ਚੰਡੀਗੜ੍ਹ** : ਹਰਿਆਣਾ ਦੇ ਬਹਾਦਰਗੜ੍ਹ ਦਾ ਪਰਵਾਰ ਪੁੱਤਰ ਅਨਮੋਲ ਨੂੰ ਘੋੜੀ 'ਤੇ ਬਿਠਾ ਕੇ ਬੈਂਡ-ਵਾਜੇ ਨਾਲ ਸਕੂਲ ਛੱਡਣ ਗਿਆ। ਗਵਾਂਢੀ ਤੇ ਰਿਸ਼ਤੇਦਾਰ ਬੈਂਡ ਦੀ ਧੁੰਨ 'ਤੇ ਨੱਚਦੇ ਸਕੂਲ ਤੱਕ ਗਏ। ਦਯਾਨੰਦ ਨਗਰ ਦੇ ਵਿਵੇਕ, ਜਿਹੜਾ ਆਯੁਰਵੈਦਿਕ ਦਵਾਈਆਂ ਵੇਚਦਾ ਹੈ, ਨੇ ਕਿਹਾ ਉਸ ਨੇ ਤੇ ਪਤਨੀ ਨੇ ਤਿੰਨ ਸਾਲਾ ਅਨਮੋਲ ਨੂੰ ਪਹਿਲੀ ਵਾਰ ਸਕੂਲ ਛੱਡਣ ਲਈ ਜਾਣ ਵੇਲੇ ਕੁਝ ਖਾਸ ਕਰਨ ਦਾ ਫੈਸਲਾ ਕੀਤਾ।

## ਸੜਕ 'ਤੇ ਕੇਕ ਕੱਟਣਾ ਮਹਿੰਗਾ ਪਿਆ

**ਪਥਨਮਥਿੱਟਾ** : ਕੇਰਲਾ ਦੇ ਪਥਿਨਮਥਿੱਟਾ 'ਚ ਪੀਟਰਜ਼ ਜੰਕਸ਼ਨ 'ਚ ਜਨਤਕ ਮਾਰਗ 'ਤੇ ਕੇਕ ਕੱਟ ਕੇ ਆਪਣੇ ਦੋਸਤ ਦਾ ਜਨਮ ਦਿਨ ਮਨਾਉਣ ਵਾਲੇ ਕੁਝ ਵਿਅਕਤੀਆਂ ਖਿਲਾਫ ਪੁਲਸ ਨੇ ਮਾਮਲਾ ਦਰਜ ਕਰਕੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।

ਕਰੀਬ 20 ਅਗਿਆਤ ਵਿਅਕਤੀਆਂ ਦਾ ਪਤਾ ਲਾਉਣ ਲਈ ਜਾਂਚ ਦਾ ਦਾਇਰਾ ਵਧਾਇਆ ਗਿਆ ਹੈ।

## ਚੀਫ ਜਸਟਿਸ ਸੰਜੀਵ ਖੰਨਾ ਨੇ ਸਹੁੰ ਚੁੱਕੀ

**ਨਵੀਂ ਦਿੱਲੀ** : ਜਸਟਿਸ ਸੰਜੀਵ ਖੰਨਾ ਨੇ ਸੋਮਵਾਰ ਭਾਰਤ ਦੇ 51ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕੀ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ 'ਚ ਸਹੁੰ ਚੁਕਾਈ। ਜਸਟਿਸ ਖੰਨਾ ਛੇ ਮਹੀਨਿਆਂ ਤੋਂ ਘੱਟ ਸਮੇਂ ਲਈ ਚੀਫ ਜਸਟਿਸ ਵਜੋਂ ਸੇਵਾ ਕਰਨਗੇ ਤੇ 13 ਮਈ, 2025 ਨੂੰ ਅਹੁਦਾ ਛੱਡ ਦੇਣਗੇ। ਦਿੱਲੀ ਦੇ ਇੱਕ ਉੱਘੇ ਪਰਵਾਰ ਨਾਲ ਸੰਬੰਧਤ ਜਸਟਿਸ ਖੰਨਾ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਦੇਵ ਰਾਜ ਖੰਨਾ ਦੇ ਪੁੱਤਰ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਐੱਚ ਆਰ ਖੰਨਾ ਦੇ ਭਤੀਜੇ ਹਨ।



## ਬੇਟਾ-ਬੇਟੀ ਵੀ ਵਾਇਨਾਡ 'ਚ

**ਵਾਇਨਾਡ** : ਕੇਰਲਾ ਦੇ ਵਾਇਨਾਡ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਪ੍ਰਿਅੰਕਾ ਗਾਂਧੀ ਵਾਡਰਾ ਦੇ ਚੋਣ ਪ੍ਰਚਾਰ ਦੌਰਾਨ ਭੀੜ 'ਚ ਉਨ੍ਹਾ ਦੀ ਬੇਟੀ ਮਿਰਾਯਾ ਵਾਡਰਾ ਤੇ ਬੇਟਾ ਰੇਹਾਨ ਵਾਡਰਾ ਵੀ ਨਜ਼ਰ ਆਏ। 22 ਸਾਲਾ ਮਿਰਾਯਾ ਨੇ ਦੇਹਰਾਦੂਨ ਦੇ ਵੈਲਹੈਮ ਗਰਲਜ਼ ਕਾਲਜ ਤੋਂ ਸਿੱਖਿਆ ਲਈ ਹੈ ਤੇ ਹੁਣ ਇੰਸਟ੍ਰਕਟਰ-ਲੇਵਲ ਡਾਈਵਿੰਗ ਕੋਰਸ ਕਰ ਰਹੀ ਹੈ।



ਉਹ 2016 ਵਿੱਚ ਹਰਿਆਣਾ ਦੀ ਟੀਮ ਵੱਲੋਂ ਬਾਸਕਟਬਾਲ ਚੈਂਪੀਅਨਸ਼ਿਪ ਵਿੱਚ ਵੀ ਹਿੱਸਾ ਲੈ ਚੁੱਕੀ ਹੈ। 24 ਸਾਲਾ ਰੇਹਾਨ ਸੜਕਾਂ ਤੇ ਜੰਗਲਾਂ 'ਚ ਫੋਟੋਗ੍ਰਾਫੀ ਕਰਦਾ ਹੈ। ਉਹ ਆਪਣੀਆਂ ਤਸਵੀਰਾਂ ਦੀਆਂ ਨੁਮਾਇਸ਼ਾਂ ਵੀ ਲਾ ਚੁੱਕਾ ਹੈ।

## ਸੁਧਾਰ ਲਹਿਰ ਦੇ ਆਗੂ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੇ

**ਤਲਵੰਡੀ ਸਾਬੋ** : ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂਆਂ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ, ਗਗਨਜੀਤ ਸਿੰਘ ਬਰਨਾਲਾ, ਕਰਨੈਲ ਸਿੰਘ ਪੰਜੋਲੀ ਅਤੇ ਸਿਕੰਦਰ ਸਿੰਘ ਮਲੂਕਾ ਨੇ ਸੋਮਵਾਰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾ ਦੀ ਰਿਹਾਇਸ਼ 'ਤੇ ਸਵਾ ਘੰਟੇ ਦੇ ਕਰੀਬ ਬੰਦ-ਕਮਰਾ ਮੀਟਿੰਗ ਕੀਤੀ। ਆਗੂਆਂ ਨੇ ਪੱਤਰਕਾਰਾਂ ਨੂੰ ਗੱਲਬਾਤ ਬਾਰੇ ਦੱਸਣ ਤੋਂ ਟਾਲਮਟੋਲ ਕਰਦਿਆਂ ਸਿਰਫ ਇਹੋ ਕਿਹਾ ਕਿ ਉਨ੍ਹਾਂ ਦੀ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਸਿਰਫ ਰਸਮੀ ਸੀ।

## ਮਨੀਪੁਰ 'ਚ 11 ਮਿਲੀਟੈਂਟ ਮਾਰੇ ਗਏ

**ਇੰਫਾਲ** : ਮਨੀਪੁਰ ਦੇ ਜੀਰੀਬਾਮ ਜ਼ਿਲ੍ਹੇ ਦੀ ਬੋਰੋਬੇਕੇਰਾ ਸਬ-ਡਵੀਜ਼ਨ ਦੇ ਜਕੁਰਾਡੋਰ ਕਰੋਂਗ 'ਚ ਸੋਮਵਾਰ ਸੀ ਆਰ ਪੀ ਐੱਫ ਨਾਲ ਮੁਕਾਬਲੇ 'ਚ 11 ਮਿਲੀਟੈਂਟ ਮਾਰੇ ਗਏ। ਦੋਸ਼ ਹੈ ਕਿ ਉਨ੍ਹਾਂ ਸੀ ਆਰ ਪੀ ਐੱਫ ਦੀ ਚੌਕੀ 'ਤੇ ਹਮਲਾ ਕੀਤਾ ਸੀ। ਦੋ ਜਵਾਨ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇਕ ਦੀ ਹਾਲਤ ਗੰਭੀਰ ਸੀ। ਮਿਲੀਟੈਂਟਾਂ ਨੇ ਫੌਜੀਆਂ ਵਰਗੀ ਵਰਦੀ ਪਾਈ ਹੋਈ ਸੀ। ਅਧਿਕਾਰੀਆਂ ਮੁਤਾਬਕ ਹਮਲੇ ਵੇਲੇ ਇਲਾਕੇ ਦੇ ਲੋਕ ਇੱਧਰ-ਉੱਧਰ ਭੱਜ ਗਏ। ਪੰਜ ਲੋਕਾਂ ਦੇ ਲਾਪਤਾ ਹੋਣ ਦੀ ਖਬਰ ਹੈ। ਜਾਂ ਤਾਂ ਉਨ੍ਹਾਂ ਨੂੰ ਮਿਲੀਟੈਂਟ ਲੈ ਗਏ ਜਾਂ ਉਹ ਕਿਤੇ ਲੁਕ ਗਏ।

ਸੋਮਵਾਰ ਹੀ ਮਨੀਪੁਰ ਦੇ ਯਾਈਂਗੰਗਪੋਕਪੀ ਇਲਾਕੇ 'ਚ ਝੋਨਾ ਵੱਢ ਰਹੇ ਕਿਸਾਨ ਨੂੰ ਮਿਲੀਟੈਂਟਾਂ ਨੇ ਪਹਾੜੀ ਤੋਂ ਗੋਲੀ ਮਾਰ ਕੇ ਮਾਰ ਦਿੱਤਾ। ਪੁਲਸ ਮੁਤਾਬਕ ਮਿਲੀਟੈਂਟ ਹੇਠਲੇ ਇਲਾਕਿਆਂ 'ਚ ਤਿੰਨ ਦਿਨਾਂ ਤੋਂ ਫਾਇਰਿੰਗ ਕਰ ਰਹੇ ਹਨ।

ਇੰਫਾਲ ਵਿੱਚ ਵਸੇ ਮੈਤੀਆਂ ਤੇ ਪਹਾੜਾਂ ਵਿੱਚ ਰਹਿੰਦੇ ਕੁੱਕੀਆਂ ਵਿਚਾਲੇ ਪਿਛਲੇ ਸਾਲ ਮਈ ਤੋਂ ਚੱਲ ਰਹੇ ਸੰਘਰਸ਼ 'ਚ ਹੁਣ ਤੱਕ 200 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਤੇ ਹਜ਼ਾਰਾਂ ਬੇਘਰ ਹੋ ਚੁੱਕੇ ਹਨ।

## ਨਵਾਂ ਪੁਲਸੀਆ ਢੰਗ



**ਬਰਹਮਪੁਰ (ਓਡੀਸ਼ਾ)** : ਐੱਸ ਪੀ ਬਰਹਮਪੁਰ ਸ਼ਰਾਵਣਾ ਵਿਵੇਕ ਦੀ ਹਾਲ ਹੀ 'ਚ ਇੱਕ ਸੋਸ਼ਲ ਮੀਡੀਆ ਪੋਸਟ ਵਾਇਰਲ ਹੋਈ ਹੈ, ਜਿਸ 'ਚ ਉਨ੍ਹਾ ਗੋਪਾਲਪੁਰ 'ਚ ਪਿਤਾ-ਪੁੱਤਰ ਨੂੰ ਕੁੱਟਣ ਦੇ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੇ ਚਿਹਰੇ ਢੱਕਣ ਲਈ ਇਮੋਜੀ ਦੀ ਵਰਤੋਂ ਕੀਤੀ ਹੈ। ਚਾਰ ਮੁਲਜ਼ਮਾਂ ਦੇ ਚਿਹਰੇ ਵੱਖ-ਵੱਖ ਭਾਵਨਾਵਾਂ ਨੂੰ ਦਰਸਾਉਂਦੀਆਂ ਇਮੋਜੀਆਂ ਨਾਲ ਢਕੇ ਹੋਏ ਹਨ। ਸ਼ੁੱਕਰਵਾਰ ਪਾਈ ਪੋਸਟ ਨੂੰ ਸੋਮਵਾਰ ਸਵੇਰ ਤੱਕ 13 ਲੱਖ ਵਿਊਜ਼ ਮਿਲ ਚੁੱਕੇ ਸਨ।

## ਪ੍ਰਜਵਲ ਰੇਵੰਨਾ ਦੀ ਨਹੀਂ ਹੋਈ ਜ਼ਮਾਨਤ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਜਬਰ-ਜ਼ਨਾਹ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਜੇ ਡੀ (ਐੱਸ) ਦੇ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਦੀ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ। ਜਸਟਿਸ ਬੇਲਾ ਐੱਮ ਤ੍ਰਿਵੇਦੀ ਅਤੇ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਪਟੀਸ਼ਨ ਰੱਦ ਕਰਦਿਆਂ ਕਿਹਾ ਕਿ ਰੇਵੰਨਾ ਬਹੁਤ ਪ੍ਰਭਾਵਸ਼ਾਲੀ ਵਿਅਕਤੀ ਹੈ। ਰੇਵੰਨਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਮਾਮਲੇ 'ਚ ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ ਅਤੇ ਸ਼ੁਰੂਆਤੀ ਸ਼ਿਕਾਇਤ 'ਚ ਆਈ ਪੀ ਸੀ ਦੀ ਧਾਰਾ 376 ਨਹੀਂ ਸੀ। ਬੈਂਚ ਨੇ ਕਿਹਾ ਕਿ ਉਹ ਕਰਨਾਟਕ ਹਾਈ ਕੋਰਟ ਦੇ 21 ਅਕਤੂਬਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਦੇ ਫੈਸਲੇ 'ਚ ਦਖਲ ਨਹੀਂ ਦੇ ਸਕਦੀ। ਰੋਹਤਗੀ ਨੇ ਛੇ ਮਹੀਨਿਆਂ ਬਾਅਦ ਅਦਾਲਤ ਦਾ ਰੁਖ ਕਰਨ ਦੀ ਆਜ਼ਾਦੀ ਮੰਗੀ, ਪਰ ਬੈਂਚ ਨੇ ਕਿਹਾ ਕਿ ਇਸ ਵੇਲੇ ਉਹ ਇਸ ਬਾਰੇ ਕੁਝ ਨਹੀਂ ਕਹਿ ਸਕਦੀ।







CMYK

## ਮੁਫਤ ਮੈਡੀਕਲ ਕੈਂਪ ਦੌਰਾਨ 250 ਮਰੀਜ਼ਾਂ ਦੀ ਮੈਡੀਕਲ ਜਾਂਚ ਤੇ ਮੁਫਤ ਦਵਾਈਆਂ ਵੰਡੀਆਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਗੁਰੂਦੁਆਰਾ ਸੰਤ ਦਰਬਾਰ ਪਿੰਡ ਬਲਬੇੜਾ ਅਤੇ ਮਾਡਰਨ ਲੈਬੋਰੇਟਰੀ ਸਨੌਰ ਦੇ ਮੁਖੀ ਸਮਾਜ ਸੇਵਕ ਮਨਜੀਤ ਸਿੰਘ ਚੌਹਾਨ ਵੱਲੋਂ ਪਿੰਡ ਬਲਬੇੜਾ ਵਿਖੇ ਸਮਾਜ ਸੇਵਾ ਦੇ ਤਹਿਤ ਮੁਫ਼ਤ ਮੈਡੀਕਲ ਚੈਕ-ਅੱਪ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਅਤੇ ਪੇਟ ਦੇ ਰੋਗਾਂ ਦੀ ਜਾਂਚ ਮੁਫ਼ਤ ਕੀਤੀ ਗਈ।ਇਸ ਮੌਕੇ ਮਾਹਿਰ ਡਾਕਟਰਾਂ ਦੀ ਟੀਮ, ਜਿਸ ਵਿੱਚ ਡਾ. ਰਾਜਵੀਰ ਕੌਰ (ਡੈਂਟਲ ਸਰਜਨ) ਅਤੇ ਡਾ. ਤਜਿੰਦਰ ਸਿੰਘ (ਜ਼ਖ਼ਮਾਂ ਦੇ ਮਾਹਿਰ) ਨੇ ਮਰੀਜ਼ਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ।ਕੈਂਪ ਦੌਰਾਨ 250 ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।ਇਸ ਮੈਡੀਕਲ ਕੈਂਪ ਵਿੱਚ ਸਮਾਜ ਸੇਵਕ ਮਨਜੀਤ ਸਿੰਘ ਚੌਹਾਨ ਦੇ ਨਾਲ ਬਾਬਾ ਲਖਵਿੰਦਰ ਸਿੰਘ ਬਲਬੇੜਾ, ਬਾਬਾ ਹਰਪਾਲ ਸਿੰਘ, ਬਾਬਾ ਮਨਪ੍ਰੀਤ ਸਿੰਘ, ਬਾਬਾ ਮੰਗਲ ਸਿੰਘ ਅਤੇ ਸੁਖਬੀਰ ਸਿੰਘ ਬਲਬੇੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਮਨਦੀਪ ਸਿੰਘ ਹਾਜੀਪੁਰ, ਵਿਕਰਮਜੀਤ ਸਿੰਘ ਰਾਜਾ, ਰਾਜਬੀਰ ਸਿੰਘ, ਗਗਨਦੀਪ, ਗੁਰਧਿਆਨ ਸਿੰਘ, ਹਰਮਨਦੀਪ ਸਿੰਘ, ਮਨਦੀਪ ਸਿੰਘ, ਨਿਰਮਲ ਸਿੰਘ, ਬਲਵਿੰਦਰ ਸਿੰਘ, ਗੁਰਜੀਤ ਸਿੰਘ ਅਤੇ ਪ੍ਰੇਮ ਸਿੰਘ ਨੇ ਵੀ ਕੈਂਪ ਵਿੱਚ ਭਾਗ ਲੈ ਕੇ ਆਪਣੀਆਂ ਸੇਵਾਵਾਂ ਦਿੱਤੀਆਂ।

## ਦੁੱਧ, ਖੋਆ, ਤੇਲ ਸਭ ਨਕਲੀ, ਕੀ ਬਣੂ ਪੰਜਾਬ ਦਾ

**ਮੂਨਕ (ਰਾਜਪਾਲ ਸਿੰਗਲਾ)**



ਆਦਰਸ਼ ਰਾਜਨੀਤਕ ਮੰਚ ਦੇ ਆਗੂ ਕੁਲਦੀਪ ਸਿੰਘ ਚੁਨਾਗਰਾ ਨੇ ਕਿਹਾ ਕਿ ਮਹਿੰਗਾਈ ਦੇ ਯੁੱਗ ਵਿੱਚ ਦੁੱਧ ਦੀ ਪੈਦਾਵਾਰ ਬਹੁਤ ਘੱਟ ਹੈ, ਪਰ ਦੁੱਧ ਤੋਂ ਬਨਣ ਵਾਲੇ ਖੋਆ, ਪਨੀਰ, ਦਹੀਂ, ਮੱਖਣ ਅਤੇ ਦੁੱਧ ਲੱਖਾਂ ਲੀਟਰਾਂ ਵਿੱਚ ਸਮੇਂ ਤੋਂ ਪਹਿਲਾਂ ਤਿਆਰ ਮਿਲ ਜਾਂਦਾ ਹੈ, ਕਿਉਂਕਿ ਦੋਧੀ ਪਾਣੀ ਦੇ ਵਿੱਚ ਹੀ ਕੈਮੀਕਲ ਮਿਲਾ ਕੇ ਲੱਖਾਂ ਲੀਟਰ ਦੁੱਧ ਤਿਆਰ ਕਰ ਦਿੰਦੇ ਹਨ।ਫਿਰ ਇਹ ਸਾਰਾ ਡੁਪਲੀਕੇਟ ਦੁੱਧ ਵੱਡੀ ਮਾਤਰਾ ਵਿੱਚ ਸਵੀਟ ਹਾਊਸ ਤੇ ਲੋਕਾਂ ਦੇ ਘਰਾਂ ਦੇ ਵਿੱਚ ਸਪਲਾਈ ਕੀਤਾ ਜਾਂਦਾ ਹੈ, ਜਦੋਂ ਕਿ ਇਸ ਨੂੰ ਰੋਕਣ ਦੇ ਲਈ ਫੂਡ ਸੇਫਟੀ ਵਿਭਾਗ ਨੂੰ ਚਾਹੀਦਾ ਹੈ ਕਿ ਦੁੱਧ ਦੀਆਂ ਡੇਅਰੀਆਂ ਵਿੱਚ ਬਿਨਾਂ ਕਿਸੇ ਸ਼ਿਕਾਇਤ ਤੋਂ ਦੁੱਧ ਅਤੇ ਦੁੱਧ ਤੋਂ ਬਣਨ ਵਾਲੀਆਂ ਵਸਤੂਆਂ ਦੀ ਚੈਕਿੰਗ ਕਰਨ ਦੀ ਲੋੜ ਹੈ।ਜੇਕਰ ਸਰਕਾਰ ਚਾਹੇ ਤਾਂ ਇੱਕ ਮਹੀਨੇ ਵਿੱਚ ਮਿਲਾਵਟ ਬੰਦ ਹੋ ਸਕਦੀ ਹੈ। ਪਹਿਲਾਂ ਦੋਸ਼ੀ ਨੂੰ ਵਾਰਨਿੰਗ ਦੇ ਕੇ ਛੱਡਿਆ ਜਾਵੇ। ਫਿਰ ਕਿਸੇ ਜ਼ਿੰਮੇਵਾਰ ਵਿਅਕਤੀ ਨੂੰ ਨਾਲ ਲੈ ਕੇ ਚੈਕਿੰਗ ਕੀਤੀ ਜਾਵੇ ਤੇ ਦੋਸ਼ੀ 'ਤੇ ਕਾਰਵਾਈ ਕੀਤੀ ਜਾਵੇ।ਸਮਾਜ ਸੇਵੀ ਆਗੂ ਮੋਹਿਤ ਸੈਣੀ ਮੂਨਕ ਨੇ ਕਿਹਾ ਕਿ ਜੇਕਰ ਸਵੀਟ ਹਾਊਸ ਦੀਆਂ ਗੱਲਾਂ ਕਰੀਏ ਤਾਂ ਉੱਥੇ ਜ਼ਿਆਦਾਤਰ ਦੋਧੀਆਂ ਦੇ ਵੱਲੋਂ ਡੁਪਲੀਕੇਟ ਤਿਆਰ ਕੀਤਾ ਦੁੱਧ, ਦਹੀਂ, ਮੱਖਣ, ਪਨੀਰ ਆਦਿ ਵਿੱਚ ਕੰਮ ਆਉਂਦਾ ਹੈ, ਕਿਉਂਕਿ ਇਹ ਦੁਕਾਨਦਾਰ ਨੂੰ ਘੱਟ ਰੇਟ ਵਿੱਚ ਮਿਲ ਜਾਂਦਾ ਹੈ, ਜਿਸ ਤੋਂ ਮਿਠਾਈਆਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ। ਕਈ ਵਾਰ ਇਨ੍ਹਾਂ ਸਵੀਟ ਹਾਊਸ ਨੂੰ ਵੱਡੇ-ਵੱਡੇ ਸਪਲਾਇਰਾਂ ਤੋਂ ਜ਼ਹਿਰੀਲੇ ਰੰਗਾਂ ਤੋਂ ਤਿਆਰ ਕੀਤੀਆਂ ਮਠਿਆਈਆਂ ਵੀ ਮਿਲ ਜਾਂਦੀਆਂ ਹਨ।ਇਨ੍ਹਾਂ ਦੁਕਾਨਾਂ 'ਤੇ ਹੱਦ ਤਾਂ ਉਦੋਂ ਹੋ ਜਾਂਦੀ ਹੈ, ਜਦੋਂ ਕਈ ਵਾਰੀ ਤਾਂ ਚਾਹ ਦਾ ਕੱਪ ਵੀ ਸਹੀ ਦੁੱਧ ਤੋਂ ਬਣਿਆ ਨਹੀਂ ਮਿਲਦਾ। ਸ਼ਹਿਰ ਦੇ ਵਾਸੀ ਰਾਜਿੰਦਰ ਸ਼ਰਮਾ ਨੇ ਕਿਹਾ ਕਿ ਖਾਣ ਵਾਲੇ ਤੇਲ ਅਤੇ ਦੇਸੀ ਘਿਓ ਵਰਗੇ ਸਮਾਨ ਮਿਲਾਵਟੀ ਤੱਤਾਂ ਦੇ ਨਾਲ ਬਣੇ ਆਮ ਮਿਲ ਜਾਂਦੇ ਹਨ।ਇਨ੍ਹਾਂ ਕਰਿਆਨਾ ਸਟੋਰਾਂ 'ਤੇ ਫੂਡ ਸੇਫਟੀ ਵਿਭਾਗ ਖਾਨਾਪੂਰਤੀ ਕਰਨ ਲਈ ਇਨ੍ਹਾਂ ਵਸਤੂਆਂ ਵੱਲ ਧਿਆਨ ਮਾਰਨ ਦੀ ਬਜਾਏ ਕਰਿਆਨਾ ਸਟੋਰ ਦੇ ਮਾਲਕ ਦੀ ਮਰਜ਼ੀ ਅਨੁਸਾਰ ਸੈਂਪਲ ਭਰ ਲੈਂਦੇ ਹਨ, ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਲੋਕਾਂ ਦੀ ਸਿਹਤ ਖਰਾਬ ਕਰਨ ਵਿੱਚ ਦਾਲ ਅੰਦਰ ਕਾਲਾ ਨਹੀਂ, ਸਗੋਂ ਪੂਰੀ ਦਾਲ਼ ਹੀ ਕਾਲੀ ਹੈ।

## ਦਿੱਲੀ ਸਰਕਾਰ ਪਟਾਕਿਆਂ 'ਤੇ ਮੁਕੰਮਲ ਰੋਕ ਬਾਰੇ 25 ਤੱਕ ਫੈਸਲਾ ਕਰੇ : ਸੁਪਰੀਮ ਕੋਰਟ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸੋਮਵਾਰ ਦਿੱਲੀ ਸਰਕਾਰ ਨੂੰ ਕਿਹਾ ਕਿ ਉਹ ਦਿੱਲੀ 'ਚ ਸਾਲ-ਭਰ ਪਟਾਕਿਆਂ 'ਤੇ ਪੱਕੀ ਪਾਬੰਦੀ ਬਾਰੇ 25 ਨਵੰਬਰ ਤੱਕ ਫੈਸਲਾ ਲਵੇ। ਜਸਟਿਸ ਅਭੈ ਓਕ ਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਦਿੱਲੀ ਸਰਕਾਰ ਨੂੰ ਕਿਹਾ—ਦਿੱਲੀ ਪੁਲਸ ਨੇ ਪਟਾਕਿਆਂ 'ਤੇ ਪਾਬੰਦੀਆਂ ਨੂੰ ਗੰਭੀਰਤਾ ਨਾਲ ਲਾਗੂ ਨਹੀਂ ਕੀਤਾ। ਦਿੱਲੀ ਦੇ ਪੁਲਸ ਕਮਿਸ਼ਨਰ ਪਟਾਕਿਆਂ 'ਤੇ ਪਾਬੰਦੀ ਲਾਉਣ ਲਈ ਸਪੈਸ਼ਲ ਸੈੱਲ ਬਣਾਉਣ ਤੇ ਦਿੱਲੀ ਸਰਕਾਰ ਪੱਕੀ ਪਾਬੰਦੀ ਬਾਰੇ 25 ਨਵੰਬਰ ਤੱਕ ਫੈਸਲਾ ਕਰੇ। ਬੈਂਚ ਨੇ ਕਿਹਾ ਕਿ ਕੋਈ ਵੀ ਧਰਮ ਅਜਿਹੀ ਕਿਸੇ ਸਰਗਰਮੀ ਨੂੰ ਹੱਲਾਸ਼ੇਰੀ ਨਹੀਂ ਦਿੰਦਾ, ਜਿਸ ਨਾਲ ਪ੍ਰਦੂਸ਼ਣ ਫੈਲਦਾ ਹੋਵੇ। ਜੇ ਇਸ ਤਰ੍ਹਾਂ ਪਟਾਕੇ ਚਲਾਏ ਜਾਂਦੇ ਹਨ ਤਾਂ ਇਸ ਨਾਲ ਨਾਗਰਿਕਾਂ ਦੇ ਸਿਹਤ ਦੇ ਬੁਨਿਆਦੀ ਹੱਕ 'ਤੇ ਅਸਰ ਪੈਂਦਾ ਹੈ। ਦਿੱਲੀ ਪੁਲਸ ਨੇ 14 ਅਕਤੂਬਰ ਨੂੰ ਪਟਾਕਿਆਂ 'ਤੇ ਲਾਈ ਪਾਬੰਦੀ ਨੂੰ ਗੰਭੀਰਤਾ ਨਾਲ ਲਾਗੂ ਨਹੀਂ ਕੀਤਾ। ਸਾਰੇ ਲਸੰਸਧਾਰਕਾਂ ਨੂੰ ਦੱਸਿਆ ਜਾਣਾ ਚਾਹੀਦਾ ਸੀ ਕਿ ਉਹ ਪਟਾਕਿਆਂ ਦੀ ਵਿਕਰੀ ਤੁਰੰਤ ਰੋਕ ਦੇਣ। ਪੁਲਸ ਕਮਿਸ਼ਨਰ ਯਕੀਨੀ ਬਣਾਉਣ ਕਿ ਪਟਾਕਿਆਂ 'ਤੇ ਪਾਬੰਦੀ ਪੂਰੇ ਸਾਲ ਲਈ ਲਾਗੂ ਕਰਨ ਲਈ ਸਾਰੇ ਥਾਣੇਦਾਰ ਜ਼ਿੰਮੇਵਾਰ ਹੋਣਗੇ।

## ਵਿਸਤਾਰਾ ਦੀ ਆਖਰੀ ਉਡਾਣ

**ਨਵੀਂ ਦਿੱਲੀ :** ਵਿਸਤਾਰਾ ਨੇ ਏਅਰ ਇੰਡੀਆ ਨਾਲ ਰਲੇਵੇਂ ਤੋਂ ਪਹਿਲਾਂ ਸੋਮਵਾਰ ਆਖਰੀ ਉਡਾਣ ਭਰੀ। ਵਿਸਤਾਰਾ ਦਾ ਟਾਟਾ ਗਰੁੱਪ ਅਤੇ ਸਿੰਗਾਪੁਰ ਏਅਰਲਾਈਨਜ਼ ਦੇ ਵਿਚਕਾਰ ਸਮਝੌਤੇ ਤਹਿਤ ਪੂਰੀ ਤਰ੍ਹਾਂ ਨਾਲ ਟਾਟਾ ਗਰੁੱਪ ਦੀ ਮਲਕੀਅਤ ਵਾਲੀ ਏਅਰ ਇੰਡੀਆ 'ਚ ਰਲੇਵਾਂ ਹੋ ਜਾਵੇਗਾ। ਵਿਸਤਾਰਾ ਦੇ ਰੂਟ ਅਤੇ ਸਮਾਂ-ਸਾਰਨੀ ਉਹੀ ਰਹੇਗੀ ਅਤੇ ਸੇਵਾਵਾਂ ਵੀ ਉਸੇ ਚਾਲਕ ਦਲ ਵੱਲੋਂ ਹੀ ਦਿੱਤੀਆਂ ਜਾਂਦੀਆਂ ਰਹਿਣਗੀਆਂ।

## ਅੱਜ-ਨਾਮਾ

ਫਿਰ ਤੋਂ ਛੇੜ ਲਈ ਚਰਚਾ ਨਵਜੋਤ ਸਿੱਧੂ,<br>
ਕਰਨੀ ਸਿਆਸਤ ਕਿ ਦੇਣੀ ਹੈ ਛੱਡ ਬੇਲੀ।<br>
ਸੋਸ਼ਲ ਮੀਡੀਆ ਉੱਤੇ ਇੱਕ ਪਾਈ ਪੋਸਟ,<br>
ਹੋਊਗਾ ਲੱਗਦਾ ਸਿਆਸਤ ਤੋਂ ਅੱਡ ਬੇਲੀ।<br>
ਧੂਮ-ਧੜੱਕੇ ਨਾਲ ਕਰੀ ਉਸ ਰਾਜ-ਨੀਤੀ,<br>
ਸਕਿਆ ਲੱਤ ਨਹੀਂ ਚੱਜ ਨਾਲ ਗੱਡ ਬੇਲੀ।<br>
ਅੰਤ ਨੂੰ ਜਾਪਦਾ ਲਿਆ ਹੈ ਸਮਝ ਉਸ ਨੇ,<br>
ਕੁਝ ਨਾ ਲਾਭ ਤੁੜਾਉਣ ਵਿੱਚ ਹੱਡ ਬੇਲੀ।<br>
ਜਾਂਦਾ ਈ ਜਾਪਦਾ ਫੇਰ ਤੋਂ ਫਿਲਮ ਨਗਰੀ,<br>
ਹੱਸੂ ਪਿਆ ਆਪ ਤੇ ਜਗਤ ਹਸਾਊ ਬੇਲੀ।<br>
ਦੂਸ਼ਣਬਾਜ਼ੀ ਦਾ ਜਾਊ ਫਿਰ ਛੁੱਟ ਖਹਿੜਾ,<br>
ਗਿਣ ਗਿਣ ਘੰਟੇ ਉਹ ਨੋਟ ਕਮਾਊ ਬੇਲੀ।

-ਤੀਸ ਮਾਰ ਖਾਂ

## ਪੰਜਾਬ 'ਚ ਬੇਰੁਜ਼ਗਾਰੀ ਤੇ ਨਸ਼ਿਆਂ ਦੇ ਦੈਂਤ ਨੂੰ ਨੱਥ ਪਾਵਾਂਗੇ : ਸੁਖਰਾਜ ਸਿੰਘ ਨਿਆਮੀਵਾਲਾ



**ਦੋਦਾ (ਵਕੀਲ ਬਰਾੜ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਚੋਣ ਲੜ ਰਹੇ ਸੁਖਰਾਜ ਸਿੰਘ ਨਿਆਮੀਵਾਲਾ ਵੱਲੋਂ ਹਲਕੇ ਦੇ ਦਰਜਨ ਪਿੰਡ ਵਿਚ ਆਪਣਾ ਚੋਣ ਪ੍ਰਚਾਰ ਕੀਤੀ ਤੇ ਦੋਦਾ ਵਿਖੇ ਬੋਲਦਿਆਂ ਉਨ੍ਹਾਂ ਕਿਹਾ ਕਿ ਤੁਸੀ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਕਦੇ 16 ਸਾਲ ਤੇ ਕਦੇ 13-13 ਸਾਲਾਂ ਲਈ ਵਿਧਾਇਕ ਬਣਾਇਆ ਹੈ। ਇਨ੍ਹਾਂ ਆਗੂਆਂ ਨੇ ਲੋਕਾਂ ਸਿਵਾਏ ਲਾਰਿਆਂ ਤੇ ਗੱਪਾਂ ਤੋਂ ਕੁੱਝ ਨਹੀਂ ਕੀਤਾ। ਇਹ ਹਲਕਾ ਅਜੇ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਪਿਆ ਹੈ। ਸੂਬੇ ਦੀਆਂ ਸਰਕਾਰਾਂ ਬੇਅਬਦੀ, ਕੋਟਕਪੂਰਾ, ਬਹਿਬਲ, ਬਰਗਾੜੀ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾ ਸਕੀਆਂ, ਸੂਬੇ ਵਿੱਚ ਬੇਰੁਜ਼ਗਾਰੀ, ਨਸ਼ੇ ਜੋਬਨ ਚੱਲ ਰਹੇ ਹਨ, ਲਾਅ ਐਂਡ ਆਰਡਰ ਦੀ ਸਥਿਤੀ ਨਾਜ਼ੁਕ ਬਣੀ ਹੋਈ ਹੈ। ਕੋਈ ਵੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਰਿਹਾ। ਦਿਨ ਦਿਹਾੜੇ ਲੁੱਟਾਂ ਤੇ ਕਤਲ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਅਪੀਲ ਕੀਤੀ ਉਹ ਆਉਣ ਵਾਲੀ 20 ਤਰੀਕ ਨੂੰ ਚੋਣ ਨਿਸ਼ਾਨ ਬਾਲਟੀ ਵਾਲਾ ਬਟਨ ਦਬਾ ਕੇ ਸਾਡੀ ਮੱਦਦ ਕੀਤੀ ਜਾਵੇ।

## ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨ ਨਾਮਜ਼ਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਵਿੱਚ ਵੱਖ-ਵੱਖ ਥਾਂਵਾਂ 'ਤੇ ਅਣਪਛਾਤੇ ਵਿਅਕਤੀਆਂ ਵੱਲੋਂ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਵਿੱਚ ਕਈ ਥਾਣਿਆਂ ਵੱਲੋਂ ਕਾਰਵਾਈ ਕੀਤੀ ਗਈ ਹੈ।

ਥਾਣਾ ਸਿਟੀ ਫ਼ਿਰੋਜ਼ਪੁਰ, ਥਾਣਾ ਸਦਰ ਫ਼ਿਰੋਜ਼ਪੁਰ, ਥਾਣਾ ਆਰਿਫ ਕੇ, ਥਾਣਾ ਮਮਦੋਟ, ਥਾਣਾ ਕੁੱਲਗੜ੍ਹੀ, ਥਾਣਾ ਮੱਲਾਂਵਾਲਾ ਅਤੇ ਤਲਵੰਡੀ ਭਾਈ ਵਿੱਚ 115 ਅਣਪਛਾਤੇ ਵਿਅਕਤੀਆਂ ਖਿਲਾਫ਼ 66 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਪੁਲਸ ਅਧਿਕਾਰੀਆਂ ਮੁਤਾਬਕ ਗਸ਼ਤ ਦੌਰਾਨ ਖਾਸ ਮੁਖ਼ਬਰਾਂ ਨੇ ਸੂਚਨਾ ਦਿੱਤੀ ਕਿ ਫਿਰੋਜ਼ਪੁਰ ਸ਼ਹਿਰ ਤੇ ਕਈ ਪਿੰਡਾਂ ਜਿਵੇਂ ਵਾਹਕੇ, ਹਬੀਬ ਕੇ, ਆਲੇ ਵਾਲਾ, ਭੱਦਰੂ, ਭਗਵਾਨਪੁਰਾ, ਕਟੋਰਾ, ਬਾਜੀਦਪੁਰ, ਲੋਹਗੜ੍ਹ ਆਦਿ ਵਿੱਚ ਕਿਸਾਨਾਂ ਨੇ ਖੇਤਾਂ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਾਈ ਹੈ।

ਘਟਨਾ ਦੇ ਨਤੀਜੇ ਵਜੋਂ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਪਰਾਲੀ ਸਾੜਨ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ ਤੇ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਭਗਤ ਸਿੰਘ ਦਾ ਅਪਮਾਨ ਅਸਹਿ, ਸਰਕਾਰ ਪਾਕਿ ਤੋਂ ਜਵਾਬ ਮੰਗੇ : ਕੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਪਾਕਿਸਤਾਨ ਦੇ ਲਾਹੌਰ 'ਚ ਭਗਤ ਸਿੰਘ ਦੇ ਨਾਂਅ 'ਤੇ ਇਕ ਚੌਕ ਦਾ ਨਾਂਅ ਰੱਖਣ ਦੀ ਤਜਵੀਜ਼ ਨੂੰ ਰੱਦ ਕਰਨ ਅਤੇ ਉਨ੍ਹਾਂ ਨੂੰ ਅੱਤਵਾਦੀ ਕਹਿਣ ਦੀ ਘਟਨਾ 'ਤੇ ਆਮ ਆਦਮੀ ਪਾਰਟੀ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। 'ਆਪ' ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪਾਕਿਸਤਾਨ ਦੀ ਪੰਜਾਬ ਸਰਕਾਰ ਦਾ ਇਹ ਫੈਸਲਾ ਅਤਿ ਨਿੰਦਣਯੋਗ ਹੈ। ਅਸੀਂ ਭਗਤ ਸਿੰਘ ਦਾ ਅਪਮਾਨ ਬਰਦਾਸ਼ਤ ਨਹੀਂ ਕਰਾਂਗੇ। ਭਾਰਤ ਸਰਕਾਰ ਨੂੰ ਇਸ ਮਾਮਲੇ ਵਿੱਚ ਦਖਲ ਦੇ ਕੇ ਪਾਕਿਸਤਾਨ ਤੋਂ ਜਵਾਬ ਮੰਗਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਜੇਕਰ ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਭਗਤ ਸਿੰਘ ਦਾ ਅਪਮਾਨ ਹੁੰਦਾ ਹੈ ਤਾਂ ਆਮ ਆਦਮੀ ਪਾਰਟੀ ਇਸ ਦਾ ਡਟ ਕੇ ਵਿਰੋਧ ਕਰੇਗੀ। ਅਸੀਂ ਭਗਤ ਸਿੰਘ ਅਤੇ ਅੰਬੇਡਕਰ ਦੀ ਸੋਚ 'ਤੇ ਚੱਲਣ ਵਾਲੇ ਲੋਕ ਹਾਂ।ਉਨ੍ਹਾਂ ਦੀ ਸੋਚ ਸਾਡਾ ਮੂਲ ਸਿਧਾਂਤ ਹੈ। ਪ੍ਰੈੱਸ ਕਾਨਫਰੰਸ ਵਿੱਚ 'ਆਪ' ਪੰਜਾਬ ਦੇ ਸਕੱਤਰ ਅਤੇ ਮਾਰਕਫੈੱਡ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ ਵੀ ਮੌਜੂਦ ਸਨ।

ਉਨ੍ਹਾ ਕਿਹਾ ਕਿ ਪਾਕਿਸਤਾਨ ਨੂੰ ਸੋਚਣਾ ਚਾਹੀਦਾ ਹੈ ਕਿ ਜਦੋਂ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ, ਉਸ ਸਮੇਂ ਦੇਸ਼ ਦੀ ਵੰਡ ਨਹੀਂ ਹੋਈ ਸੀ। ਉਸ ਸਮੇਂ ਇਹ ਮੁੱਦਾ ਨਹੀਂ ਸੀ ਕਿ ਭਗਤ ਸਿੰਘ ਭਾਰਤ ਦੇ ਹਨ ਜਾਂ ਪਾਕਿਸਤਾਨ ਦੇ। ਉਦੋਂ ਮਸਲਾ ਸਿਰਫ 200 ਸਾਲਾਂ ਤੋਂ ਭਾਰਤ 'ਤੇ ਰਾਜ ਕਰ ਰਹੇ ਅੰਗਰੇਜ਼ੀ ਸ਼ਾਸਨ ਤੋਂ ਆਜ਼ਾਦੀ ਪ੍ਰਾਪਤ ਕਰਨ ਦਾ ਸੀ।ਕੰਗ ਨੇ ਕਿਹਾ ਕਿ ਜਦੋਂ ਭਗਤ ਸਿੰਘ ਨੇ ਅਸੈਂਬਲੀ ਵਿੱਚ ਬੰਬ ਸੁੱਟਿਆ ਸੀ ਤਾਂ ਉਨ੍ਹਾਂ ਦਾ ਮਕਸਦ ਕਿਸੇ ਦੀ ਜਾਨ-ਮਾਲ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸੀ, ਸਗੋਂ ਸੁੱਤੀ ਪਈ ਅੰਗਰੇਜ਼ ਸਰਕਾਰ ਨੂੰ ਜਗਾਉਣਾ ਸੀ, ਜੋ ਸਾਡੇ 'ਤੇ ਜ਼ੁਲਮ ਕਰ ਰਹੀ ਸੀ ਅਤੇ ਲੋਕਾਂ ਨੂੰ ਗੁਲਾਮ ਬਣਾ ਰਹੀ ਸੀ। ਪਾਕਿਸਤਾਨ ਨੂੰ ਉਨ੍ਹਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਅਸੀਂ ਪਾਕਿਸਤਾਨ ਦੀ ਪੰਜਾਬ ਸਰਕਾਰ ਦੀ ਇਸ ਟਿੱਪਣੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ।

ਕੰਗ ਨੇ ਕਿਹਾ ਕਿ ਇਸ ਮਾਮਲੇ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਪਾਕਿਸਤਾਨ ਦੇ ਪੰਜਾਬ ਦੀ ਸਰਕਾਰ ਦੇ ਸਹਾਇਕ ਐਡਵੋਕੇਟ ਜਨਰਲ ਅਸਗਰ ਲਘਾਰੀ ਨੇ ਲਾਹੌਰ ਮੈਟਰੋਪੋਲੀਟਨ ਕਾਰਪੋਰੇਸ਼ਨ ਦੀ ਤਰਫੋਂ ਹਾਈ ਕੋਰਟ ਦੇ ਰਿਕਾਰਡ ਵਿੱਚ ਉਪਰੋਕਤ ਗੱਲਾਂ ਕਹੀਆਂ ਹਨ। ਉਨ੍ਹਾ ਕਿਹਾ ਕਿ ਮੈਂ ਉੱਥੋਂ ਦੀ ਹਾਈ ਕੋਰਟ ਨੂੰ ਵੀ ਬੇਨਤੀ ਕਰਦਾ ਹਾਂ ਕਿ ਉਹ ਇਸ ਟਿੱਪਣੀ ਨੂੰ ਆਪਣੇ ਰਿਕਾਰਡ ਵਿੱਚੋਂ ਹਟਾ ਦੇਵੇ ਤਾਂ ਜੋ ਭਵਿੱਖ ਵਿੱਚ ਸ਼ਹੀਦ ਭਗਤ ਸਿੰਘ ਬਾਰੇ ਇਹ ਮਾੜੀ ਗੱਲ ਕਿਤੇ ਵੀ ਨਾ ਵਰਤੀ ਜਾ ਸਕੇ। ਕੰਗ ਨੇ ਕਿਹਾ ਕਿ ਲਾਹੌਰ ਦੀ ਸ਼ਹੀਦ-ਏ-ਆਜ਼ਮ ਵੈੱਲਫੇਅਰ ਸੁਸਾਇਟੀ ਪਿਛਲੇ ਕਈ ਸਾਲਾਂ ਤੋਂ ਇਹ ਲੜਾਈ ਲੜ ਰਹੀ ਹੈ। ਉਨ੍ਹਾ ਦੀ ਇਹ ਮੰਗ ਬਿਲਕੁਲ ਜਾਇਜ਼ ਹੈ ਕਿ ਸ਼ਾਦਮਾਨ ਚੌਂਕ ਦਾ ਨਾਂਅ ਬਦਲ ਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਚੌਕ ਰੱਖਿਆ ਜਾਵੇ, ਕਿਉਂਕਿ ਭਗਤ ਸਿੰਘ ਲਾਹੌਰ ਵਿਚ ਪੜ੍ਹੇ ਸੀ ਅਤੇ ਉਥੇ ਹੀ ਜੇਲ੍ਹ ਵਿਚ ਰਹੇ ਸੀ। ਚੌਕ ਦਾ ਨਾਂਅ ਉਨ੍ਹਾਂ ਦੇ ਨਾਂਅ 'ਤੇ ਰੱਖਿਆ ਜਾਵੇ ਅਤੇ ਉਨ੍ਹਾਂ ਦਾ ਬੁੱਤ ਵੀ ਉੱਥੇ ਲਾਇਆ ਜਾਵੇ।

## ਵਿਸ਼ੇਸ਼ ਸਪਲੀਮੈਂਟ



ਪ੍ਰਦੀਪ ਸੱਪਲ<br>
ਲੌਂਗੋਵਾਲ<br>
94648-60465



ਕੁਲਦੀਪ ਅੱਤਰੀ<br>
ਲੌਂਗੋਵਾਲ<br>
94648-60465

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ

## ਪੁਲਸ ਵੱਲੋਂ 50 ਗ੍ਰਾਮ ਹੈਰੋਇਨ ਸਮੇਤ ਦੋ ਨੌਜਵਾਨ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਸਦਰ ਪੁਲਿਸ ਨੇ ਹੈਰੋਇਨ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪੁਲਸ ਪਾਰਟੀ ਵੱਲੋਂ ਪਿੰਡ ਮਲੋਟ ਨਜ਼ਦੀਕ ਨਾਕਾਬੰਦੀ ਕਰਦੇ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਮਲੋਟ ਦੇ ਵੱਲੋਂ ਇੱਕ ਮੋਟਰਸਾਈਕਲ ਆਇਆ, ਜਿਸ 'ਤੇ ਦੋ ਮੋਨੇ ਨੌਜਵਾਨ ਸਵਾਰ ਸਨ, ਜੋ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਮੋਟਰਸਾਈਕਲ ਨੂੰ ਪਿੱਛੇ ਮੋੜਣ ਲੱਗੇ ਤਾਂ ਮੋਟਰਸਾਈਕਲ ਬੰਦ ਹੋ ਗਿਆ ਤਾਂ ਪੁਲਸ ਪਾਰਟੀ ਨੇ ਉਕਤ ਨੌਜਵਾਨਾਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਤਾਂ ਉਨ੍ਹਾਂ ਆਪਣਾ ਨਾਂਅ ਸੁਨੀਲ ਅਤੇ ਵਾਰਸ ਵਾਸੀ ਸ਼ੇਰ ਖਾਂ (ਫਿਰੋਜ਼ਪੁਰ) ਦੱਸਿਆ। ਪੁਲਸ ਨੂੰ ਉਨ੍ਹਾਂ ਕੋਲੋਂ ਇੱਕ ਮੋਮੀ ਲਿਫ਼ਾਫਾ ਬਰਾਮਦ ਹੋਇਆ, ਜਿਸ ਦੀ ਜਾਂਚ ਉਪਰੰਤ ਉਸ 'ਚੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਉਕਤ ਨੌਜਵਾਨਾਂ 'ਤੇ ਮੁਕੱਦਮਾ ਨੰ.125 ਧਾਰਾ 21ਬੀ/61/85 ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵੱਲੋਂ ਲਾਇਆ ਗਿਆ ਦੋ ਰੋਜ਼ਾ ਧਾਰਮਿਕ ਟੂਰ



**ਬਠਿੰਡਾ (ਰਾਜੀਵ ਗੋਇਲ)**-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦੇ ਬੱਚਿਆਂ ਵੱਲੋਂ ਦੋ ਰੋਜ਼ਾ ਧਾਰਮਿਕ ਟੂਰ ਲਾਇਆ ਗਿਆ ਹੈ, ਜਿਸ ਨੂੰ ਸਕੂਲ ਦੇ ਚੇਅਰਮੈਨ ਭੂਮੀ ਪਾਲ ਕਾਂਗੜ ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਸਕੂਲ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਗੁਰਦੁਆਰਾ ਮਸਤੂਆਣਾ ਸਾਹਿਬ, ਪ੍ਰਮੇਸ਼ਰ ਦੁਆਰ ਪਟਿਆਲਾ, ਕਾਲੀ ਮਾਤਾ ਮੰਦਰ, ਗੁਰਦੁਆਰਾ ਦੁੱਖ ਨਿਵਾਰਣ ਸਾਹਿਬ, ਗੁਰਦੁਆਰਾ ਜੋਤੀ ਸਰੂਪ, ਫ਼ਤਿਹਗੜ੍ਹ ਸਾਹਿਬ, ਸਰਹਿੰਦ, ਗੁਰਦੁਆਰਾ ਭੱਠਾ ਸਾਹਿਬ, ਗੁਰਦੁਆਰਾ ਪਰਵਾਰ ਵਿਛੋੜਾ, ਨੈਨਾ ਦੇਵੀ ਮੰਦਰ, ਵਿਰਾਸਤ-ਏ-ਖਾਲਸਾ, ਗੁਰਦੁਆਰਾ ਬਾਬਾ ਗੁਰਦਿੱਤ ਜੀ, ਬਾਬਾ ਬੁੱਢਣ ਸ਼ਾਹ ਜੀ, ਦਾਸਤਾਨ-ਏ-ਸ਼ਹਾਦਤ ਅਤੇ ਗੁਰਦੁਆਰਾ ਟਾਹਲੀ ਸਾਹਿਬ ਆਦਿ ਸਥਾਨਾਂ ਦੇ ਦਰਸ਼ਨ ਕੀਤੇ। ਧਾਰਮਿਕ ਸਥਾਨਾਂ ਦੀ ਇਤਿਹਾਸਕ ਮਹੱਤਤਾ ਤੋਂ ਬੱਚਿਆਂ ਨੂੰ ਜਾਣੂ ਕਰਾਇਆ ਗਿਆ। ਇਹ ਧਾਰਮਿਕ ਟੂਰ ਬੱਚਿਆਂ ਲਈ ਵਧੇਰੇ ਉਪਯੋਗੀ ਸਿੱਧ ਹੋਇਆ।

## ਡੱਬਾ ਵਪਾਰ ਰਾਹੀਂ ਟੈਕਸਾਂ ਦੀ ਲੁੱਟ ਕਰਨ ਵਾਲੇ ਗਰੋਹ ਦਾ ਪਰਦਾ ਫਾਸ਼, ਪੰਜ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**

ਟੈਕਸਾਂ ਦੀ ਚੋਰੀ ਨੂੰ ਰੋਕਣ ਦੇ ਉਦੇਸ਼ ਨਾਲ ਇੱਕ ਵੱਡੀ ਕਾਰਵਾਈ ਕਰਦਿਆਂ, ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਵਿੱਚ ਜਲੰਧਰ ਕਮਿਸ਼ਨਰੇਟ ਪੁਲਸ ਨੇ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਡੱਬਾ ਵਪਾਰ ਵਿੱਚ ਸ਼ਾਮਲ ਇੱਕ ਸ਼ੱਕੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ।ਹੋਰ ਵੇਰਵਿਆਂ ਦਾ ਖੁਲਾਸਾ ਕਰਦੇ ਹੋਏ ਪੁਲਸ ਕਮਿਸ਼ਨਰ ਨੇ ਕਿਹਾ ਕਿ ਡੱਬਾ ਵਪਾਰ ਦਾ ਇੱਕ ਗੈਰ-ਨਿਯੰਤ੍ਰਿਤ, ਗੈਰ-ਕਾਨੂੰਨੀ ਰੂਪ ਹੈ ਜਿਸ ਵਿੱਚ ਪ੍ਰਤੀਭੂਤੀਆਂ ਵਿੱਚ ਲੈਣ-ਦੇਣ ਕਿਸੇ ਅਧਿਕਾਰਤ ਸੇਬੀ ਦੁਆਰਾ ਮਾਨਤਾ ਪ੍ਰਾਪਤ ਸਟਾਕ ਐਕਸਚੇਂਜ ਦੁਆਰਾ ਨਹੀਂ ਕੀਤਾ ਜਾਂਦਾ ਹੈ ਅਤੇ ਡੱਬਾ ਅਪਰੇਟਰ ਦੁਆਰਾ ਅੰਦਰੂਨੀ ਤੌਰ'ਤੇ ਸਟਾਕ ਐਕਸਚੇਂਜਾਂ ਅਤੇ ਰੈਗੂਲੇਟਰੀ ਨਿਗਰਾਨੀ ਤੇ ਨਿਪਟਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਦੋਸ਼ੀ ਨੇ ਗਾਹਕਾਂ ਦੇ ਫੋਨਾਂ 'ਤੇ ਏਪੀਕੇ ਫਾਈਲਾਂ ਸਥਾਪਿਤ ਕੀਤੀਆਂ, ਜਿੱਥੋਂ ਗਾਹਕ ਵਸਤੂਆਂ ਦੀ ਖਰੀਦ-ਵੇਚ ਕਰ ਸਕਦੇ ਸਨ ਅਤੇ ਇਹ ਲੈਣ-ਦੇਣ ਰਿਕਾਰਡ ਨਹੀਂ ਕੀਤੇ ਗਏ ਕਿਉਂਕਿ ਨਿਵੇਸ਼ਕਾਂ ਨੂੰ ਧੋਖਾਧੜੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਉਹ ਸਰਕਾਰੀ ਟੈਕਸ ਵੀ ਚੋਰੀ ਕਰਦੇ ਸਨ।ਸਵਪਨ ਸ਼ਰਮਾ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਜਤੀਸ਼ ਅਰੋੜਾ (ਉਰਫ਼ ਗੋਰੀ) ਪੁੱਤਰ ਹਰੀਸ਼ ਚੰਦਰ ਵਾਸੀ ਮੁਹੱਲਾ ਨੰਬਰ 30, ਫਰੈਂਡਜ਼ ਕਲੋਨੀ, ਜਲੰਧਰ, ਕਰਨ ਡੋਗਰਾ (ਉਰਫ਼ ਕਰਨ) ਪੁੱਤਰ ਪ੍ਰਤਾਪ ਚੰਦ ਵਜੋਂ ਹੋਈ ਹੈ।ਐੱਚ. 238, ਕਾਲੀਆ ਕਲੋਨੀ, ਫੇਜ਼-2, ਜਲੰਧਰ,ਅਨਿਲ ਆਨੰਦ (ਉਰਫ਼ ਮੋਨੂੰ) ਪੁੱਤਰ ਅਜੈ ਆਨੰਦ ਵਾਸੀ ਕਿਲਾ ਮੁਹੱਲਾ, ਜਲੰਧਰ, ਦਰਪਨ ਸੇਠ (ਉਰਫ਼ ਰਿੰਕੂ ਸੇਠ) ਪੁੱਤਰ ਹਰੀਸ਼ ਸੇਠ ਵਾਸੀ 129, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਨੇੜੇ ਟੈਗੋਰ ਹਸਪਤਾਲ, ਜਲੰਧਰ ਅਤੇ ਤਰੁਣ ਭਾਰਦਵਾਜ (ਉਰਫ਼ ਕੰਨੂ) ਪੁੱਤਰ ਰਾਕੇਸ਼ ਭਾਰਦਵਾਜ ਵਾਸੀ 357ਏ, ਵੀਨਸ ਵੈਲੀ, ਕਾਲੀਆ ਕਲੋਨੀ।ਇਸ ਕੇਸ ਵਿੱਚ ਗੁਰਦਿਆਲ ਸਿੰਘ ਉਰਫ਼ ਰਾਜੂ ਵਾਸੀ ਜਲੰਧਰ ਅਤੇ ਮੰਗਲ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਕਮਿਸ਼ਨਰੇਟ ਪੁਲਸ ਨੂੰ ਸਾਈ ਸ਼ੇਅਰ ਬ੍ਰੋਕਰ ਦੇ ਨਾਂ ਹੇਠ ਨਾਜਾਇਜ਼ ਡੱਬਾ ਵਪਾਰ ਕਰਨ ਦੀ ਸੂਚਨਾ ਮਿਲੀ ਸੀ।ਸਕਿਓਰਿਟੀਜ਼ ਕੰਟਰੈਕਟ (ਰੈਗੂਲੇਸ਼ਨ) ਐਕਟ ਨੂੰ ਸ਼ਾਮਲ ਕਰਦੇ ਹੋਏ ਪੀਐਸ ਡਵੀਜ਼ਨ-1, ਜਲੰਧਰ ਵਿਖੇ ਇੱਕ ਐਫਆਈਆਰ ਦਰਜ ਕੀਤੀ ਗਈ ਸੀ।ਗਰੋਹ ਦੇ ਸਰਗਨਾ ਜਤੀਸ਼ ਅਰੋੜਾ ਨੇ 2019 ਵਿੱਚ ਦਾਣਾ ਮੰਡੀ, ਜਲੰਧਰ ਵਿੱਚ ਸਥਿਤ ਬੀਅਰ ਬਲਦ ਦੇ ਦਫ਼ਤਰ ਤੋਂ ਸਟਾਕ ਮਾਰਕੀਟ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਸੀ।ਉਸਨੇ ਕਿਹਾ ਕਿ ਤਿੰਨ ਸਾਲਾਂ ਬਾਅਦ ਉਸ ਨੇ ਆਪਣੀ ਗੈਰ-ਰਜਿਸਟਰਡ ਦੁਕਾਨ, ਸਾਈ ਸ਼ੇਅਰ ਬ੍ਰੋਕਰ ਖੋਲ੍ਹੀ ਅਤੇ ਏਂਜਲ ਬ੍ਰੋਕਿੰਗ ਐਪ ਰਾਹੀਂ ਡੱਬਾ ਵਪਾਰ ਸ਼ੁਰੂ ਕੀਤਾ। ਉਸ ਨੇ ਹੋਰ ਗਾਹਕਾਂ ਨੂੰ ਜੋੜ ਕੇ ਅਤੇ ਸਟਾਕ ਟਿਪਸ ਦੀ ਪੇਸ਼ਕਸ਼ ਕਰਕੇ ਲਾਭ ਪ੍ਰਾਪਤ ਕੀਤਾ, ਇਹ ਸਭ ਬਿਨਾਂ ਕਿਸੇ ਲਾਇਸੈਂਸ ਦੇ ਕੀਤਾ। ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।




## ਟਰੰਪ-ਪੁਤਿਨ ਗੱਲਬਾਤ ਬਾਰੇ ਭੰਬਲਭੂਸਾ

**ਮਾਸਕੋ :** ਰੂਸ ਨੇ ਸੋਮਵਾਰ ਅਮਰੀਕੀ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਦਾ ਜ਼ੋਰਦਾਰ ਖੰਡਨ ਕੀਤਾ, ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਸੀ ਕਿ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪਿਛਲੇ ਹਫਤੇ ਹੋਈ ਟਰੰਪ ਦੀ ਜਿੱਤ ਤੋਂ ਬਾਅਦ ਫੋਨ 'ਤੇ ਗੱਲਬਾਤ ਕੀਤੀ ਹੈ। ਕ੍ਰੈਮਲਿਨ ਦੇ ਤਰਜਮਾਨ ਦਮਿਤਰੀ ਪੇਸ਼ਕੋਵ ਨੇ ਕਿਹਾ—ਕੋਈ ਗੱਲਬਾਤ ਨਹੀਂ ਹੋਈ। ਇਹ ਪੂਰੀ ਤਰ੍ਹਾਂ ਝੂਠ ਹੈ, ਕੋਰੀ ਕਲਪਨਾ ਹੈ। ਇੱਕ ਪ੍ਰਮੁੱਖ ਅਮਰੀਕੀ ਅਖ਼ਬਾਰ ਨੇ ਐਤਵਾਰ ਦੇਰ ਰਾਤ ਰਿਪੋਰਟ ਦਿੱਤੀ ਕਿ ਟਰੰਪ ਨੇ ਫਲੋਰਿਡਾ ਸਥਿਤ ਆਪਣੇ ਅਸਟੇਟ ਤੋਂ ਪੁਤਿਨ ਨੂੰ ਕਾਲ ਕਰਕੇ ਯੂਕਰੇਨ 'ਚ ਚੱਲ ਰਹੀ ਜੰਗ ਨੂੰ ਅੱਗੇ ਵਧਾਉਣ ਤੋਂ ਵਰਜਿਆ ਸੀ। ਟਰੰਪ ਨੇ ਤਣਾਅ ਘਟਾਉਣ ਅਤੇ ਫਰਵਰੀ 2022 ਵਿਚ ਸ਼ੁਰੂ ਹੋਈ ਜੰਗ ਨੂੰ ਸੁਲਝਾਉਣ ਲਈ ਮਾਸਕੋ ਨਾਲ ਹੋਰ ਗੱਲਬਾਤ ਕਰਨ ਵਿਚ ਵੀ ਦਿਲਚਸਪੀ ਦਿਖਾਈ। ਟਰੰਪ ਨੇ ਪੁਤਿਨ ਨੂੰ ਇਹ ਵੀ ਚੇਤੇ ਕਰਾਇਆ ਕਿ ਯੂਰਪ 'ਚ ਭਾਰੀ ਅਮਰੀਕੀ ਫੌਜ ਦੀ ਮੌਜੂਦਗੀ ਹੈ ਤੇ ਰੂਸ ਨੂੰ ਜੰਗ ਨੂੰ ਹੋਰ ਵਧਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

## ਕਿਸਾਨਾਂ ਨੂੰ 2500 ਕਰੋੜ ਦੇ ਕਰੀਬ ਅਦਾਇਗੀ ਕੀਤੀ ਜਾ ਚੁੱਕੀ : ਡਾ. ਪ੍ਰੀਤੀ ਯਾਦਵ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਪਟਿਆਲਾ ਜ਼ਿਲ੍ਹੇ ਅੰਦਰ ਝੋਨੇ ਦੀ ਕੱਟਾਈ 99 ਫ਼ੀਸਦੀ ਹੋ ਚੁੱਕੀ ਹੈ ਤੇ ਜ਼ਿਲ੍ਹੇ ਅੰਦਰ ਮੰਡੀਆਂ ਵਿੱਚ ਝੋਨੇ ਦੀ ਆਮਦ 'ਚ ਵੀ ਮੁਕੰਮਲ ਹੋਣ ਨੇੜੇ ਹੈ। ਉਨ੍ਹਾਂ ਨੇ ਅੱਜ ਏਡੀਸੀ ਨਵਰੀਤ ਕੌਰ ਸੇਖੋਂ, ਸਮੂਹ ਐਸਡੀਐਮਜ਼, ਖੇਤੀਬਾੜੀ, ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗਾਂ, ਮੰਡੀ ਬੋਰਡ ਤੇ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨਾਲ ਬੈਠਕ ਕਰਦਿਆਂ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਅਣ-ਅਧਿਕਾਰਤ ਆਮਦ ਨੂੰ ਰੋਕਣ ਲਈ 24 ਘੰਟੇ ਨਿਗਰਾਨੀ ਰੱਖੀ ਜਾਵੇ।ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਅੰਦਰ 2 ਲੱਖ 33 ਹੈਕਟੇਅਰ ਦੇ ਕਰੀਬ ਰਕਬਾ ਝੋਨੇ ਦੇ ਹੇਠ ਸੀ, ਜਿਸ ਵਿੱਚੋਂ 99 ਫੀਸਦੀ ਦੇ ਕਰੀਬ ਝੋਨੇ ਦੀ ਫ਼ਸਲ ਦੀ ਕੱਟਾਈ ਕਰ ਲਈ ਗਈ ਹੈ, ਜਿਸ ਕਰਕੇ ਝੋਨੇ ਦੀ ਮੰਡੀਆਂ ਵਿੱਚ ਆਮਦ ਵੀ ਮੁਕੰਮਲ ਹੋਣ ਦੇ ਨੇੜੇ ਹੈ।ਉਨ੍ਹਾਂ ਨੇ ਝੋਨੇ ਦੀ ਖਰੀਦ ਤੇ ਲਿਫਟਿੰਗ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਮੰਡੀਆਂ 'ਚੋਂ ਖ੍ਰੀਦੋ ਝੋਨ ਦੀਂ 80 ਫੀਸਦੀ ਲਿਫਟਿੰਗ ਹੋ ਚੁਕੀ ਹੈ। ਉਨ੍ਹਾਂ ਕਿਹਾ ਕਿ 11 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਮੰਡੀਆਂ ਵਿੱਚੋਂ ਹੋ ਚੁੱਕੀ ਹੈ ਤੇ ਸਾਰੇ ਝੋਨੇ ਦੀ ਖਰੀਦ ਕਰਕੇ ਕਿਸਾਨਾਂ ਨੂੰ 2500 ਕਰੋੜ ਦੇ ਕਰੀਬ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਮੰਡੀ ਬੋਰਡ ਵੱਲੋਂ ਫੜੇ ਗਏ ਅਣਅਧਿਕਾਰਤ ਝੋਨੇ ਦੇ ਟਰੱਕ ਬਾਬਤ ਪੁਲਿਸ ਕੇਸ ਦਰਜ ਹੋ ਚੁੱਕਾ ਹੈ, ਇਸ ਲਈ ਜੇਕਰ ਕੋਈ ਵੀ ਗੱਡੀ ਜਾਂ ਕੋਈ ਹੋਰ ਵਾਹਨ ਅਜਿਹਾ ਅਣਅਧਿਕਾਰਤ ਝੋਨਾ ਪਟਿਆਲਾ ਜ਼ਿਲ੍ਹੇ ਦੀ ਹੱਦ ਅੰਦਰ ਦਾਖਲ ਹੁੰਦਾ ਹੈ ਤਾਂ ਉਸਦੀ ਤੁਰੰਤ ਚੈਕਿੰਗ ਕਰਕੇ ਕਾਰਵਾਈ ਕੀਤੀ ਜਾਵੇ।ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਡਾ. ਰੂਪਪ੍ਰੀਤ ਕੌਰ, ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਤੇ ਏ.ਈ.ਓ. ਰਵਿੰਦਰਪਾਲ ਸਿੰਘ ਚੱਠਾ ਵੀ ਮੌਜੂਦ ਸਨ।

## ਸੀ ਟੀ 'ਵਰਸਿਟੀ ਨੇ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਕੀਤਾ ਸਨਮਾਨਤ

**ਜਗਰਾਉਂ (ਸੰਜੀਵ ਅਰੋੜਾ)**-ਸੀਟੀ ਯੂਨੀਵਰਸਿਟੀ ਨੇ ਹਾਲ ਹੀ ਵਿੱਚ ਪਰਾਲੀ ਨਾ ਸਾੜਨ ਲਈ ਕਿਸਾਨਾਂ ਦੇ ਇੱਕ ਸਮੂਹ ਨੂੰ ਸਨਮਾਨਤ ਕੀਤਾ। ਖੇਤਰ ਦੇ ਵੱਖ-ਵੱਖ ਪਿੰਡਾਂ ਤੋਂ ਆਏ ਇਨ੍ਹਾਂ ਕਿਸਾਨਾਂ ਨੇ ਪਰਾਲੀ ਨੂੰ ਸਾੜਨ ਦੇ ਰਵਾਇਤੀ ਤਰੀਕੇ ਤੋਂ ਬਚਣ ਦਾ ਬੀੜਾ ਚੁੱਕਿਆ ਹੈ, ਜੋ ਹਵਾ ਪ੍ਰਦੂਸ਼ਣ ਵਿੱਚ ਵੱਡਾ ਯੋਗਦਾਨ ਪਾਉਂਦਾ ਹੈ। ਸਨਮਾਨਤ ਹੋਣ ਵਾਲੇ ਕਿਸਾਨਾਂ ਵਿੱਚ ਚੌਂਕੀਮਾਨ ਤੋਂ ਗੁਰਪ੍ਰੀਤ ਸਿੰਘ ਤੇ ਜਸਪ੍ਰੀਤ ਸਿੰਘ, ਗੁਰਹਿ ਤੋਂ ਨਰਿੰਦਰਪਾਲ ਸਿੰਘ, ਮਲਵਿੰਦਰ ਸਿੰਘ ਤੇ ਜਸਵੰਤ ਸਿੰਘ, ਸਵੱਦੀ ਤੋਂ ਸੋਨੀ ਸਿੱਧੂ, ਲਾਲ ਸਿੰਘ ਤੇ ਅਮਨਾ ਤੂਰ, ਮਲਕ ਤੋਂ ਗੁਰਪ੍ਰਤਾਪ ਸਿੰਘ, ਮਾਣੂੰਕੇ ਤੋਂ ਰਮਿੰਦਰਦੀਪ ਸਿੰਘ, ਬਰਸਾਲ ਤੋਂ ਜਸ਼ਨਪ੍ਰੀਤ ਸਿੰਘ, ਮਲਕ ਤੋਂ ਅਰਮਾਨਪ੍ਰੀਤ ਸਿੰਘ ਸ਼ਾਮਲ ਹਨ। ਪਰਾਲੀ ਨਾ ਸਾੜਨ ਦੀ ਚੋਣ ਕਰਕੇ ਉਨ੍ਹਾਂ ਨੇ ਹਵਾ ਪ੍ਰਦੂਸ਼ਣ ਨੂੰ ਘਟਾਉਣ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਤੇ ਵਾਤਾਵਰਣ ਦੀ ਸਿਹਤ ਨੂੰ ਸੁਰੱਖਿਅਤ ਰੱਖਣ ਵਿੱਚ ਯੋਗਦਾਨ ਪਾਇਆ ਹੈ। ਚੇਅਰਮੈਨ ਚਰਨਜੀਤ ਸਿੰਘ ਚੰਨੀ ਤੇ ਪ੍ਰੋ. ਚਾਂਸਲਰ ਡਾ. ਮਨਬੀਰ ਸਿੰਘ ਨੇ ਸਨਮਾਨਿਤ ਕਿਸਾਨਾਂ ਨੂੰ ਇਨਾਮ ਵੰਡੇ। ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਉਨ੍ਹਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਦਿਆਰਥੀ ਭਲਾਈ ਵਿਭਾਗ ਦੇ ਡਾਇਰੈਕਟਰ ਦਵਿੰਦਰ ਸਿੰਘ ਵੀ ਹਾਜ਼ਰ ਸਨ।

## ਪੰਜਾਬ ਫਾਰਮੇਸੀ ਕੌਂਸਲ ਦੇ ਮੈਂਬਰਾਂ ਦੀ ਹੋਈ ਚੋਣ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਪੰਜਾਬ ਫਾਰਮੇਸੀ ਕੌਂਸਲ ਦੇ 06 ਮੈਂਬਰਾਂ ਦੀ ਚੋਣ ਦੀ ਪ੍ਰਕਿਰਿਆ ਮਿਤੀ05/11/2024 ਨੂੰ ਪੂਰੀ ਹੋ ਗਈ ਹੈ, ਜੋ ਕਿ ਮਿਤੀ 20/7/2024 ਨੂੰ ਵੱਖ-ਵੱਖ ਅਖ਼ਬਾਰਾਂ ਵਿੱਚ ਛਪੇ ਚੋਣ ਪ੍ਰੋਗਰਾਮ ਦੇ ਅਨੁਸਾਰ ਸੀ।ਕੁੱਲ 15 ਉਮੀਦਵਾਰਾਂ ਨੇ ਚੋਣਾਂ ਵਿੱਚ ਹਿੱਸਾ ਲਿਆ।ਯੋਗ ਵੋਟਰਾਂ ਦੀ ਕੁੱਲ ਸੰਖਿਆ 39737 ਸੀ, ਜਿਸ ਵਿੱਚੋਂ 14478 ਵੋਟਾਂ ਪ੍ਰਾਪਤ ਹੋਈਆਂ।ਪ੍ਰਾਪਤ ਵੋਟਾਂ ਵਿੱਚੋਂ 12977 ਵੋਟਾਂ ਨੂੰ ਵੈਧ ਪਾਇਆ ਗਿਆ। ਮਿਤੀ 05/11/2024 ਨੂੰ ਗਿਣਤੀ ਪੂਰੀ ਹੋਣ ਤੋਂ ਬਾਅਦ ਪ੍ਰਾਪਤ ਵੋਟਾਂ ਦੇ ਅਨੁਸਾਰ ਸਿਖਰ ਦੇ 06 ਉਮੀਦਵਾਰਾਂ ਨੂੰ ਜੇਤੂ ਘੋਸ਼ਿਤ ਕੀਤਾ ਗਿਆ, ਜਿਨ੍ਹਾਂ ਵਿੱਚ ਸ਼੍ਰੀ ਸੁਸ਼ੀਲ ਕੁਮਾਰ ਬਾਂਸਲ ਨੇ ਸਭ ਤੋਂ ਵੱਧ 8601 ਵੋਟਾਂ, ਸ਼੍ਰੀ ਤਜਿੰਦਰ ਪਾਲ ਸਿੰਘ ਨੇ 8572,ਸ਼੍ਰੀ ਠਾਕੁਰ ਗੁਰਜੀਤ ਸਿੰਘ 8501, ਸ਼੍ਰੀ ਰਵੀਸ਼ੰਕਰ ਨੰਦਾ 8462, ਸ਼੍ਰੀ ਸੁਰਿੰਦਰ ਕੁਮਾਰ ਸ਼ਰਮਾ ਨੇ 8459 ਵੋਟਾਂ ਪ੍ਰਾਪਤ ਕੀਤੀਆਂ ਅਤੇ ਸ਼੍ਰੀ ਸੰਜੀਵ ਕੁਮਾਰ ਨੇ 8309 ਵੋਟਾਂ ਪ੍ਰਾਪਤ ਕੀਤੀਆਂ। ਇਸ ਲਈ ਇਹ 06 ਉਮੀਦਵਾਰ ਪੰਜਾਬ ਫਾਰਮੇਸੀ ਕੌਂਸਲ ਦੇ ਮੈਂਬਰ ਵਜੋਂ ਚੁਣੇ ਗਏ ਹਨ। ਇਹ ਜਾਣਕਾਰੀ ਰਜਿਸਟਰਾਰ ਪੰਜਾਬ ਫਾਰਮੇਸੀ ਕੌਂਸਲ ਵੱਲੋਂ ਦਿੱਤੀ ਗਈ।

## ਐੱਸ ਐੱਸ ਪੀ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਅਪੀਲ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਡਾ. ਪ੍ਰਗਿਆ ਜੈਨ ਐਸ.ਐਸ.ਪੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਫ਼ਰੀਦਕੋਟ ਪੁਲਸ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ, ਜਿਸ ਤਹਿਤ ਲਗਾਤਾਰ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਖੇਤਾਂ ਵਿੱਚ ਪਈ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਦੇ ਨਾਲ ਹੀ ਪੁਲਸ ਦੀਆਂ 18 ਪੈਟਰੋਲਿੰਗ ਪਾਰਟੀਆਂ ਵੀ ਬਣਾਈਆਂ ਗਈਆਂ ਹਨ, ਜੋ ਪਿੰਡਾਂ ਵਿੱਚ ਜਾ ਕੇ ਲਗਾਤਾਰ ਗਸ਼ਤ ਕਰ ਰਹੀਆਂ ਹਨ ਤਾਂ ਜੁ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋ ਰੋਕਿਆ ਜਾ ਸਕੇ।ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਪੁਲਸ ਪਾਰਟੀਆਂ ਲਗਾਤਾਰ ਪਿੰਡਾਂ ਵਿੱਚ ਗਸ਼ਤ ਕਰ ਰਹੀਆਂ ਹਨ ਤਾਂ ਜੁ ਕਿਸੇ ਜਗ੍ਹਾ ਉੱਪਰ ਪਰਾਲੀ ਨੂੰ ਅੱਗ ਲੱਗਣ ਸੰਬੰਧੀ ਸੂਚਨਾ ਮਿਲਦੀ ਹੈ ਤਾਂ ਤੁਰੰਤ ਮੌਕੇ 'ਤੇ ਪਹੁੰਚ ਕੇ ਕਾਰਵਾਈ ਕੀਤੀ ਜਾ ਸਕੇ।ਉਨ੍ਹਾਂ ਇਸ ਦੇ ਨਾਲ ਹੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਤੇ ਹੋਰ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਅਤੇ ਜੇਕਰ ਕੋਈ ਉਨ੍ਹਾਂ ਦੇ ਆਸ ਪਾਸ ਵੀ ਕਿਸਾਨ ਅੱਗ ਲਾਉਂਦਾ ਹੈ ਤਾਂ ਉਸ ਨੂੰ ਵੀ ਰੋਕ ਕੇ ਜਿਲ੍ਹਾ ਪ੍ਰਸ਼ਾਸਨ ਦਾ ਸਾਥ ਦੇਣ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਹੁੰਦੇ ਪ੍ਰਦੂਸ਼ਣ ਕਾਰਨ ਨਾ ਸਿਰਫ਼ ਹਵਾ ਦੀ ਗੁਣਵੱਤਾ ਬੇਹੱਦ ਪ੍ਰਭਾਵਤ ਹੁੰਦੀ ਹੈ, ਸਗੋਂ ਇਹ ਕਈ ਸਿਹਤ ਸਬੰਧੀ ਸਮੱਸਿਆਵਾਂ ਨੂੰ ਵੀ ਜਨਮ ਦੇਂਦੀ ਹੈ।ਜੇਕਰ ਪੁਲਸ ਪ੍ਰਸ਼ਾਸਨ ਨੂੰ ਪਰਾਲੀ ਸਾੜਨ ਸਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਸਬੰਧਤ ਦੇ ਖਿਲਾਫ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

## ਸਹੋਦਿਆ ਐਥਲੈਟਿਕਸ ਮੁਕਾਬਲਿਆਂ 'ਚ ਐੱਮ ਏ ਐੱਮ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਸਮਰਾਲਾ (ਸੁਰਜੀਤ ਸਿੰਘ)**

ਸਹੋਦਿਆ ਈਸਟ ਖੰਨਾ ਵੱਲੋਂ ਐਥਲੈਟਿਕਸ ਅੰਡਰ-14 ਤੇ ਅੰਡਰ-17 ਦੇ ਮੁਕਾਬਲੇ ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ, ਦੋਰਾਹਾ ਵਿੱਚ ਕਰਾਏ ਗਏ, ਜਿਸ ਵਿੱਚ ਕੁੱਲ 23 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਅਥਲੈਟਿਕਸ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਦੌੜਾਂ ਵਿੱਚ ਭਾਗ ਲੈਂਦਿਆਂ ਅੰਡਰ-14 ਵਿੱਚ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਦੇ ਵਿਦਿਆਰਥੀ ਏਕਮਜੋਤ ਸਿੰਘ ਨੇ 400 ਮੀਟਰ ਦੌੜ ਵਿੱਚ ਪਹਿਲਾ ਸਥਾਨ, 100 ਮੀਟਰ ਦੌੜ ਵਿੱਚ ਅੱਠਵੀਂ ਜਮਾਤ ਦੀ ਵਿਦਿਆਰਥਣ ਜੈਸਮੀਨ ਸੋਹੀ ਨੇ ਦੂਜਾ ਸਥਾਨ, ਹਰਡਲ 110 ਰੇਸ ਵਿੱਚ ਅੱਠਵੀਂ ਦੇ ਵਿਦਿਆਰਥੀ ਅਭਿਜੀਤ ਸਿੰਘ ਨੇ ਦੂਜਾ ਸਥਾਨ, 800 ਮੀਟਰ ਦੌੜ ਵਿੱਚ ਨਵਰਾਜ ਸਿੰਘ ਨੇ ਦੂਜਾ ਸਥਾਨ, ਰਿਲੇਅ ਰੇਸ ਵਿੱਚ ਅੱਠਵੀਂ ਜਮਾਤ ਦੇ ਵਿਦਿਆਰਥੀ ਏਕਮਜੋਤ ਸਿੰਘ ਹਰਜੋਤ ਸਿੰਘ ਅੱਠਵੀਂ ਦੇ ਵਿਦਿਆਰਥੀ ਨਵਰਾਜ ਸਿੰਘ ਅਤੇ ਸੱਤਵੀਂ ਜਮਾਤ ਦੇ ਵਿਦਿਆਰਥੀ ਸਮਰ ਪ੍ਰਤਾਪ ਸਿੰਘ ਨੇ ਤੀਜਾ ਸਥਾਨ ਤੇ ਅੰਡਰ- 17 ਵਿੱਚ 400 ਮੀਟਰ ਦੀ ਦੌੜ ਵਿੱਚ ਨੌਵੀਂ ਦੇ ਵਿਦਿਆਰਥੀ ਜਗਮੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।

## ਡਾ. ਮੀਨਾ ਗਲੋਹਤਰਾ ਦਾ ਫ਼ਿਨਲੈਂਡ ਤੋਂ ਵਾਪਸ ਆਉਣ 'ਤੇ ਸਵਾਗਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਸੂਬੇ ਵਿੱਚ ਸਿੱਖਿਆ ਦੇ ਸੁਧਾਰ ਤੇ ਪ੍ਰਸਾਰ ਲਈ ਪ੍ਰਾਇਮਰੀ ਸਕੂਲਾਂ ਦੇ ਹੋਣਹਾਰ ਅਧਿਆਪਕਾਂ ਨੂੰ ਵਿਸ਼ੇਸ਼ ਟ੍ਰੇਨਿੰਗ ਲਈ ਫ਼ਿਨਲੈਂਡ ਵਿਖੇ 72 ਅਧਿਆਪਕਾਂ ਨੂੰ ਭੇਜਿਆ ਗਿਆ, ਜਿਨ੍ਹਾਂ ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਦੋ ਅਧਿਆਪਕ ਨੂੰ ਟ੍ਰੇਨਿੰਗ ਤੇ ਭੇਜਿਆ ਗਿਆ, ਜਿਸ ਵਿੱਚ ਬੀਪੀਈਓ ਰਾਜਵਿੰਦਰ ਸਿੰਘ ਅਤੇ ਹੈੱਡਟੀਚਰ ਡਾ. ਮੀਨਾ ਗਲੋਹਤਰਾ ਸਨ।ਡਾਕਟਰ ਮੀਨਾ ਗਲੋਹਤਰਾ ਦਾ ਉਨ੍ਹਾਂ ਦੇ ਪੈਤ੍ਰਿਕ ਸਕੂਲ ਸਰਕਾਰੀ ਪ੍ਰਾਇਮਰੀ ਸਕੂਲ ਰਣਜੀਤਗੜ੍ਹ ਵਿਖੇ ਪਹੁੰਚਣ ਤੇ ਸਟਾਫ ਤੇ ਵਿਦਿਆਰਥੀਆਂ ਵੱਲੋਂ ਨਿੱਘਾ ਦਾ ਸਵਾਗਤ ਕੀਤਾ ਗਿਆ।ਵਰਨਣਯੋਗ ਹੈ ਕਿ ਡਾ .ਮੀਨਾ ਗਲੋਹਤਰਾ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਇਕੋਂ ਇਕ ਹੈਡ ਟੀਚਰ ਹਨ, ਜੋ ਇਸ ਟ੍ਰੇਨਿੰਗ 'ਤੇ ਗਏ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਥੋਂ ਦੀ ਸਿਖਿਆ ਪ੍ਰਣਾਲੀ ਦਾ ਕਾਫੀ ਕੁਝ ਸਿਖਣ ਨੂੰ ਮਿਲਿਆ।ਜੇਕਰ ਉਸ ਪ੍ਰਣਾਲੀ ਨੂੰ ਪੰਜਾਬ ਅੰਦਰ ਲਾਗੂ ਕੀਤਾ ਜਾਵੇ ਤਾਂ ਬੱਚਿਆਂ ਦਾ ਅਗਾਂਹਵਧੂ ਸੋਚ ਦੇ ਧਾਰਨੀ ਬਣਨਾ ਯਕੀਨੀ ਹੈ।ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਇਆ ਜਾ ਸਕਦਾ ਹੈ।

## ...ਸ.ਫ਼ਾ 1 ਦੇ ਬਾਕੀ

### ਗ਼ਦਰੀ ਬਾਬਿਆਂ ਦੇ ਮੇਲੇ 'ਚ...

ਤਰਨਾ ਏਂ।' ਪੰਜਾਬ, ਹਰਿਆਣਾ, ਦਿੱਲੀ ਤੱਕ ਦੀਆਂ ਆਹਲਾ ਦਰਜੇ ਦੀਆਂ ਕਿਤਾਬਾਂ, ਪੋਸਟਰਾਂ 'ਚ ਜ਼ਿਕਰਯੋਗ ਪੱਖ ਸਾਹਮਣੇ ਆਇਆ ਹੈ ਕਿ ਲੋਕਾਂ ਨੂੰ ਮੁਕਤੀ ਦਾ ਮਾਰਗ ਹੁਣ ਵਿਗਿਆਨਕ ਮਾਰਕਸੀ ਫ਼ਲਸਫ਼ੇ ਵਿੱਚ ਪਹਿਲਾਂ ਨਾਲੋਂ ਵਧੇਰੇ ਦਿਖਾਈ ਦੇਣ ਲੱਗਿਆ ਹੈ।

ਕੁਝ ਨਵੇਂ ਰੁਝਾਨ ਵੀ ਸਾਹਮਣੇ ਆਏ ਹਨ ਕਿ ਅਜਿਹਾ ਕੁਝ ਵੀ ਪੁਸਤਕਾਂ ਵਿੱਚ ਜ਼ੋਰ ਫੜਨ ਦਾ ਯਤਨ ਕਰ ਰਿਹੈ, ਜਿਹੜਾ ਸੇਧ ਵਿਹੂਣਾ, ਵਿਚਾਰ-ਵਿਹੂਣਾ ਹੈ ਅਤੇ ਓਪਰੀ ਸਤਹ ਦੀਆਂ ਗੱਲਾਂ ਕਰਕੇ ਜੁਆਨੀ ਨੂੰ ਕਲਾਵੇ ਵਿੱਚ ਲੈਣ ਲਈ ਯਤਨਸ਼ੀਲ ਹੈ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪੁਸਤਕ ਮੇਲੇ ਸੰਬੰਧੀ ਇਹ ਜਾਣਕਾਰੀ ਪੁਸਤਕ ਪ੍ਰਦਰਸ਼ਨੀ ਕਮੇਟੀ ਦੇ ਕਨਵੀਨਰ ਰਮਿੰਦਰ ਪਟਿਆਲਾ, ਕੇਸਰ ਸਿੰਘ, ਹਰਮੇਸ਼ ਮਾਲੜੀ ਤੇ ਸਬ-ਕਮੇਟੀ ਦੇ ਕਨਵੀਨਰ ਦੀਪ ਦਿਲਬਰ ਤੋਂ ਇਲਾਵਾ ਵੱਖ-ਵੱਖ ਪੁਸਤਕ ਸਟਾਲਾਂ ਦੇ ਸੰਚਾਲਕਾਂ ਦੇ ਅਨੁਭਵਾਂ ਅਤੇ ਜਾਣਕਾਰੀ ਦੇ ਆਧਾਰ 'ਤੇ ਪ੍ਰੈੱਸ ਨਾਲ ਸਾਂਝੀ ਕੀਤੀ।

## ਮੈਗਸੀਪਾ ਚੰਡੀਗੜ੍ਹ 'ਚ ਆਈ.ਏ.ਐਸ. ਤੇ ਆਈ.ਪੀ.ਐਸ. ਦੀ ਕੋਚਿੰਗ ਸ਼ੁਰੂ

**ਮਾਨਸਾ (ਆਤਮਾ ਸਿੰਘ ਪਮਾਰ)**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਮਾਨਸਾ ਸ਼੍ਰੀ ਰਵਿੰਦਰ ਸਿੰਘ ਨੇ ਦੱਸਿਆ ਕਿ ਸਿਵਲ ਸਰਵਿਸਜ਼ ਆਈ.ਏ.ਐਸ./ਪੀ.ਸੀ.ਐਸ. ਕੋਚਿੰਗ ਲੈਣ ਦੇ ਚਾਹਵਾਨ ਪ੍ਰਾਰਥੀਆਂ ਲਈ ਮੈਗਸੀਪਾ ਵੱਲੋਂ ਸਿਖਲਾਈ ਸ਼ੁਰੂ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ ਪੰਜਾਬ ਚੰਡੀਗੜ੍ਹ (ਮੈਗਸੀਪਾ) ਵੱਲੋਂ ਸਿਵਲ ਸਰਵਿਸਿਜ਼ ਕੋਚਿੰਗ ਵਾਜਿਬ ਫੀਸ 'ਤੇ ਪ੍ਰਦਾਨ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਪ੍ਰੀਲਿਮਸ ਬੈਚ 4 ਤੋਂ ਸਾਢੇ 4 ਮਹੀਨਿਆਂ ਲਈ ਫੀਸ 40 ਹਜ਼ਾਰ ਰੁਪਏ ਤੇ ਮੇਨਜ਼ ਬੈਚ 4 ਮਹੀਨੇ ਲਈ ਫੀਸ 30 ਹਜ਼ਾਰ ਰੁਪਏ ਰੱਖੀ ਗਈ ਹੈ।ਨਵੇਂ ਵਿਦਿਆਰਥੀਆਂ ਲਈ ਫੀਸ 40 ਹਜ਼ਾਰ ਹੋਵੇਗੀ।

## ਇਨ ਸੀਟੂ ਤਕਨੀਕ ਨਾਲ ਬਿਜਾਈ ਨੂੰ ਉਤਸ਼ਾਹਤ ਕਰਨ ਲਈ ਏ ਡੀ ਸੀ ਵੱਲੋਂ ਪਿੰਡਾਂ ਦਾ ਦੌਰਾ

**ਪਟਿਆਲਾ (ਥਿੰਦ)**-ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਇਨ ਸੀਟੂ ਤਕਨੀਕਾਂ ਨਾਲ ਪਰਾਲੀ ਦਾ ਨਿਪਟਾਰਾ ਖੇਤਾਂ ਵਿੱਚ ਹੀ ਕਰਨ ਲਈ ਉਤਸ਼ਾਹਤ ਕਰਨ ਦੇ ਮਕਸਦ ਨਾਲ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਖੇਤੀ ਮਾਹਰਾਂ ਨਾਲ ਕਿਸਾਨਾਂ ਨਾਲ ਸਿੱਧਾ ਰਾਬਤਾ ਕਰ ਰਿਹਾ ਹੈ।ਇਸ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਨੇ ਪਿੰਡ ਹਰਿਆਊ ਕਲਾ, ਹਰਿਆਊ ਖ਼ੁਰਦ, ਦੌਤਾਲ, ਸ਼ੁਤਰਾਣਾ, ਜੇਖਰ ਸਮੇਤ ਹੋਰਨਾਂ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ ਪਾਤੜਾਂ ਅਸ਼ੋਕ ਕੁਮਾਰ ਤੇ ਖੇਤੀਬਾੜੀ ਵਿਸਥਾਰ ਅਫ਼ਸਰ ਰਵਿੰਦਰਪਾਲ ਸਿੰਘ ਚੱਠਾ ਵੀ ਮੌਜੂਦ ਸਨ।

ਪਿੰਡਾਂ 'ਚ ਲਾਏ ਜਾਗਰੂਕਤਾ ਕੈਂਪਾਂ ਦੌਰਾਨ ਏਡੀਸੀ ਇਸ਼ਾ ਸਿੰਗਲ ਨੇ ਕਿਹਾ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਤੇ ਖਾਦਾਂ ਦੀ ਵਰਤੋਂ ਘਟਾਉਣ ਲਈ ਕਿਸਾਨ ਇਨ ਸੀਟੂ ਤਕਨੀਕਾਂ ਦੀ ਵਰਤੋਂ ਕਰਨ।ਉਨ੍ਹਾਂ ਕਿਹਾ ਕਿ ਇਸ ਨਾਲ ਜਿਥੇ ਕਿਸਾਨਾਂ ਨੂੰ ਆਰਥਿਕ ਲਾਭ ਹੋਵੇਗਾ, ਉਥੇ ਹੀ ਵਾਤਾਵਰਣ ਪਲੀਤ ਹੋਣ ਤੋਂ ਬਚੇਗਾ।ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਵੱਲੋਂ ਪਰਾਲੀ ਪ੍ਰਬੰਧਨ ਲਈ ਨਵੀਆਂ ਤਕਨੀਕਾਂ ਨੂੰ ਅਪਣਾਇਆ ਜਾ ਰਿਹਾ ਹੈ, ਜੋ ਸ਼ਲਾਘਾਯੋਗ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਵੀ ਕੀਤੀ ਕਿ ਵਾਤਾਵਰਣ ਨੂੰ ਪਲੀਤ ਹੋਣ ਤੋਂ ਬਚਾਉਣ ਤੇ ਧਰਤੀ ਮਾਂ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਲਈ ਪਰਾਲੀ ਨੂੰ ਅੱਗ ਲਾਉਣ ਤੋਂ ਬਗ਼ੈਰ ਕਣਕ ਦੀ ਬਿਜਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਲਈ ਸਰਕਾਰ ਨੇ ਵੱਡੀ ਮਸ਼ੀਨਰੀ ਕਿਸਾਨਾਂ ਨੂੰ ਸਬਸਿਡੀ ਉੱਤੇ ਦਿੱਤੀ ਹੈ ਜਿਸ ਦੀ ਵਰਤੋਂ ਕਰਕੇ ਇਹ ਬਿਜਾਈ ਕੀਤੀ ਜਾ ਸਕਦੀ ਹੈ।



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

12-Nov-PAGE-3.qxd 11/11/2024 10:41 PM Page 1



# ਮਨਿਸਟੀਰੀਅਲ ਕਾਮਿਆਂ ਵੱਲੋਂ 16 ਨੂੰ ਰੋਸ ਮਾਰਚ ਦਾ ਐਲਾਨ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਮਨਿਸਟੀਰੀਅਲ ਸਟਾਫ਼ ਐਸੋਸੀਏਸ਼ਨ ਸਿੱਖਿਆ ਵਿਭਾਗ ਪੰਜਾਬ ਦੀ ਸੂਬਾ ਬਾਡੀ ਵੱਲੋਂ ਦਫ਼ਤਰੀ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਸਬੰਧੀ ਸਰਕਾਰ ਨੂੰ ਵਾਰ-ਵਾਰ ਮੰਗ ਪੱਤਰ ਭੇਜਣ ਤੇ ਵੀ ਮੰਗਾਂ ਨੂੰ ਪੂਰਾ ਨਾ ਕਰਨ ਦੇ ਰੋਸ ਵਿਚ 16 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਸੂਬਾ ਪੱਧਰੀ ਰੋਸ ਰੈਲੀ ਤੇ ਪੰਜਾਬ ਸਰਕਾਰ ਦੇ ਖ਼ਿਲਾਫ਼ ਝੰਡਾ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਮੌਕੇ ਜ਼ਿਲ ੍ਹਾ ਪ੍ਰਧਾਨ ਮਲਕੀਅਤ ਸਿੰਘ ਰੰਧਾਵਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਦੇ ਮਨਿਸਟੀਰੀਅਲ ਕਾਮਿਆਂ ਦੀਆਂ ਹੱਕੀ ਮੰਗਾਂ ਪ੍ਰਤੀ ਕੋਈ ਹਾਂ-ਪੱਖੀ ਹੁੰਗਾਰਾ ਨਾ ਦੇਣ ਕਾਰਨ ਸਮੂਹ ਦਫ਼ਤਰੀ ਕਾਮਿਆਂ ਦੇ ਮਨਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਜਿਸ ਦੇ ਵਿਰੋਧ ਵਿਚ 16 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਮਨਿਸਟੀਰੀਅਲ ਮੁਲਾਜ਼ਮ ਰੋਸ ਰੈਲੀ/ਰੋਸ ਮਾਰਚ ਕਰਨਗੇ।ਸੂਬਾ ਪੱਧਰੀ ਹੋਈ ਆਨਲਾਈਨ ਮੀਟਿੰਗ ਵਿਚ ਇਹ ਫ਼ੈਸਲਾ ਲਿਆ ਗਿਆ ਹੈ ਅਤੇ ਇਸ ਰੋਸ ਰੈਲੀ ਤੇ ਰੋਸ ਮਾਰਚ ਵਿਚ ਜ਼ਿਲ ੍ਹਾ ਅੰਮ੍ਰਿਤਸਰ ਤੋਂ ਵੱਡੀ ਗਿਣਤੀ ਵਿਚ ਮਨਿਸਟੀਰੀਅਲ ਕਾਮੇ ਭਾਗ ਲੈਣਗੇ ਤੇ ਸਰਕਾਰ ਦਾ ਕੰਮ ਕਾਜ ਠੱਪ ਰੱਖਣਗੇ ਜਿਸ ਦੀ ਜ਼ਿੰਮੇਵਾਰੀ ਪੂਰਨ ਤੌਰ ਤੇ ਪੰਜਾਬ ਸਰਕਾਰ ਦੀ ਹੋਵੇਗੀ।

ਇਸ ਸਬੰਧੀ ਜਿਲ ੍ਹਾ ਪੱਧਰੀ ਮੀਟਿੰਗ ਵਿੱਚ ਮਲਕੀਅਤ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਗੁਰਬਿੰਦਰ ਸਿੰਘ ਜ਼ਿਲ ੍ਹਾ ਵਿੱਤ ਸਕੱਤਰ, ਤਜਿੰਦਰ ਕੁਮਾਰ ਜਨਰਲ ਸਕੱਤਰ, ਗੁਰਪਾਲ ਸਿੰਘ, ਦਿਲਬਾਗ ਸਿੰਘ, ਸੁਖਦੇਵ ਸਿੰਘ, ਗੁਰਪ੍ਰਤਾਪ ਸਿੰਘ, ਗੁਰਦੀਪ ਸਿੰਘ, ਸੁਰਿੰਦਰ ਸਿੰਘ ਮਾਨ, ਬਿਕਰਮਜੀਤ ਸਿੰਘ ਕਲੇਰ, ਰਜਿੰਦਰਪਾਲ ਸਿੰਘ, ਜਤਿੰਦਰ ਸਿੰਘ, ਅਮਰਪ੍ਰੀਤ ਸਿੰਘ, ਧਰਮਿੰਦਰ ਸਿੰਘ, ਸ਼ੰਕਰ ਰਾਜਪੂਤ, ਮਨਦੀਪ ਸਿੰਘ ਚੌਗਾਵਾਂ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਧਨਵੰਤ ਸਿੰਘ, ਸੁਖਦੀਪ ਸਿੰਘ, ਅਮਰਪ੍ਰੀਤ ਸਿੰਘ ਐਮ.ਪੀ., ਤਰਲੋਚਨ ਸਿੰਘ, ਅਮਰੀਸ਼ ਸ਼ਰਮਾ, ਸਰਬਜੀਤ ਸਿੰਘ, ਗੁਰਜੋਤ ਸਿੰਘ, ਆਤਮਜੀਤ ਸਿੰਘ, ਅਨਿਲ ਕੁਮਾਰ ਆਦਿ ਮੈਂਬਰ ਹਾਜ਼ਰ ਸਨ

## ਪਲਾਟ 'ਚ ਜਾਣ ਤੋਂ ਰੋਕਣ 'ਤੇ ਭਰਾ ਵੱਲੋਂ ਭਰਾ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਹੋਈ ਜਾਂਚ ਤੋਂ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਕਪਤਾਨ ਇਨਵੈਸਟੀਗੇਸ਼ਨ ਗੁਰਦਾਸਪੁਰ ਵੱਲੋਂ ਕੀਤੀ ਗਈ ਜਾਂਚ ਵਿਚ ਪਾਇਆ ਗਿਆ ਕਿ ਜਰਨੈਲ ਸਿੰਘ ਪੁੱਤਰ ਮਨਸਾ ਸਿੰਘ ਵਾਸੀ ਮਕਾਨ ਨੰਬਰ 251 ਮੁਹੱਲਾ ਨੰਗਲ ਕੋਟਲੀ ਬੈਕ ਸਾਈਡ ਪੁਲਸ ਲਾਇਨ ਗੁਰਦਾਸਪੁਰ ਨੇ ਆਪਣੇ ਭਰਾ ਸੋਹਣ ਸਿੰਘ ਨਾਲ ਪਿੰਡ ਚਾਵਾ ਵਿੱਚ ਸਾਂਝਾ 37 ਮਰਲੇ ਦਾ ਪਲਾਟ ਖਰੀਦ ਕੀਤਾ ਸੀ। ਇਸ ਪਲਾਟ ਵਿਚ ਸੋਹਣ ਸਿੰਘ ਪੁੱਤਰ ਮਨਸਾ ਸਿੰਘ ਵਾਸੀ ਪਿੰਡ ਚਾਵਾ ਥਾਣਾ ਪੁਰਾਣਾ ਸ਼ਾਲਾ ਵਲੋਂ ਜਰਨੈਲ ਸਿੰਘ ਦੇ ਪਲਾਟ ਵਿੱਚ ਸਬਜ਼ੀਆਂ ਬੀਜੀਆਂ ਹੋਈਆਂ ਹਨ ਅਤੇ ਪਲਾਟ ਦੇ ਗੇਟ ਅੱਗੇ ਬਾਲਣ (ਲੱਕੜਾਂ) ਸੁੱਟਿਆ ਹੋਇਆ ਸੀ। ਜਰਨੈਲ ਸਿੰਘ ਨੂੰ ਆਪਣੇ ਪਲਾਟ ਵਿੱਚ ਜਾਣ ਤੋਂ ਰੋਕਣਾ ਪਾਏ ਜਾਣ 'ਤੇ ਸੋਹਣ ਸਿੰਘ ਪੁੱਤਰ ਮਨਸਾ ਸਿੰਘ ਵਾਸੀ ਪਿੰਡ ਚਾਵਾ ਥਾਣਾ ਪੁਰਾਣਾ ਸ਼ਾਲਾ ਖ਼ਿਲਾਫ਼ ਜ਼ੇਰੇ ਧਾਰਾ 447, 341, 506 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਕਿਸਾਨ ਆਗੂਆਂ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਦਾ ਪੁਤਲਾ ਫੂਕਿਆ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਸਰਹਾਲੀ ਕਲਾਂ ਵੱਲੋਂ ਜ਼ੋਨ ਪ੍ਰਧਾਨ ਕੁਲਵੰਤ ਸਿੰਘ ਢੋਟੀਆਂ ਨੇ ਕਿਹਾ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਭਾਜਪਾ ਤੇ ਆਰਐੱਸਐੱਸ ਦਾ ਦੂਮਛੱਲਾ ਬਣ ਕੇ ਬਿਆਨ ਦਿੱਤਾ ਹੈ ਕਿ ਕਿਸਾਨ ਤਾਲਿਬਾਨ ਵਰਗਾ ਵਿਵਹਾਰ ਕਰ ਰਹੇ ਹਨ ਤੇ ਕਿਸਾਨ ਆਗੂਆਂ ਨੇ ਬਹੁਤ ਜ਼ਮੀਨਾਂ ਜਾਇਦਾਦਾਂ ਬਣਾਈਆਂ ਹਨ ਤੇ ਉਨ ੍ਹਾਂ ਦੇ ਕਰੋੜਾਂ ਦੇ ਕਾਰੋਬਾਰ ਹਨ।ਅਸੀਂ ਕੇਂਦਰ ਸਰਕਾਰ ਵੱਲੋਂ ਜ਼ਿਮਨੀ ਚੋਣਾਂ ਤੋਂ ਬਾਅਦ ਕਿਸਾਨ ਆਗੂਆਂ ਦੀ ਸੰਪਤੀ ਦੀ ਜਾਂਚ ਕਰਾਂਗੇ।

ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਬਿੱਟੂ ਦੇ ਬਿਆਨ ਦਾ ਸਵਾਗਤ ਕਰਦੇ ਹਾਂ ।ਇਹ ਜਾਂਚ ਦਾ ਘੇਰਾ ਪਿਛਲੇ 77 ਤੋਂ ਹੁਣ ਤੱਕ ਕੇਂਦਰ ਤੇ ਸੂਬਿਆਂ ਵਿਚ ਰਹੀਆਂ ਸਰਕਾਰਾਂ ਤੇ ਸੰਸਦ ਮੈਂਬਰ, ਵਿਧਾਇਕਾਂ, ਰਿਟਾਇਰ ਤੇ ਮੌਜੂਦਾ ਸਾਰੀ ਅਫ਼ਸਰਸ਼ਾਹੀ ਤੇ 110 ਦੇਸ਼ੀ ਕਾਰਪੋਰੇਟ ਘਰਾਣਿਆਂ ਸਮੇਤ ਮਾਫੀਏ ਗਰੁੱਪਾਂ ਦੀ ਸੰਪਤੀ ਦੀ ਜਾਂਚ ਕਿਸੇ ਸੁਪਰੀਮ ਕੋਰਟ ਦੇ ਜੱਜ ਅਧੀਨ ਕਮੇਟੀ ਬਣਾਕੇ ਨਿਰਪੱਖ ਜਾਂਚ ਕਰਵਾਈ ਜਾਵੇ ਤੇ ਅਚੱਲ ਤੇ ਚੱਲ ਵਾਧੂ ਸਰੋਤਾਂ ਤੋਂ ਬਣਾਈ ਜਾਇਦਾਦ ਜ਼ਬਤ ਕਰਕੇ ਗਰੀਬੀ ਰੇਖਾ ਤੋਂ ਹੇਠ ਰਹਿੰਦੇ 20 ਕਰੋੜ ਲੋਕਾਂ ਤੇ ਬੇਜ਼ਮੀਨਿਆਂ ਵਿੱਚ ਵੰਡੀ ਜਾਵੇ ਕਿਉਂਕਿ ਕੁਦਰਤੀ ਸਾਧਨਾਂ ਉਤੇ ਸਾਰਿਆਂ ਦਾ ਬਰਾਬਰ ਦਾ ਹੱਕ ਹੈ। ਕਿਸਾਨ ਆਗੂਆਂ ਨੇ ਅੱਗੇ ਦੱਸਿਆ ਕਿ ਜੱਥੇਬੰਦੀ ਵੱਲੋਂ ਕਿਸਾਨ ਵਿਰੋਧੀ ਦਿੱਤੇ ਬਿਆਨ ਵਿਰੁੱਧ ਅੱਜ ਸੈਂਕੜੇ ਥਾਵਾਂ ਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਤੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਕੇ ਰੋਸ ਪ੍ਰਦਰਸ਼ਨ ਕੀਤੇ ਗਏ ਤੇ ਪੰਜਾਬ ਭਰ ਵਿੱਚ ਪੁਤਲੇ ਫੂਕ ਰੋਸ ਮੁਜ਼ਾਹਰੇ ਜਾਰੀ ਰਹਿਣਗੇ ।ਕਿਸਾਨ ਆਗੂਆਂ ਅੱਗੇ ਕਿਹਾ ਕੇਂਦਰੀ ਮੰਤਰੀ ਰਵਨੀਤ ਬਿੱਟੂ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਸਲਾਹ ਕਰਕੇ ਦੇਸ਼ ਵਿਚ ਹਰ ਰੋਜ਼ ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਰਹੇ 115 ਕਿਸਾਨਾਂ ਮਜ਼ਦੂਰਾਂ,4 ਲੱਖ ਤੋਂ ਵੱਧ ਖ਼ੁਦਕਸ਼ੀ ਕਰ ਚੁੱਕੇ ਕਿਸਾਨ ਮਜ਼ਦੂਰ ਦੀ ਜਾਂਚ ਵੀ ਕਰਵਾਉਣੀ ਚਾਹੀਦੀ ਹੈ।

ਦੇਸ਼ ਵਿਚ ਸੰਨ 2000 ਤੋਂ ਲੈ ਕੇ 2015 ਤੱਕ ਕਿਸਾਨਾਂ ਦੇ ਫਸਲਾਂ ਦੇ ਭਾਅ ਵਿੱਚ 45 ਲੱਖ ਕਰੋੜ ਦੇ ਪਏ ਘਾਟੇ ਤੇ ਪੰਜਾਬ ਵਿੱਚ ਕਾਡਲਾ ਬੰਦਰਗਾਹ ਤੋਂ ਕਾਰਪੋਰੇਟ ਕੰਪਨੀਆਂ ਦੁਆਰਾ ਨਸ਼ਾ ਸਪਲਾਈ ਕਰਕੇ ਰੋਜ਼ ਮਰ ਰਹੇ ਨੌਜਵਾਨਾਂ ਦੀ ਜਾਂਚ ਵੀ ਕੇਂਦਰੀ ਮੰਤਰੀ ਨੂੰ ਕਰਵਾਉਣੀ ਚਾਹੀਦੀ।ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਪੰਜਾਬ ਤੇ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰਕੇ ਕੇਂਦਰੀ ਰਾਜ ਮੰਤਰੀ ਤੇ ਮੋਦੀ ਸਰਕਾਰ ਦੇ ਖਿਲਾਫ ਸੰਘਰਸ਼ ਦੇ ਅਗਲੇ ਪੜਾਅ ਕੀ ਹੋਣ, ਉਹ ਵੀ ਤੈਅ ਕੀਤੇ ਜਾਣਗੇ।ਇਸ ਮੌਕੇ ਕਿਸਾਨ ਆਗੂ ਸਰਬਜੀਤ ਸਿੰਘ ਵਰਿਆਂ, ਅਜੀਤ ਸਿੰਘ ਵਰਿਆਂ, ਦਿਲਬਾਗ ਸਿੰਘ, ਰਣਜੀਤ ਸਿੰਘ, ਸਰਬਜੀਤ ਸਿੰਘ, ਪੂਰਨ ਸਿੰਘ, ਡਾਕਟਰ ਸੰਦੀਪ ਸਿੰਘ, ਰਾਜਾ ਚੱਕੀ ਵਾਲਾ, ਰਘਬੀਰ ਸਿੰਘ, ਥਾਣੇਦਾਰ ਬਲਦੇਵ ਸਿੰਘ, ਬੁੱਧ ਸਿੰਘ ਮਿਸਤਰੀ, ਮੇਜਰ ਸਿੰਘ, ਸਰਦੂਲ ਸਿੰਘ, ਬਲਵਿੰਦਰ ਸਿੰਘ, ਬਲਜੀਤ ਸਿੰਘ, ਬਲਰਾਜ ਸਿੰਘ, ਰਾਮ ਸਿੰਘ, ਤੇਜਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

## ਕਾਮਰੇਡ ਦਰਸ਼ਨ ਸਿੰਘ ਝਬਾਲ ਦੀ ਸਾਲਾਨਾ ਬਰਸੀ 20 ਨੂੰ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਦਿਹਾਤੀ ਮਜ਼ਦੂਰ ਸਭਾ ਦੇ ਬਾਨੀ ਪ੍ਰਧਾਨ ਕਾਮਰੇਡ ਦਰਸ਼ਨ ਸਿੰਘ ਝਬਾਲ ਸਾਬਕਾ ਵਿਧਾਇਕ ਅਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਆਗੂ ਅਤੇ ਇਲਾਕਾ ਝਬਾਲ ਦੇ ਹੋਰ ਕਮਿਊਨਿਸਟ ਆਗੂਆਂ ਦੀ ਸਾਂਝੀ ਬਰਸੀ 20 ਨਵੰਬਰ ਨੂੰ ਅੱਡਾ ਝਬਾਲ ਵਿਖੇ ਸਿਆਸੀ ਕਾਨਫਰੰਸ ਕਰਕੇ ਮਨਾਈ ਜਾ ਰਹੀ ਹੈ ਜਿਸ ਸਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਆਗੂ ਕਾਮਰੇਡ ਜਸਪਾਲ ਝਬਾਲ ਨੇ ਦੱਸਿਆ ਕਿ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ, ਸੂਬਾ ਸਕੱਤਰ ਸਾਥੀ ਪ੍ਰਗਟ ਸਿੰਘ ਜਾਮਾਰਾਏ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਜਨਰਲ ਸਕੱਤਰ ਸਾਥੀ ਗੁਰਨਾਮ ਸਿੰਘ ਦਾਊਦ, ਬਲਦੇਵ ਸਿੰਘ ਭੈਲ, ਚਮਨ ਲਾਲ ਦਰਾਜਕੇ, ਜਰਨੈਲ ਸਿੰਘ ਰਸੂਲਪੁਰ, ਕਿਸਾਨ ਆਗੂ ਕਾਮਰੇਡ ਹਰਦੀਪ ਸਿੰਘ ਰਸੂਲਪੁਰ ਆਦਿ ਆਗੂ ਸ਼ਰਧਾ ਦੇ ਫੁੱਲ ਭੇਟ ਕਰਨਗੇ।

## ਜਵਾਹਰ ਨਵੋਦਿਆ ਵਿਦਿਆਲਾ ਦਾ ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਬੁਤਾਲਾ (ਨਿਰਮਲ ਸਿੰਘ ਸੰਘਾ)**-ਸਰਕਾਰੀ ਐਲੀਮੈਂਟਰੀ ਸਕੂਲ ਮੱਧ ਬਲਾਕ ਰਈਆ-2 ਵਿਖੇ ਇਸ ਦੀਆਂ ਵਿਦਿਆਰਥਣਾਂ ਖੁਸ਼ਦੀਪ ਕੌਰ ਅਤੇ ਹਰਸ਼ਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਜਿਨ ੍ਹਾਂ ਨੇ ਸੈਸ਼ਨ -2023-24 ਅਧੀਨ ਜਵਾਹਰ ਨਵੋਦਿਆ ਵਿਦਿਆਲਿਆ ਦਾ ਟੈਸਟ ਕਲੀਅਰ ਕਰਕੇ ਆਪਣਾ, ਮਾਤਾ-ਪਿਤਾ, ਸਕੂਲ ਅਤੇ ਪਿੰਡ ਦਾ ਮਾਣ ਵਧਾਇਆ ਹੈ।ਇਸ ਮੌਕੇ ਵੱਖ-ਵੱਖ ਬੁਲਾਰਿਆ ਨੇ ਵਿਦਿਆਰਥੀਆਂ ਨੂੰ ਮਿਹਨਤ ਨਾਲ ਪੜਾਈ ਕਰਕੇ ਜੀਵਨ ਵਿੱਚ ਉਚੀਆਂ ਬੁਲੰਦੀਆਂ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ।ਉਨ ੍ਹਾਂ ਨੂੰ ਸਨਮਾਨ ਚਿੰਨ ਦੇ ਕਿ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੈਂਟਰ ਹੈੱਡ ਟੀਚਰ ਮਹਿੰਦਰ ਸਿੰਘ, ਐੱਸ. ਐੱਮ. ਸੀ. ਦੇ ਮੈਂਬਰ ਸਹਿਬਾਨ, ਪਿੰਡ ਦੇ ਪਤਵੰਤੇ ਸੱਜਣ, ਸਕੂਲ ਇੰਚਾਰਜ ਦਲਜੀਤ ਸਿੰਘ, ਦੇਵ ਰਾਜ, ਅਜੈ ਕੁਮਾਰ, ਮੈਡਮ ਸ਼ਰਨਜੀਤ ਕੌਰ, ਮੈਡਮ ਕੰਵਲਜੀਤ ਕੌਰ, ਲਖਵਿੰਦਰ ਸਿੰਘ, ਜੋਗਾ ਸਿੰਘ ਅਤੇ ਗੁਰਪ੍ਰੀਤ ਕੌਰ ਹਾਜ਼ਰ ਸਨ।

## ਅਣਪਛਾਤੇ ਵਿਅਕਤੀਆਂ ਵੱਲੋਂ ਨੌਜਵਾਨ ਦਾ ਕਤਲ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਪੁਰਾਣਾ ਸ਼ਾਲਾ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੁਰੇਸ਼ ਕੁਮਾਰ ਪੁੱਤਰ ਘਨਈਆ ਵਾਸੀ ਲਾਖਰੀ ਜ਼ਿਲ ੍ਹਾ ਜਾਜਗੀਰ ਚਾਪਾ ਸਟੇਟ ਛੱਤੀਸਗੜ੍ਹ ਹਾਲ ਭੱਠਾ ਨਿਊ ਗੁਰਦਾਸਪੁਰ ਗ੍ਰਾਮ ਉਦਯੋਗ ਸਮਿਤੀ ਕਲੀਚਪੁਰ ਨੇ ਦੱਸਿਆ ਕਿ ਉਸ ਦਾ ਲੜਕਾ ਸ਼ਿਵਾ ਧੀਵਰ ਜਿਸ ਦੀ ਉਮਰ ਕਰੀਬ 22 ਸਾਲ 9 ਨਵੰਬਰ ਰਾਤ 7 ਵਜੇ ਘਰੋਂ ਚਲਾ ਗਿਆ ਤੇ ਵਾਪਸ ਨਹੀਂ ਆਇਆ ਜਿਸ ਦੀ ਭਾਲ ਕਰਦੇ ਸ਼ਮਸ਼ਾਨਘਾਟ ਦੇ ਨੇੜੇ ਪੁੱਜੇ ਤਾਂ ਲਹਿੰਦੇ ਪਾਸੇ ਇੱਕ ਨੌਜਵਾਨ ਦੀ ਲਾਸ਼ ਲਟਕਦੀ ਮਿਲੀ ਜੋ ਉਸ ਦੇ ਲੜਕੇ ਸ਼ਿਵਾ ਧੀਵਰ ਦੀ ਸੀ।ਮੇਰੇ ਲੜਕੇ ਸ਼ਿਵਾ ਨੂੰ ਨਾ-ਮਾਲੂਮ ਵਿਅਕਤੀਆਂ ਵੱਲੋਂ ਮਾਰ ਦੇਣ ਦੀ ਨੀਅਤ ਨਾਲ ਉਸ ਦੀਆਂ ਬਾਂਹਾਂ ਬੰਨ ਕੇ ਗਲੇ ਵਿੱਚ ਚਾਦਰ ਦਾ ਫੰਦਾ ਲਗਾ ਕੇ ਕਿੱਕਰ ਦੇ ਦਰੱਖਤ ਨਾਲ ਲਟਕਾ ਕੇ ਮਾਰ ਦਿੱਤਾ ਗਿਆ ਹੈ। ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਜ਼ੇਰੇ ਧਾਰਾ 103 ਬੀ. ਐੱਨ. ਐੱਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਜੀ ਜੀ ਐੱਸ ਬਾਕਸਿੰਗ ਕਲੱਬ ਬਖਤਪੁਰ ਨੇ ਸਟੇਟ ਤੇ ਇੰਟਰ ਕਾਲਜ ਮੁਕਾਬਲਿਆਂ 'ਚ ਤਮਗੇ ਜਿੱਤੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲਦੇ ਜੀ ਜੀ ਐੱਸ ਬਾਕਸਿੰਗ ਕਲੱਬ ਦੇ ਖਿਡਾਰੀਆਂ ਜਗਤੇਸ਼ਵਰ ਸਿੰਘ, ਗੁਰਪ੍ਰੀਤ ਕੌਰ ਤੇ ਮਨਜੀਤ ਕੌਰ ਨੇ ਸਟੇਟ ਲੈਵਲ ਅਤੇ ਇੰਟਰ ਕਾਲਜ ਮੁਕਾਬਲਿਆਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ ਹਨ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਬਠਿੰਡਾ ਵਿਖੇ ਸਟੇਟ ਲੈਵਲ 'ਤੇ ਹੋਈਆਂ 68ਵੀਆਂ ਸਕੂਲ ਖੇਡਾਂ ਵਿੱਚ ਬਾਕਸਿੰਗ ਵਿੱਚੋਂ ਜਗਤੇਸ਼ਵਰ ਸਿੰਘ ਨੇ ਅੰਡਰ-14 ਲੜਕਿਆਂ ਦੇ 40-42 ਭਾਰ ਵਰਗ ਵਿੱਚੋਂ ਆਪਣੇ ਵਿਰੋਧੀਆਂ ਨੂੰ ਪਛਾੜਦੇ ਹੋਏ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ ਹੈ। ਇਸੇ ਤਰ ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਕਰਵਾਈ ਗਈ ਇੰਟਰ ਕਾਲਜ ਤਾਇਕਵਾਂਡੋ ਚੈਂਪੀਅਨਸ਼ਿਪ ਵਿੱਚ ਕਲੱਬ ਦੀਆਂ ਖਿਡਾਰਨਾਂ ਗੁਰਪ੍ਰੀਤ ਕੌਰ ਨੇ 57 ਕਿਲੋ ਭਾਰ ਵਰਗ ਵਿੱਚ ਚਾਂਦੀ ਅਤੇ ਮਨਜੀਤ ਕੌਰ ਨੇ 53 ਕਿਲੋ ਭਾਰ ਵਰਗ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਆਪਣੇ ਮਾਤਾ ਪਿਤਾ ਅਤੇ ਕਲੱਬ ਦਾ ਨਾਮ ਰੌਸ਼ਨ ਕੀਤਾ। ਇਨ ੍ਹਾਂ ਬੱਚਿਆਂ ਦਾ ਸਕੂਲ ਪਹੁੰਚਣ 'ਤੇ ਕਲੱਬ ਦੇ ਖਿਡਾਰੀਆਂ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਸਕੂਲ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ ਅਤੇ ਮੈਡਮ ਸੁਖਮੀਤ ਕੌਰ ਨੇ ਇਨ ੍ਹਾਂ ਬੱਚਿਆਂ ਅਤੇ ਕੋਚ ਨਵਤੇਜ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਤਰਸਿੱਕਾ ਦੀ ਨਵੀਂ ਬਣੀ ਗ੍ਰਾਮ ਪੰਚਾਇਤ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਗੁਰਦੁਆਰਾ ਗੰਮਗੜ ਸਾਹਿਬ (ਤਰਸਿੱਕਾ) ਵਿਖੇ ਮੁੱਖ ਸੇਵਾਦਾਰ ਬਾਬਾ ਅਜੈਬ ਸਿੰਘ ਅਤੇ ਬਾਬਾ ਹਰਬੰਸ ਸਿੰਘ ਦੀ ਯੋਗ ਅਗਵਾਈ ਵਿੱਚ ਤਿੰਨ ਦਿਨ ਤੋਂ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਸ ਮੌਕੇ ਪਿੰਡ ਤਰਸਿੱਕਾ ਦੀ ਚੁਣੀ ਗਈ ਨਵੀਂ ਗ੍ਰਾਮ ਪੰਚਾਇਤ ਜਿਵੇਂ ਸਰਪੰਚ ਜਗਦੀਪ ਸਿੰਘ, (ਸਰਪੰਚ ਜਰਮਨਜੀਤ ਸਿੰਘ ਕਰਤਾਰ ਸਿੰਘ ਨਗਰ ਨਹਿਰ ਤਰਸਿੱਕਾ,) ਪੰਚ ਹਰਦੇਵ ਸਿੰਘ, ਬਲਕਾਰ ਸਿੰਘ, ਗੁਰਵਰਿੰਦਰ ਸਿੰਘ, ਆਪ ਆਗੂ ਬਲਾਕ ਪ੍ਰਧਾਨ ਬਲਰਾਜ ਸਿੰਘ, ਜੁਆਇੰਟ ਸਕੱਤਰ ਵਿਸ਼ਾਲ ਸ਼ਰਮਾ ਵੱਲੋਂ ਗੁਰਦੁਆਰਾ ਗੰਮਗੜ ਸਾਹਿਬ ਵਿਖੇ ਨਤਮਸਤਕ ਹੋ ਕੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ ਗਿਆ। ਅਰਦਾਸ ਬੇਨਤੀ ਕਰਨ ਉਪਰੰਤ ਕਿਹਾ ਕਿ ਗ੍ਰਾਮ ਪੰਚਾਇਤ ਤਰਸਿੱਕਾ ਵੱਲੋਂ ਪਿੰਡ ਵਿੱਚ ਵਿਕਾਸ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ।ਇਸ ਮੌਕੇ ਗੁਰਦੁਆਰਾ ਗੰਮਗੜ ਸਾਹਿਬ ਦੇ ਮੁੱਖ ਸੇਵਾਦਾਰ ਵੱਲੋਂ ਸਮੁੱਚੀ ਤਰਸਿੱਕਾ ਦੀ ਨਵੀਂ ਬਣੀ ਗ੍ਰਾਮ ਪੰਚਾਇਤ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੰਗਤਾਂ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਵੱਖ ਵੱਖ ਪਕਵਾਨ ਵੀ ਤਿਆਰ ਕੀਤੇ ਗਏ।ਇਸ ਮੌਕੇ ਬਾਬਾ ਬਲਵੰਤ ਸਿੰਘ, ਦਿਆਲ ਸਿੰਘ, ਗੁਰਦੇਵ ਸਿੰਘ, ਬਲਰਾਜ ਕੌਰ, ਕੁਲਬੀਰ ਸਿੰਘ, ਕਰਮ ਸਿੰਘ ਦਿੱਲੀ, ਗੁਰਜੀਤ ਸਿੰਘ, ਗੁਰਜੀਤ ਸਿੰਘ,ਡਾ ਸ਼ੇਰਾਂ, ਮਲਕੀਤ ਸਿੰਘ, ਬਾਪੂ ਕਰਤਾਰ ਸਿੰਘ, ਦਰਬਾਰਾ ਸਿੰਘ, ਹਰਭਜਨ ਸਿੰਘ ਚੱਕੀ ਵਾਲੇ, ਸੁਖਵਿੰਦਰ ਸਿੰਘ ਮਾਨੀ, ਬਲਦੇਵ ਸਿੰਘ, ਨਿਰਵੈਲ ਸਿੰਘ, ਪ੍ਰਭਦੀਪ ਸਿੰਘ, ਅਮਨਦੀਪ ਸਿੰਘ, ਸ਼ਮਸ਼ੇਰ ਸਿੰਘ,ਹਰਭੇਜ ਸਿੰਘ, ਰਮਨਜੀਤ ਕੌਰ, ਬਲਜੀਤ ਕੌਰ, ਹਰਜੀਤ ਕੌਰ, ਮਨਬੀਰ ਸਿੰਘ, ਸੂਰਜ ਸਿੰਘ, ਬਲਜੀਤ ਸਿੰਘ ਠੇਕੇਦਾਰ, ਰਾਜ ਆਦਿ ਹਾਜ਼ਰ ਸਨ।

# ਲੋਕਾਂ ਵੱਲੋਂ ਦੁਕਾਨਾਂ ਅੱਗੇ ਗੱਡੀਆਂ ਪਾਰਕ ਕਰਨ 'ਤੇ ਆਵਾਜਾਈ 'ਚ ਪੈਂਦਾ ਭਾਰੀ ਵਿਘਨ

### ਟਰੈਫ਼ਿਕ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਖ਼ਿਲਾਫ਼ ਦੁਕਾਨਦਾਰਾਂ 'ਚ ਪਾਇਆ ਜਾ ਰਿਹਾ ਭਾਰੀ ਰੋਸ



**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ ਸ਼ਹਿਰ ਅੰਦਰ ਵਾਹਨ ਚਾਲਕਾਂ ਵੱਲੋਂ ਆਪਣੀਆਂ ਗੱਡੀਆਂ ਦੂਸਰੇ ਲੋਕਾਂ ਦੀਆਂ ਦੁਕਾਨਾਂ ਅੱਗੇ ਪਾਰਕਿੰਗ ਕੀਤੇ ਜਾਣ ਨਾਲ ਦੁਕਾਨਦਾਰਾਂ ਨੂੰ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਪਾਸੇ ਟਰੈਫ਼ਿਕ ਪੁਲਸ ਦਾ ਧਿਆਨ ਨਾ ਹੋਣ ਕਰਕੇ ਦੁਕਾਨਦਾਰਾਂ ਵਿਚ ਟਰੈਫ਼ਿਕ ਪੁਲਸ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਦੁਕਾਨਦਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਅੰਦਰ ਸੁੱਕੇ ਤਲਾਅ ਵਿਖੇ ਪਾਰਕਿੰਗ ਹੋਣ ਦੇ ਬਾਵਜੂਦ ਵੀ ਲੋਕਾਂ ਵਲੋਂ ਆਪਣੀਆਂ ਗੱਡੀਆਂ ਸੜਕਾਂ 'ਤੇ ਖੜੀਆਂ ਕਰਕੇ ਦੁਕਾਨਾਂ ਅੱਗੇ ਪਾਰਕਿੰਗ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਉਸ ਤੋਂ ਬਾਅਦ ਖ਼ੁਦ ਵਾਹਨ ਚਾਲਕ ਆਪਣੇ ਕੰਮ-ਕਾਜ ਲਈ ਅੱਗੇ-ਪਿੱਛੇ ਚਲੇ ਜਾਂਦੇ ਹਨ ਤੇ ਇਹ ਗੱਡੀਆਂ ਲੰਬਾ ਸਮਾਂ ਦੁਕਾਨਾਂ ਅੱਗੇ ਹੀ ਖੜ੍ਹੀਆਂ ਰਹਿੰਦੀਆਂ ਹਨ। ਉਨ ੍ਹਾਂ ਕਿਹਾ ਦੁਕਾਨਾਂ ਅੱਗੇ ਖੜੀਆਂ ਗੱਡੀਆਂ ਕਾਰਨ ਗਾਹਕਾਂ ਨੂੰ ਦੁਕਾਨਾਂ ਅੰਦਰ ਆਉਣ ਲਈ ਵੀ ਜਗ ੍ਹਾ ਨਹੀਂ ਮਿਲਦੀ ਅਤੇ ਆਪਣੀਆਂ ਦੁਕਾਨਾਂ ਦਾ ਸਾਮਾਨ ਕਈ ਵਾਰ ਅੰਦਰ ਬਾਹਰ ਕਰਨ ਸਮੇਂ ਮੁਸ਼ਕਿਲ ਪੇਸ਼ ਆਉਂਦੀ ਹੈ। ਉਨ ੍ਹਾਂ ਕਿਹਾ ਜਦੋਂ ਵਾਹਨ ਚਾਲਕ ਆਪਣੀ ਗੱਡੀ ਸਾਡੀਆਂ ਦੁਕਾਨਾਂ ਅੱਗੇ ਖੜ੍ਹੀ ਕਰ ਦਿੰਦਾ ਹੈ ਤਾਂ ਦੁਕਾਨ 'ਤੇ ਆਉਣ ਵਾਲੇ ਗਾਹਕ ਨੂੰ ਆਪਣਾ ਵਾਹਨ ਲਗਾਉਣ ਲਈ ਜਗ ੍ਹਾ ਨਹੀਂ ਮਿਲਦੀ ਤੇ ਉਹ ਵੀ ਕਾਫ਼ੀ ਪ੍ਰੇਸ਼ਾਨ ਹੁੰਦਾ ਹੈ। ਦੁਕਾਨਦਾਰਾਂ ਨੇ ਕਿਹਾ ਜਦੋਂ ਆਪਣੀ ਦੁਕਾਨ ਅੱਗੇ ਗੱਡੀ ਪਾਰਕ ਕਰਨ ਤੋਂ ਵਾਹਨ ਚਾਲਕ ਨੂੰ ਰੋਕਿਆ ਜਾਂਦਾ ਹੈ ਤਾਂ ਉਹ ਅੱਗੋਂ ਬਹਿਸਬਾਜ਼ੀ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਕਈ ਵਾਰ ਤਕਰਾਰ ਏਨੀ ਜ਼ਿਆਦਾ ਵੱਧ ਜਾਂਦੀ ਹੈ ਕਿ ਮਾਮਲਾ ਗਾਲੀ ਗਲੋਚ ਤੱਕ ਪਹੁੰਚ ਜਾਂਦਾ ਹੈ। ਉਨ ੍ਹਾਂ ਕਿਹਾ ਇਹ ਸਾਰਾ ਕੁਝ ਟਰੈਫ਼ਿਕ ਵਿਭਾਗ ਦੀ ਢਿੱਲੀ ਕਾਰਗੁਜ਼ਾਰੀ ਦਾ ਨਤੀਜਾ ਹੈ ਜੋ ਵਾਹਨ ਚਾਲਕ ਬਿਨ ੍ਹਾਂ ਟਰੈਫ਼ਿਕ ਪੁਲਿਸ ਦੇ ਡਰ ਤੋਂ ਜਦੋਂ ਚਾਹੇਂ ਸੜਕ 'ਤੇ ਦੁਕਾਨਾਂ ਅੱਗੇ ਗੱਡੀਆਂ ਪਾਰਕ ਕਰਕੇ ਚਲੇ ਜਾਂਦੇ ਹਨ। ਉਨ ੍ਹਾਂ ਕਿਹਾ ਟਰੈਫ਼ਿਕ ਪੁਲਿਸ ਦੀਆਂ ਗੱਡੀਆਂ ਸਾਰਾ ਦਿਨ ਸ਼ਹਿਰ ਅੰਦਰ ਘੁੰਮਦੀਆਂ ਹਨ ਪਰ ਅੱਖੀਂ ਦੇਖ ਕੇ ਵੀ ਇਨ ੍ਹਾਂ ਗਲਤ ਪਾਰਕਿੰਗ ਗੱਡੀਆਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਹੈ। ਉਨ ੍ਹਾਂ ਕਿਹਾ ਗੱਡੀਆਂ ਗਲਤ ਪਾਰਕਿੰਗ ਕਰਨ ਦੇ ਨਾਲ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਵੀ ਕਾਫ਼ੀ ਗੰਭੀਰ ਹੋ ਜਾਂਦੀ ਹੈ ਅਤੇ ਸੜਕ ਦਾ ਅੱਧਾ ਹਿੱਸਾ ਇਨ ੍ਹਾਂ ਗੱਡੀਆਂ ਵਲੋਂ ਮੱਲ ਲਿਆ ਜਾਂਦਾ ਹੈ ਜਿਸ ਨਾਲ ਰਾਹਗੀਰਾਂ ਨੂੰ ਲੰਘਣ ਲਈ ਜਗ ੍ਹਾ ਨਹੀਂ ਮਿਲਦੀ। ਉਨ ੍ਹਾਂ ਕਿਹਾ ਖ਼ਾਸ ਕਰਕੇ ਤਿੱਬੜੀ ਚੌਂਕ ਤੋਂ ਲੈ ਕੇ ਲਾਇਬ੍ਰੇਰੀ ਚੌਕ ਤੱਕ ਸੜਕ 'ਤੇ ਦੁਕਾਨਾਂ ਅੱਗੇ ਖੜੀਆਂ ਕੀਤੀਆਂ ਗੱਡੀਆਂ ਕਾਰਨ ਕਾਫੀ ਭੀੜ ਭੜਕਾ ਬਣਿਆ ਰਹਿੰਦਾ ਹੈ। ਉਨ ੍ਹਾਂ ਕਿਹਾ ਟਰੈਫ਼ਿਕ ਪੁਲਿਸ ਨੂੰ ਚਾਹੀਦਾ ਹੈ ਕਿ ਉਹ ਵੱਡੇ ਸ਼ਹਿਰਾਂ ਵਾਂਗ ਦੁਕਾਨਾਂ ਅੱਗੇ ਸੜਕ 'ਤੇ ਪਾਰਕ ਕੀਤੀਆਂ ਗੱਡੀਆਂ ਦੇ ਟਾਇਰਾਂ ਨੂੰ ਜਾਂ ਤਾਂ ਸ਼ਿਕੰਜਾ ਲਾਵੇ ਜਾਂ ਫ਼ਿਰ ਇਨ ੍ਹਾਂ ਗੱਡੀਆਂ ਨੂੰ ਟੋਚਨ ਕਰਕੇ ਥਾਣੇ ਲਿਜਾਇਆ ਜਾਵੇ ਤੇ ਇਨ ੍ਹਾਂ ਖ਼ਿਲਾਫ਼ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇ। ਉਨ ੍ਹਾਂ ਕਿਹਾ ਟਰੈਫ਼ਿਕ ਪੁਲਸ ਨੂੰ ਇਨ ੍ਹਾਂ ਨਜਾਇਜ਼ ਗੱਡੀਆਂ ਪਾਰਕ ਕਰਨ ਵਾਲੇ ਚਾਲਕਾਂ ਨੂੰ ਸੁੱਕੇ ਤਲਾਅ ਵਿਖੇ ਗੱਡੀਆਂ ਪਾਰਕ ਕਰਨ ਲਈ ਆਦੇਸ਼ ਜਾਰੀ ਕਰਨੇ ਚਾਹੀਦੇ ਹਨ ਤਾਂ ਜੋ ਦੁਕਾਨਦਾਰਾਂ ਅਤੇ ਆਮ ਰਾਹਗੀਰਾਂ ਨੂੰ ਇਸ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।

## ਕੇਂਦਰੀ ਜੇਲ੍ਹ ਅੰਦਰ ਬਾਹਰੋਂ ਮੋਬਾਇਲ ਤੇ ਹੋਰ ਸਾਮਾਨ ਸੁੱਟਣ ਦਾ ਮਾਮਲਾ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਕੇਂਦਰੀ ਜੇਲ ਗੁਰਦਾਸਪੁਰ ਅੰਦਰ ਮੋਬਾਇਲ ਤੇ ਹੋਰ ਸਾਮਾਨ ਸੁੱਟਣ ਵਾਲੇ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਕੇ2ਦਰੀ ਜੇਲ ਗੁਰਦਾਸਪੁਰ ਦੇ ਸੁਪਰਡੈਂਟ ਤੋਂ ਮਿਲੇ ਪੱਤਰ ਨੰਬਰ 9143 ਵਿਚ ਦੱਸਿਆ ਗਿਆ ਕਿ 8 ਨਵੰਬਰ ਨੂੰ ਸਮਾਂ 6.30 ਵਜੇ ਦੇ ਕਰੀਬ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਜੇਲ ਅੰਦਰ ਟਾਵਰ ਨੰਬਰ 6 ਦੇ ਨਜ਼ਦੀਕ ਜੇਲ ਦੇ ਅੰਦਰ ਚੀਜ਼ਾਂ ਸੁੱਟੀਆਂ ਗਈਆਂ ਜਿਨ ੍ਹਾਂ ਨੂੰ ਚੈੱਕ ਕਰਨ 'ਤੇ 2 ਮੋਬਾਇਲ ਫੋਨ ਨੋਕੀਆ ਸਮੇਤ ਬੈਟਰੀ ਬਿਨ ੍ਹਾਂ ਸਿਮ ਰੰਗ ਕਾਲਾ ਕੀ-ਪੈਡ ਵਾਲੇ, 4 ਬੰਡਲ ਬੀੜੀਆਂ, 2 ਤੰਬਾਕੂ ਦੀਆਂ ਪੁੜੀਆਂ, 1 ਡੱਬੀ ਸਿਗਰਟ ਬਰਾਮਦ ਹੋਈਆਂ ਹਨ।

ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਜ਼ੇਰੇ ਧਾਰਾ 52 ਏ ਜੇਲ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਲਿਟਲ ਫਲਾਵਰ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਖੇਡਾਂ ਆਰੰਭ




**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਲਿਟਲ ਫਲਾਵਰ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਫਾਦਰ ਜੋਸ਼ ਪਡਿਆਟੀ ਦੀ ਪ੍ਰਧਾਨਗੀ ਅਤੇ ਪ੍ਰਿੰਸੀਪਲ ਸਿਸਟਰ ਰਜੀਨਾ ਪੌਲ ਦੀ ਅਗਵਾਈ ਵਿੱਚ ਸਾਲਾਨਾ ਖੇਡਾਂ ਆਰੰਭ ਹੋਈਆਂ। ਖੇਡਾਂ ਦਾ ਉਦਘਾਟਨ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਜ਼ਿਲ ੍ਹਾ ਸਿੱਖਿਆ ਅਫ਼ਸਰ ਗੁਰਦਾਸਪੁਰ ਪਰਮਜੀਤ ਦੁਆਰਾ ਕੀਤਾ ਗਿਆ। ਇਸ ਮੌਕੇ ਡੀਈਓ ਪਰਮਜੀਤ ਨੇ ਖੇਡਾਂ ਸਾਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਅਤੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ। ਉਨ ੍ਹਾਂ ਨੇ ਖੇਡਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਵਿਦਿਆਰਥੀਆਂ ਨੂੰ ਪੜ ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾਇਰੈਕਟਰ ਫਾਦਰ ਜੋਸ਼ ਪਡਿਆਟੀ ਅਤੇ ਪ੍ਰਿੰਸੀਪਲ ਸਿਸਟਰ ਰਜੀਨਾ ਪੌਲ ਵੱਲੋਂ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਿੱਖਿਆ ਅਧਿਕਾਰੀ ਗੁਰਪਾਲ ਸਿੰਘ, ਮਨਜਿੰਦਰ ਸਿੰਘ ਢਿੱਲੋਂ, ਸੁਖਵਿੰਦਰ ਕੌਰ, ਹਰਲੀਨ ਕੌਰ, ਪੀ. ਆਰ. ਓ. ਸਵਰਨ ਸਿੰਘ, ਸਟਾਫ ਸੈਕਟਰੀ ਨੇਹਾ ਚੋਪੜਾ, ਮਨੀਰਾ ਬੱਲ, ਨਾਰਮਨ ਇਜੈਕੀਅਲ, ਪੀ. ਟੀ. ਪ੍ਰਦੀਪ ਸਨੇਹੀ, ਪ੍ਰਵੀਨ ਬਰਨਾਰਡ, ਜਸਬੀਰ ਕੌਰ ਆਦਿ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਡੀ. ਏ. ਪੀ. ਖਾਦ ਦੀ ਜਮ੍ਹਾਖੋਰੀ ਵਿਰੁੱਧ ਹੋਵੇਗੀ ਸਖਤ ਕਾਰਵਾਈ



**ਗੁਰਦਾਸਪੁਰ, (ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜਿਲੇ ਭਰ ਵਿਚ ਲੋੜੀਂਦੀ ਮਾਤਰਾ ਵਿਚ ਡੀ. ਏ. ਪੀ. ਤੇ ਹੋਰ ਖਾਦਾਂ ਦੀ ਉਪਲਬਧਤਾ ਹੈ ਅਤੇ ਕਿਸੇ ਵੀ ਡੀਲਰ ਵਲੋਂ ਖਾਦ ਦੀ ਜਮ ਾਖੋਰੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਸੁਰਿੰਦਰਪਾਲ ਸਿੰਘ ਨੇ ਕਿਹਾ ਕਿ ਸਹਿਕਾਰੀ ਸੁਸਾਇਟੀਆਂ ਤੇ ਡੀਲਰਾਂ ਰਾਹੀਂ ਕਿਸਾਨਾਂ ਨੂੰ ਖਾਦ ਮੁਹੱਈਆ ਕਰਵਾਈ ਜਾ ਰਹੀ ਹੈ ਤੇ ਜੇਕਰ ਕਿਸੇ ਡੀਲਰ ਵਲੋਂ ਜਮ ਾਖੋਰੀ ਕੀਤੀ ਪਾਈ ਗਈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ ੍ਹਾਂ ਨੇ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀਆਂ ਟੀਮਾਂ ਵਲੋਂ ਖਾਦ ਵਿਕਰੇਤਾਵਾਂ ਦੀ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ ੍ਹਾਂ ਨੇ ਇਹ ਵੀ ਹਦਾਇਤ ਕੀਤੀ ਕਿ ਜੇਕਰ ਕੋਈ ਖਾਦ ਵਿਕਰੇਤਾ ਸਰਕਾਰ ਵਲੋਂ ਨਿਰਧਾਰਿਤ ਰੇਟ ਤੋਂ ਵੱਧ ਵਸੂਲਦਾ ਹੈ ਜਾਂ ਕੋਈ ਟੈਗਿੰਗ ਕਰਦਾ ਹੈ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਟੀਮਾਂ ਵਲੋਂ ਜਿੱਥੇ ਕਿਸਾਨਾਂ ਨਾਲ ਲਗਾਤਾਰ ਰਾਬਤਾ ਰੱਖਿਆ ਜਾ ਰਿਹਾ ਹੈ ਉਥੇ ਹੀ ਡੀਲਰਾਂ ਦੇ ਸਟਾਕ ਰਜਿਸਟਰਾਂ ਵਿਚ ਦਰਜ ਖਾਦ ਦਾ ਸਟੋਰ ਵਿਚ ਪਈ ਖਾਦ ਨਾਲ ਮਿਲਾਣ ਕੀਤਾ ਜਾ ਰਿਹਾ ਹੈ।

## ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਵੱਲੋਂ ਕੈਸ਼ਲੈੱਸ ਸਕੀਮ ਪੰਜਾਬ ਸਾਰੇ ਹਸਪਤਾਲਾਂ 'ਚ ਜਾਰੀ ਕਰਨ ਦੀ ਮੰਗ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਮੰਡਲ ਕਾਦੀਆਂ ਵਿਖੇ ਯੂਨੀਅਨ ਪ੍ਰਧਾਨ ਬਾਵਾ ਸਿੰਘ ਠੀਕਰੀਵਾਲ ਅਤੇ ਸਕੱਤਰ ਪਰਮਜੀਤ ਸਿੰਘ ਕੋਟ ਦੀ ਹੇਠ ਹੋਈ ਜਿਸ ਵਿੱਚ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੀ ਸਖਤ ਸ਼ਬਦਾਂ ਵਿੱਚ ਆਲੋਚਨਾ ਕੀਤੀ ਗਈ।

ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਬਾਵਾ ਸਿੰਘ ਅਤੇ ਸਕੱਤਰ ਪਰਮਜੀਤ ਸਿੰਘ ਕੋਟ ਨੇ ਸਰਕਾਰ ਨੂੰ ਲੰਬੇ ਹੱਥੀ ਲੈਂਦਿਆਂ ਕਿਹਾ ਕਿ ਸਰਕਾਰ ਨੇ ਜਥੇਬੰਦੀ ਨੂੰ ਤਿੰਨ ਸਾਲ ਵਿੱਚ ਕੋਈ ਵੀ ਮੀਟਿੰਗ ਨਹੀਂ ਦਿੱਤੀ ਅਤੇ ਹੋਈਆਂ ਮੀਟਿੰਗਾਂ ਤੋਂ ਵੀ ਸਰਕਾਰ ਮੁੱਕਰਦੀ ਰਹੀ ਹੈ ਜੋ ਕਿ ਅੱਤੀ ਨਿੰਦਣਯੋਗ ਹਨ।ਉਨ ੍ਹਾਂ ਦੱਸਿਆ ਕਿ ਪਾਵਰ ਕਾਮ ਦੇ ਪੈਨਸ਼ਨਰਾਂ ਦਾ 01-01-2016 ਤੋਂ 03-06-2021 ਤੱਕ ਪੈਨਸ਼ਨਾਂ ਵਿੱਚ ਕੀਤੇ ਵਾਧੇ ਦਾ ਬਕਾਇਆ ਦਿੱਤਾ ਜਾਵੇ, ਪੰਜਾਬ ਸਰਕਾਰ ਦੇ ਫੈਸਲਿਆਂ ਨੂੰ ਇਨ ਬਿਨ ਲਾਗੂ ਕੀਤਾ ਜਾਵੇ, ਪੀਐੱਸਪੀਸੀਐਲ ਨੂੰ ਪ੍ਰਾਈਵੇਟ ਹੱਥਾਂ ਵਿੱਚ ਨਾ ਦਿੱਤਾ ਜਾਵੇ, ਮੈਡੀਕਲ ਭੱਤੇ ਵਿੱਚ ਵਾਧਾ ਕੀਤਾ ਜਾਵੇ, 23 ਸਾਲਾ ਬਿਨਾਂ ਸ਼ਰਤ ਸਾਰਿਆਂ ਨੂੰ ਦਿੱਤਾ ਜਾਵੇ, ਚਿੱਪ ਵਾਲੇ ਮੀਟਰ ਨਾ ਲਾਏ ਜਾਣ, ਕੈਸ਼ਲੈੱਸ ਸਕੀਮ ਨੂੰ ਪੰਜਾਬ ਦੇ ਸਾਰੇ ਹਸਪਤਾਲਾਂ ਵਿੱਚ ਜਾਰੀ ਕੀਤਾ ਜਾਵੇ, ਇਸ ਭੁਗਤਾਨ ਨੂੰ ਸਰਕਾਰ ਜਾਂ ਮੈਨੇਜਮੈਂਟ ਆਪ ਕਰੇ, ਖਾਲੀ ਅਸਾਮੀਆਂ ਨੂੰ ਜਲਦੀ ਭਰਿਆ ਜਾਵੇ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, 15% ਡੀਏ ਦਾ ਬਕਾਇਆ ਸਰਕਾਰ ਵੱਲੋਂ ਦੇਣ ਵਾਲਾ ਹੈ ਜੋ 4% ਡੀਏ ਦੇ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੋਝਾ ਮਜ਼ਾਕ ਕੀਤਾ ਹੈ।ਹਾਈ ਕੋਰਟ ਦੇ ਕੁਝ ਫੈਸਲੇ ਪੈਨਸ਼ਨਰਾਂ ਦੇ ਹੱਕ ਵਿੱਚ ਆਏ ਹਨ ਪਰ ਪੰਜਾਬ ਸਰਕਾਰ ਨੇ ਚੁੱਪੀ ਧਾਰੀ ਹੋਈ ਹੈ। ਇਸ ਤੋਂ ਇਲਾਵਾ ਸਾਰੇ ਬੁਲਾਰਿਆਂ ਨੇ ਉਪਰੋਕਤ ਸਾਰੀਆਂ ਮੰਗਾਂ ਨੂੰ ਵਿਚਾਰਾਂ ਕਰਕੇ ਸਰਕਾਰ ਅਤੇ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜੇ ਆਪਣਾ ਰਵੱਈਆ ਨਾ ਬਦਲਿਆ ਅਤੇ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਵੱਡੇ ਸੰਘਰਸ਼ ਉਲੀਕੇ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਕਲ ਸਕੱਤਰ ਡਾਕਟਰ ਦਵਿੰਦਰ ਸਿੰਘ, ਸੁਰਜੀਤ ਸਿੰਘ ਨੰਗਲਝੋਰ, ਗੁਰਮੇਜ ਸਿੰਘ ਬੁੱਟਰ, ਸੋਹਣ ਲਾਲ, ਸਤਨਾਮ ਸਿੰਘ ਖਾਰਾ, ਅਨੈਤ, ਜੋਗਾ ਸਿੰਘ, ਰਵੇਲ ਸਿੰਘ ਆਦਿ ਹਾਜ਼ਰ ਸਨ।

## ਮੰਦਰ ਗਾਗਰਾਂ ਵਾਲਾ ਵਿਖੇ ਲੱਗਾ ਮੁਫਤ ਮੈਡੀਕਲ ਕੈਂਪ



**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਸ਼੍ਰੀ ਰਾਧਾ ਕ੍ਰਿਸ਼ਨਾ ਡਰਾਮਾਟਿਕ ਕਲੱਬ ਫ਼ਤਿਹਗੜ੍ਹ ਚੂੜੀਆਂ ਅਤੇ ਭਾਈ ਕਨ੍ਹੱਈਆ ਸਿਹਤ ਸੇਵਾ ਯਾਤਰਾ ਦੇ ਸਹਿਯੋਗ ਨਾਲ ਸੇਵਾ ਭਾਰਤੀ ਪੰਜਾਬ ਵੱਲੋਂ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਮੰਦਿਰ ਗਾਗਰਾਂ ਵਾਲਾ ਵਿਖੇ ਲਗਾਇਆ ਗਿਆ ਜਿਸ ਵਿੱਚ ਡਾ. ਕਰਨ ਸ਼ਰਮਾ ਈ. ਐੱਨ. ਟੀ. ਸਪੈਸ਼ਲਿਸਟ ਤੋਂ ਇਲਾਵਾ ਮੈਡੀਸਿਨ ਦੇ ਵੱਖ-ਵੱਖ ਡਾਕਟਰਾਂ ਨੇ ਲੋਕਾਂ ਦਾ ਚੈਕਅੱਪ ਕੀਤਾ।ਇਸ ਕੈਂਪ ਵਿੱਚ ਲੋਕਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਅਤੇ ਸ਼ੂਗਰ ਤੇ ਬਲੱਡ ਪ੍ਰੈਸ਼ਰ ਚੈੱਕ ਕੀਤਾ ਗਿਆ।ਕੈਂਪ ਦਾ ਉਦਘਾਟਨ ਬਾਵਾ ਲਾਲ ਦਿਆਲ ਸੇਵਕ ਫ਼ਤਿਹਗੜ੍ਹ ਚੂੜੀਆਂ ਦੇ ਪ੍ਰਧਾਨ ਵਿਜੇ ਜੌਲੀ ਵੱਲੋਂ ਆਪਣੇ ਸਾਥੀਆਂ ਸੁਰਿੰਦਰ ਸ਼ਰਮਾ, ਸੁਨੀਲ ਗੁਲਾਟੀ, ਮਾ. ਸੁਭਾਸ਼ ਸ਼ਰਮਾ, ਨਰਿੰਦਰ ਪਾਸੀ, ਪੰ. ਦਿਨੇਸ਼ ਚੰਦ ਸ਼ਰਮਾ, ਹਰੀਸ਼ ਵਰਮਾ ਸਮੇਤ ਕੀਤਾ ਗਿਆ।ਕਲੱਬ ਵੱਲੋਂ ਪ੍ਰਧਾਨ ਵਿਜੇ ਜੌਲੀ, ਸੁਰਿੰਦਰ ਸ਼ਰਮਾ ਸਮੇਤ ਡਾ. ਕਰਨ ਸ਼ਰਮਾ ਸਮੇਤ ਟੀਮ ਨੂੰ ਸਨਮਾਨਿਤ ਕੀਤਾ ਗਿਆ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਅਮਿਤ ਭੰਡਾਰੀ ਅਤੇ ਹਰੀਸ਼ ਅਰੋੜਾ ਨੇ ਸਾਂਝੇ ਤੌਰ ਤੇ ਕਿਹਾ ਕਿ ਇਸ ਤਰ ੍ਹਾਂ ਦੇ ਕੈਂਪ ਅੱਗੇ ਵੀ ਜਾਰੀ ਰਹਿਣਗੇ ਅਤੇ ਲੋਕਾਂ ਨੂੰ ਸਿਹਤ ਸੁਵਿਧਾਵਾਂ ਪੱਖੋਂ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ ੍ਹਾਂ ਨੇ ਆਈ ਹੋਈ ਡਾਕਟਰਾਂ ਦੀ ਟੀਮ ਦਾ ਧੰਨਵਾਦ ਕਰਦਿਆਂ ਭਵਿੱਖ ਲਈ ਸਹਿਯੋਗ ਮੰਗਿਆ।ਇਸ ਦੌਰਾਨ ਸ਼੍ਰੀ ਬਾਵਾ ਲਾਲ ਦਿਆਲ ਸੇਵਕ ਸਭਾ ਵੱਲੋਂ ਵੀ ਡਾਕਟਰਾਂ/ਟੀਮ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਸੰਦੀਪ ਸ਼ਰਮਾ, ਅਨਿਲ ਸਮੰਤ, ਚਾਂਦ ਮਹਿਰਾ, ਰਾਹੁਲ ਸ਼ਰਮਾ, ਗੌਰਵ ਅਰੋੜਾ ਆਦਿ ਹਾਜ਼ਰ ਸਨ।

# ਸਵ: ਖੁਸ਼ਹਾਲ ਬਹਿਲ ਦੀ 97ਵੀਂ ਜਯੰਤੀ ਨੂੰ ਸਮਰਪਿਤ 'ਸਮਰਪਣ ਦਿਵਸ' ਮਨਾਇਆ

### ਕੈਂਸਰ ਜਾਂਚ ਤੇ ਜਾਗਰੂਕਤਾ/ਖ਼ੂਨਦਾਨ ਕੈਂਪ ਆਯੋਜਿਤ, ਸ਼ਹੀਦ ਪਰਿਵਾਰ ਸਨਮਾਨਿਤ




**ਡੇਰਾ ਬਾਬਾ ਨਾਨਕ, ਗੁਰਦਾਸਪੁਰ (ਰਮੇਸ਼ ਸ਼ਰਮਾ, ਦਿਨੇਸ਼ ਕੁਮਾਰ)**-ਸਵ: ਖੁਸ਼ਹਾਲ ਬਹਿਲ (ਸਾਬਕਾ ਮੰਤਰੀ, ਪੰਜਾਬ) ਦੀ 97ਵੀਂ ਜਯੰਤੀ ਮੌਕੇ 'ਸਮਰਪਣ ਦਿਵਸ' ਗੁਰਦਾਸਪੁਰ ਪਬਲਿਕ ਸਕੂਲ, ਬਹਿਰਾਮਪੁਰ ਰੋਡ ਵਿਖੇ ਮਨਾਇਆ ਗਿਆ ਜਿਸ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਚੇਅਰਮੈਨ ਰਮਨ ਬਹਿਲ ਵਲੋਂ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਲਗਾਏ ਗਏ ਕੈਂਪਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਚੇਅਰਮੈਨ ਰਮਨ ਬਹਿਲ ਵਲੋਂ 12 ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ ਵਿੱਚ 250 ਲੋੜਵੰਦ ਲੋਕਾਂ ਨੇ ਮੈਡੀਕਲ ਚੈੱਕਅੱਪ ਕਰਵਾਇਆ ਅਤੇ ਖ਼ੂਨਦਾਨ ਕੈਂਪ ਵਿੱਚ 83 ਯੂਨਿਟ ਖ਼ੂਨਦਾਨ ਇਕੱਤਰ ਹੋਇਆ।ਇਸ ਮੌਕੇ ਸਮਸ਼ੇਰ ਸਿੰਘ ਹਲਕਾ ਇੰਚਾਰਜ ਦੀਨਾਨਗਰ, ਬਾਵਾ ਬਹਿਲ, ਹਨੀ ਬਹਿਲ, ਇੰਨਰਵ੍ਹੀਲ ਕਲੱਬ ਦੇ ਪ੍ਰਧਾਨ ਸੋਨੀਆ ਸੱਚਰ, ਸ਼ੈਲੀ ਮਹਾਜਨ ਸੈਕਟਰੀ, ਅਰਚਨਾ ਬਹਿਲ, ਐਮ. ਡੀ, ਗੁਰਦਾਸਪੁਰ ਪਬਲਿਕ ਸਕੂਲ, ਸੁਨੀਤਾ ਸ਼ਰਮਾ, ਕੇਸ਼ਵ ਬਹਿਲ, ਸੰਗੀਤਾ ਮਲਹੋਤਰਾ, ਬਲੱਡ ਡੋਨਰਜ਼ ਸੁਸਾਇਟੀ ਅਤੇ ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਕਲਾਨੌਰ ਦੇ ਪ੍ਰਧਾਨ ਰਾਜੇਸ਼ ਬੱਬੀ, ਪ੍ਰਵੀਨ, ਚੇਅਰਮੈਨ ਭਾਰਤ ਭੂਸ਼ਣ ਸ਼ਰਮਾ, ਕੁੰਵਰ ਰਵਿੰਦਰ ਵਿੱਕੀ,ਚੇਅਰਮੈਨ ਸੁੱਚਾ ਸਿੰਘ ਮੁਲਤਾਨੀ, ਸਾਬਕਾ ਚੇਅਰਮੈਨ ਨੀਰਜ ਸਲਹੋਤਰਾ, ਨੈਸ਼ਨਲ ਐਵਾਰਡੀ ਰੋਮੇਸ ਮਹਾਜਨ, ਅਨੂੰ ਗੰਡੋਤਰਾ, ਅਭੈ ਮਹਾਜਨ,ਅਵਤਾਰ ਸਿੰਘ ਘੁੰਮਣ, ਹਰਪ੍ਰੀਤ ਸਿੰਘ ਰਾਣੂੰ, ਪੁਸ਼ਪਿੰਦਰ ਸਿੰਘ, ਸੁਖਵਿੰਦਰ ਮੱਲੀ, ਰਿਸ਼ਵ ਸ਼ਰਮਾ ਸਮੇਤ ਗੁਰਦਾਸਪੁਰ ਸ਼ਹਿਰ ਦੀਆਂ ਮੋਹਤਬਰ ਸਖ਼ਸ਼ੀਅਤਾਂ ਮੌਜੂਦ ਸਨ।ਇਸ ਮੌਕੇ ਭੁੱਲਰ ਵਲੋਂ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਦਾ ਦੌਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬਹਿਲ ਪਰਿਵਾਰ ਵਲੋਂ ਲੋੜਵੰਦ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਲੋਕਾਂ ਦੀ ਸਹੂਲਤਾਂ ਲਈ ਕੈਂਸਰ ਅਵੇਅਰਨੈਸ ਲੀਫਲੈਟ ਅਤੇ ਲੈਕਚਰ, ਸ਼ੂਗਰ ਅਤੇ ਬੀ.ਪੀ. ਚੈੱਕਅੱਪ, ਡਾਕਟਰੀ ਜਾਂਚ ਅਤੇ ਸਲਾਹ, ਔਰਤਾਂ ਦੀ ਛਾਤੀ ਲਈ ਮੈਮੋਗ੍ਰਾਫੀ ਟੈਸਟ, ਔਰਤਾਂ ਦੀ ਬੱਚੇਦਾਨੀ ਲਈ ਪੈਪ-ਸਮੀਅਰ ਟੈਸਟ, ਬੰਦਿਆਂ ਦੇ ਗਦੂਦਾਂ ਦੀ ਜਾਂਚ ਲਈ ਪੀ.ਐਸ.ਏ. ਟੈਸਟ, ਬਲੱਡ ਕੈਂਸਰ ਦੀ ਜਾਂਚ ਟੈਸਟ, ਮੂੰਹ ਅਤੇ ਗਲੇ ਦਾ ਜਾਂਚ, ਹੱਡੀਆਂ ਦੀ ਜਾਂਚ ਲਈ ਟੈਸਟ, ਜਨਰਲ ਦਵਾਈਆਂ ਅਤੇ ਕੈਂਸਰ ਮਰੀਜ਼ਾਂ ਨੂੰ ਸਹੀ ਸਲਾਹ ਆਦਿ ਜਾਂਚ ਕੀਤੀ ਗਈ ਤੇ ਟੈਸਟ ਮੁਫ਼ਤ ਕੀਤੇ ਗਏ।ਇਸ ਕੈਂਪ ਲਈ ਵਰਲਡ ਕੈਂਸਰ ਕੇਅਰ ਸੁਸਾਇਟੀ ਅਤੇ ਇਨਰ ਵ੍ਹੀਲ ਕਲੱਬ, ਗੁਰਦਾਸਪੁਰ ਵੱਲੋਂ ਸਹਿਯੋਗ ਦਿੱਤਾ ਗਿਆ।ਇਸ ਮੌਕੇ ਉਨ ੍ਹਾਂ ਵੱਲੋਂ 12 ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਤੇ ਕਿਹਾ ਕਿ ਸ਼ਹੀਦ ਦੇਸ਼ ਦਾ ਕੀਮਤੀ ਸਰਮਾਇਆ ਹਨ ਅਤੇ ਇਨ ੍ਹਾਂ ਦੀ ਬਦੌਲਤ ਹੀ ਅਸੀਂ ਆਪਣੇ ਘਰਾਂ ਵਿੱਚ ਮਹਿਫ਼ੂਜ਼ ਹਾਂ।

ਇਸ ਮੌਕੇ ਰਮਨ ਬਹਿਲ, ਚੇਅਰਮੈਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਪੰਜਾਬ ਸਰਕਾਰ ਨੇ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਹਿਲ ਪਰਿਵਾਰ ਹਮੇਸ਼ਾ ਗੁਰਦਾਸਪੁਰ ਹਲਕੇ ਦੇ ਲੋਕਾਂ ਦੀ ਸੇਵਾ ਕਰਨ ਲਈ ਵਚਨਬੱਧ ਹੈ।

ਨਵਾਂ ਜ਼ਮਾਨਾ
ਮੰਗਲਵਾਰ, 12 ਨਵੰਬਰ 2024

# ਟਰੰਪ ਦੀ ਜਿੱਤ 'ਚ ਚਰਚ ਦਾ ਵੱਡਾ ਰੋਲ

ਚੋਣਾਂ ਤੋਂ ਪਹਿਲਾਂ ਅਮਰੀਕਾ ਦੀ ਜਿਸ ਨਾਮੀ ਅਖਬਾਰ 'ਨਿਊ ਯਾਰਕ ਟਾਈਮਜ਼' ਨੇ ਆਪਣੀ ਸੰਪਾਦਕੀ ਵਿੱਚ ਡੋਨਾਲਡ ਟਰੰਪ ਦੇ ਬਖੀਏ ਉਧੇੜ ਦਿੱਤੇ, ਉਸ ਨੂੰ ਝੂਠਾ, ਗਰੀਬਾਂ ਤੇ ਮੱਧ ਵਰਗ ਨੂੰ ਤਬਾਹ ਕਰਨ ਵਾਲਾ ਕਰਾਰ ਦਿੱਤਾ, ਜਮਹੂਰੀਅਤ ਲਈ ਖਤਰਾ ਤੇ ਤਾਨਾਸ਼ਾਹੀ ਨੂੰ ਬੜ੍ਹਾਵਾ ਦੇਣ ਵਾਲਾ ਦੱਸਿਆ, ਉਸੇ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਚੋਣ 'ਚ ਸ਼ਾਨਦਾਰ ਜਿੱਤ ਦਰਜ ਕੀਤੀ। ਇਹ ਚਮਤਕਾਰ ਕਿਵੇਂ ਹੋਇਆ?

ਟਰੰਪ ਦੀ ਟੋਲੀ ਦੀਆਂ ਹੋਰਨਾਂ ਤਰਕੀਬਾਂ ਤੋਂ ਇਲਾਵਾ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਹੈ ਕਿ ਉਸ ਨੇ ਚਰਚਾਂ ਨੂੰ ਖੂਬ ਵਰਤਿਆ। ਸ਼ਹਿਰਾਂ ਤੋਂ ਦੂਰ ਪਿੰਡਾਂ 'ਚ ਚਰਚਾਂ ਦੀ ਤਕੜੀ ਪਕੜ ਹੈ ਅਤੇ ਲੋਕ ਅਕਸਰ ਆਪਣੀ ਜ਼ਿੰਦਗੀ ਦੇ ਫੈਸਲੇ ਤੱਕ ਲੈਣ ਲਈ ਚਰਚਾਂ 'ਤੇ ਨਿਰਭਰ ਕਰਦੇ ਹਨ। ਟਰੰਪ ਦੀ ਟੋਲੀ ਨੇ ਡੈਮੋਕਰੇਟਾਂ ਨੂੰ ਨਾ ਸਿਰਫ ਇਕ ਵਿਰੋਧੀ ਪਾਰਟੀ ਦੇ ਮੈਂਬਰ, ਸਗੋਂ ਦੇਸ਼ਧ੍ਰੋਹੀਆਂ ਤੇ ਅਫਰਾਤਫਰੀ ਦੇ ਏਜੰਟਾਂ ਦੇ ਰੂਪ ਵਿੱਚ ਪੇਸ਼ ਕੀਤਾ। ਗਰਭਪਾਤ ਦੀ ਆਗਿਆ ਦੇਣ ਦੇ ਮਾਮਲੇ ਵਿਚ ਡੈਮੋਕਰੇਟ ਉਮੀਦਵਾਰ ਕਮਲਾ ਹੈਰਿਸ ਦੇ ਰੁਖ ਨੂੰ ਚਰਚ ਵੈਸੇ ਵੀ ਈਸ਼ਵਰ ਵਿਰੋਧੀ ਮੰਨ ਰਹੇ ਸਨ। ਕਾਲਮ ਨਵੀਸ ਰੁਚਿਰਾ ਗੁਪਤਾ ਨੇ 'ਦੀ ਏਸ਼ੀਅਨ ਏਜ' ਵਿੱਚ ਲਿਖੇ ਇਕ ਲੇਖ 'ਚ ਦੱਸਿਆ ਹੈ ਕਿ ਜਦ ਉਹ ਚੋਣ ਪ੍ਰਚਾਰ ਦੌਰਾਨ ਪੈਨਸਿਲਵੇਨੀਆ ਦੇ ਵਿੱਚੋ-ਵਿੱਚ ਲੰਘੀ ਤਾਂ ਘਰ, ਸਕੂਲ ਤੇ ਹਸਪਤਾਲ ਮੀਲਾਂ ਦੇ ਵਕਫੇ ਵਿੱਚ ਨਜ਼ਰ ਆਏ। ਚਰਚਾਂ ਤੋਂ ਇਲਾਵਾ ਲੋਕਾਂ ਨੂੰ ਜੋੜਨ ਵਾਲਾ ਕੁਝ ਵੀ ਨਾਂਹ ਦੇ ਬਰਾਬਰ ਨਜ਼ਰ ਆਇਆ। ਇਹ ਸਿਰਫ ਪ੍ਰਾਰਥਨਾ ਕੇਂਦਰ ਹੀ ਨਹੀਂ, ਸਗੋਂ ਬੱਚਿਆਂ ਦੀ ਦੇਖਭਾਲ, ਸਿੱਖਿਆ, ਸਮਾਜੀ ਸੇਵਾ ਤੇ ਇੱਥੋਂ ਤੱਕ ਕਿ ਸਿਆਸੀ ਪਾਠ ਪੜ੍ਹਾਉਣ ਵਾਲੇ ਸਨ। ਅਜਿਹੇ ਭਾਈਚਾਰਿਆਂ, ਜਿੱਥੇ ਸਥਾਨਕ ਬੁਨਿਆਦੀ ਢਾਂਚਾ ਕਮਜ਼ੋਰ ਤੇ ਅਲੱਗ-ਥਲੱਗ ਹੋਵੇ, ਵਿੱਚ ਚਰਚ ਅਜਿਹੀ ਭੂਮਿਕਾ ਨਿਭਾਉਂਦੇ ਹਨ, ਜਿਸ ਦਾ ਵਿਖਿਆਨ ਕਰਨਾ ਵੀ ਮੁਸ਼ਕਲ ਹੈ। ਜਿਨ੍ਹਾਂ ਲੋਕਾਂ ਨਾਲ ਗੱਲ ਕੀਤੀ, ਉਨ੍ਹਾਂ 'ਚ ਇਹ ਗੱਲ ਘਰ ਕਰ ਚੁੱਕੀ ਸੀ ਕਿ ਟਰੰਪ ਹੀ ਅਮਰੀਕਾ ਨੂੰ ਬਚਾਉਣ ਵਾਲਾ ਸ਼ਖਸ ਹੈ। ਇਕ ਟੈਕਸੀ ਡਰਾਈਵਰ ਦੀਆਂ ਗੱਲਾਂ ਤੋਂ ਲੱਗਿਆ ਕਿ ਟਰੰਪ ਇਕ ਤਰ੍ਹਾਂ ਨਾਲ ਬਾਈਬਲ ਦਾ ਪਾਤਰ ਹੈ, ਜਿਹੜਾ ਅਫਰਾਤਫਰੀ ਵੱਲ ਵਧ ਰਹੀ ਦੁਨੀਆ ਦੇ ਖਿਲਾਫ ਖੜ੍ਹਾ ਹੈ। ਉਸ ਲਈ ਡੈਮੋਕਰੇਟ ਸਿਰਫ ਵਿਰੋਧੀ ਪਾਰਟੀ ਦੇ ਮੈਂਬਰ ਨਹੀਂ ਸਨ, ਬਲਕਿ ਚੀਨ ਨਾਲ ਮਿਲ ਕੇ ਅਮਰੀਕਾ ਨੂੰ ਤਬਾਹ ਕਰਨ ਦੀਆਂ ਸਾਜ਼ਿਸ਼ਾਂ ਘੜਨ ਵਾਲੇ ਸਨ। ਜਦੋਂ ਉਸ ਨੂੰ ਪੁੱਛਿਆ ਕਿ ਤੈਨੂੰ ਇਹ ਸਭ ਕਿੱਥੋਂ ਪਤਾ ਲੱਗਿਆ ਤਾਂ ਉਸ ਨੇ ਜਵਾਬ ਦਿੱਤਾ, ਚਰਚ ਤੋਂ। ਇਕ ਢਾਬੇ 'ਤੇ ਗੱਲਬਾਤ ਦੌਰਾਨ ਵੀ ਲੋਕਾਂ ਨੇ ਅਜਿਹੀਆਂ ਗੱਲਾਂ ਕੀਤੀਆਂ। ਪੁੱਛਣ 'ਤੇ ਉਨ੍ਹਾਂ ਵੀ ਕਿਹਾ ਕਿ ਇਹ ਗੱਲਾਂ ਚਰਚ ਤੋਂ ਪਤਾ ਲੱਗੀਆਂ। ਨਿਊ ਯਾਰਕ ਦੇ ਇਕ ਹੋਟਲ ਦੀ ਮਹਿਲਾ ਮੁਲਾਜ਼ਮ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਇਕ ਵੱਡੇ ਚਰਚ ਵਿੱਚ ਜਾਂਦੀ ਹੈ, ਜਿੱਥੇ ਪਾਦਰੀ ਅਪ੍ਰਵਾਸ, ਗਰਭਪਾਤ ਤੇ ਕੌਮੀ ਸੁਰੱਖਿਆ ਨੂੰ ਖਤਰਾ ਦੇ ਮੁੱਦਿਆਂ 'ਤੇ ਗੱਲ ਕਰਦੇ ਹਨ। ਇਹ ਇੰਜ ਸੀ, ਜਿਵੇਂ ਇਕ ਮੁਹਿੰਮ ਚਲਾਈ ਹੋਈ ਸੀ। ਰੁਚਿਰਾ ਨੇ ਨਤੀਜਾ ਕੱਢਿਆ ਕਿ ਕਮਲਾ ਹੈਰਿਸ ਸਿਰਫ ਆਪਣੀਆਂ ਨੀਤੀਆਂ ਜਾਂ ਪਛਾਣ ਕਾਰਨ ਨਹੀਂ ਹਾਰੀ, ਸਗੋਂ ਇਸ ਕਰਕੇ ਹਾਰੀ ਕਿ ਉਸ ਦਾ ਸੰਦੇਸ਼ ਚਰਚਾਂ ਦੇ ਵਿਸ਼ਾਲ ਨੈੱਟਵਰਕ ਵਿੱਚ ਪ੍ਰਵੇਸ਼ ਨਹੀਂ ਕਰ ਸਕਿਆ।

ਅਮਰੀਕੀ ਚੋਣਾਂ ਨੇ ਇਕ ਵਾਰ ਫਿਰ ਸਾਬਤ ਕੀਤਾ ਹੈ ਕਿ ਧਰਮ ਗੁਰੂ ਚੋਣਾਂ ਵਿੱਚ ਕਿੰਨਾ ਵੱਡਾ ਰੋਲ ਨਿਭਾਉਂਦੇ ਹਨ। ਭਾਰਤ ਵਿੱਚ ਭਾਜਪਾ ਨੂੰ ਵੀ ਇਸ ਦਾ ਬਹੁਤ ਫਾਇਦਾ ਮਿਲਿਆ ਹੈ। ਦੂਜੀ ਵੱਡੀ ਪਾਰਟੀ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਵੀ ਅੱਜਕੱਲ੍ਹ ਚੋਣਾਂ ਵੇਲੇ ਧਰਮ ਸਥਾਨਾਂ ਦੇ ਚੱਕਰ ਲਾਉਂਦੇ ਹਨ, ਪਰ ਉਨ੍ਹਾਂ ਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਭਾਜਪਾ ਲਈ ਉਸ ਦੀ ਮਾਂ ਆਰ ਐੱਸ ਐੱਸ ਨੇ ਇਕ ਸਦੀ ਲਾ ਕੇ ਅਜਿਹਾ ਨੈੱਟਵਰਕ ਬਣਾਇਆ ਹੈ, ਜਿਹੜਾ ਝੂਠ ਨੂੰ ਸੱਚ ਸਾਬਤ ਕਰ ਸਕਦਾ ਹੈ। ਇਸ ਨੈੱਟਵਰਕ ਨੂੰ ਤਾਂ ਹੀ ਤਬਾਹ ਕੀਤਾ ਜਾ ਸਕਦਾ ਹੈ, ਜੇ ਭਾਜਪਾ ਨੂੰ ਸੱਤਾ ਤੋਂ ਲਾਹੁਣਾ ਚਾਹੁੰਦੀਆਂ ਪਾਰਟੀਆਂ ਨਿਰੰਤਰ ਪਿੰਡਾਂ ਵਿੱਚ ਜਾ ਕੇ ਪ੍ਰਚਾਰ ਕਰਨ ਕਿ ਧਰਮ ਨੇ ਗਰੀਬੀ ਤੇ ਬੇਰੁਜ਼ਗਾਰੀ ਦੂਰ ਨਹੀਂ ਕਰਨੀ। ਭਾਜਪਾ ਜਿਨ੍ਹਾਂ ਨੀਤੀਆਂ ਨੂੰ ਲਾਗੂ ਕਰ ਰਹੀ ਹੈ, ਉਸ ਨਾਲ ਗਰੀਬੀ ਵਧਣੀ ਹੀ ਹੈ ਤੇ ਅਮੀਰਾਂ ਨੇ ਹੋਰ ਅਮੀਰ ਹੋਣਾ ਹੈ।

## ਪਾਠਕ-ਸੱਥ

### ਇੰਟਰਨੈੱਟ ਤੇ ਨੌਜਵਾਨ ਪੀੜ੍ਹੀ

ਇੰਟਰਨੈੱਟ ਨੇ ਸਾਰੀ ਦੁਨੀਆ ਨੂੰ ਜੋੜ ਕੇ ਆਪਸ ਵਿੱਚ ਬਹੁਤ ਛੋਟਾ ਕਰ ਦਿੱਤਾ ਹੈ, ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਦੀ ਵਰਤੋਂ ਨੇ ਅਸ਼ਲੀਲਤਾ, ਅਨੈਤਿਕਤਾ ਦਾ ਜ਼ਿਆਦਾ ਪ੍ਰਚਾਰ ਕੀਤਾ ਹੈ। ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਸੰਦੇਸ਼ ਪਹੁੰਚਾ ਦੇਣਾ ਸੰਭਵ ਕਰ ਦਿੱਤਾ ਹੈ ਅਤੇ ਵੈੱਬਸਾਈਟ 'ਤੇ ਕੋਈ ਵੀ ਦ੍ਰਿਸ਼ ਪੜ੍ਹਾਈ , ਸਮੱਗਰੀ ਵਿਖਾ ਦੇਣਾ ਸੰਭਵ ਬਣਾ ਦਿੱਤਾ ਹੈ। ਇਹਨਾਂ ਸਾਧਨਾਂ ਕਰਕੇ ਮੀਡੀਆ ਤੰਤਰ ਭਿੰਨ- ਭਿੰਨ ਪ੍ਰਕਾਰ ਦੀਆਂ ਸਹੂਲਤਾਂ ਦਿੰਦਾ ਹੈ। ਜਿਵੇਂ ਕਿਸੇ ਵੀ ਚੀਜ ਦਾ ਗਲਤ ਇਸਤੇਮਾਲ ਹੋ ਜਾਵੇ ਤਾਂ ਉਹ ਚੀਜ਼ ਬੁਰੀ ਹੋ ਜਾਂਦੀ ਹੈ, ਜਿਵੇਂ ਟੀ ਵੀ, ਇੰਟਰਨੈੱਟ, ਵਟਸਐਪ ਦੇ ਗਲਤ ਪ੍ਰਯੋਗ ਨੇ ਸਾਨੂੰ ਹਾਨੀ ਪਹੁੰਚਾਈ ਹੈ। ਨੌਜਵਾਨਾਂ ਦੇ ਚਰਿੱਤਰ ਤੇ ਸਿਹਤ ਨੂੰ ਬਹੁਤ ਹਾਨੀ ਪੁੱਜਦੀ ਹੈ ।

ਟੀ ਵੀ ਉੱਤੇ ਵੱਖ-ਵੱਖ ਚੈਨਲਾਂ ਦਾ ਪ੍ਰਦਰਸ਼ਨ ਹੋਣ ਲੱਗਿਆ ਹੈ। ਇਹਨਾਂ ਚੈਨਲਾਂ ਦੁਆਰਾ ਕਈ ਤਰ੍ਹਾਂ ਦੇ ਫਿਲਮੀ ਅਤੇ ਗੈਰ ਫਿਲਮੀ ਅਸ਼ਲੀਲ ਗੀਤ, ਸੀਰੀਅਲ ਅਤੇ ਫਿਲਮਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ, ਜਿਸ ਵਿੱਚ ਜ਼ਿਆਦਾਤਰ ਹੱਦ ਤੋਂ ਵੱਧ ਅਸ਼ਲੀਲਤਾ ਨਾਲ ਭਰੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਵਹਿਮਾਂ-ਭਰਮਾਂ ਨੂੰ ਦਰਸਾਇਆ ਜਾਂਦਾ ਹੈ। ਅਸ਼ਲੀਲਤਾ, ਹਿੰਸਕ ਬਦਲਾਖੋਰੀ ਦੇ ਦ੍ਰਿਸ਼ ਵੇਖ ਕੇ ਵੱਡੀ ਉਮਰ ਦੇ ਲੋਕਾਂ ਦੇ ਦਿਲ ਡੋਲ ਜਾਂਦੇ ਹਨ। ਚੰਚਲ ਹੋ ਜਾਂਦੇ ਹਨ, ਤਾਂ ਬੱਚਿਆਂ ਦੇ ਭੋਲੇ-ਭਾਲੇ ਮਨ ਤੇ ਸੁਭਾਅ, ਦਿਲ-ਦਿਮਾਗ 'ਤੇ ਕਿਸੇ ਤਰ੍ਹਾਂ ਦਾ ਬੁਰਾ ਅਸਰ ਪੈਂਦਾ ਹੈ, ਜਿਸ ਦਾ ਅੰਦਾਜ਼ਾ ਸਹਿਜੇ-ਸਹਿਜੇ ਹੀ ਲੱਗ ਜਾਂਦਾ ਹੈ। ਬੱਚਿਆਂ ਦਾ ਆਚਾਰ-ਵਿਹਾਰ ਵਿਗੜ ਰਿਹਾ ਹੈ।

ਹੁਣ ਗੱਲ ਇੰਟਰਨੈੱਟ ਦੀ ਕਰਦੇ ਹਾਂ, ਟੀ ਵੀ ਚੈਨਲਾਂ ਦੀ ਤਰ੍ਹਾਂ ਇੰਟਰਨੈੱਟ 'ਤੇ ਵੀ ਇਹੋ ਹੀ ਗੰਦਗੀ ਪਰੋਸੀ ਜਾਂਦੀ ਹੈ। ਚਾਹੀਦਾ ਤਾਂ ਇਹ ਹੈ ਕਿ ਇੰਟਰਨੈੱਟ ਦੇ ਉੱਤੇ ਭੂਗੋਲ, ਵਿਗਿਆਨ, ਸਾਹਿਤ, ਗਣਿਤ ਆਦਿ ਵਿਸ਼ਿਆਂ ਦੀ ਸਿੱਖਿਆ ਦਿੱਤੀ ਜਾਵੇ, ਤਾਂ ਕਿ ਵਿਦਿਆਰਥੀਆਂ ਦਾ ਹੀ ਨਹੀਂ, ਸਗੋਂ ਆਦਮੀ-ਔਰਤ ਦੇ ਗਿਆਨ ਵਿੱਚ ਵੀ ਵਾਧਾ ਹੋਵੇ । ਮੋਬਾਇਲ ਫੋਨ ਦੀ ਵਰਤੋਂ ਕੁੜੀਆਂ, ਮੁੰਡੇ ਬਹੁਤ ਜ਼ਿਆਦਾ ਕਰਦੇ ਹਨ। ਚੈਟ ਕਰਦੇ ਹਨ । ਇਹ ਗੱਲਬਾਤ ਹੌਲੀ-ਹੌਲੀ ਮਿੱਤਰਤਾ ਵਿੱਚ ਬਦਲ ਜਾਂਦੀ ਹੈ। ਕਈ ਮਿੱਤਰਤਾ ਦਾ ਗਲਤ ਫਾਇਦਾ ਉਠਾਉਂਦੇ ਹਨ ਤੇ ਬਲੈਕਮੇਲ ਕਰਦੇ ਹਨ। ਨੌਜਵਾਨਾਂ ਲਈ ਇਹ ਰੁਝਾਨ ਆਉਣ ਵਾਲੇ ਸਮੇਂ ਵਿੱਚ ਤਬਾਹੀ ਵੱਲ ਲੈ ਜਾਵੇਗਾ। ਛੋਟੀ ਉਮਰ ਦੇ ਮੁੰਡੇ ਨਾਦਾਨੀ, ਉਤਸੁਕਤਾ ਅਤੇ ਭਾਵੁਕਤਾ ਦੇ ਕਾਰਨ ਜਾਂ ਦੋਸਤਾਂ-ਮਿੱਤਰਾਂ ਦੇ ਬਹਿਕਾਵੇ ਵਿੱਚ ਆ ਕੇ ਗੰਦੀਆਂ ਹਰਕਤਾਂ ਕਰਨ ਲੱਗ ਜਾਂਦੇ ਹਨ, ਜਿਸ ਕਰਕੇ ਇਹਨਾਂ ਬੱਚਿਆਂ ਨੂੰ ਨਸ਼ਿਆਂ ਦੀ ਆਦਤ ਪੈ ਜਾਂਦੀ ਹੈ। ਬੱਚੇ ਬਲਿਊ ਵੇਲ ਗੇਮ ਖੇਡਦੇ ਹਨ, ਜੋ ਖੁਦਕਸੀ ਵੱਲ ਲੈ ਜਾਂਦੀ ਹੈ। ਹੋਰ ਵੀ ਕਈ ਤਰ੍ਹਾਂ ਦੀਆਂ ਠੱਗੀਆਂ ਵੱਜਦੀਆਂ ਹਨ। ਆਪਣੇ ਬੱਚਿਆਂ 'ਤੇ ਨਿਗਾਹ ਰੱਖਣੀ ਚਾਹੀਦੀ ਹੈ। ਬੱਚੇ ਨਹੀਂ ਜਾਣਦੇ ਕਿ ਅੱਜ ਜਿਸ ਨੂੰ ਸੁੱਖ ਸਮਝ ਰਹੇ ਹਨ, ਕੱਲ੍ਹ ਨੂੰ ਇਹ ਸੁੱਖ ਮਹਾਂ ਦੁੱਖ ਬਣ ਜਾਵੇਗਾ।

-ਡਾਕਟਰ ਨਰਿੰਦਰ ਭੱਪਰ ਝਬੇਵਾਲੀ, 62841-45349

# ਮੋਦੀ ਅਤੇ ਟਰੰਪ ਇੱਕੋ ਸਿੱਕੇ ਦੇ ਦੋ ਪਹਿਲੂ



ਪਵਨ ਕੁਮਾਰ ਕੌਸ਼ਲ

ਵਿਸ਼ਵ ਪੁਲਸੀਏ ਸਾਮਰਾਜਵਾਦੀ ਮੁਲਕ ਅਮਰੀਕਾ ਦੇ ਰਾਸ਼ਟਰਪਤੀ ਲਈ 5 ਨਵੰਬਰ ਨੂੰ ਹੋਈ ਚੋਣ ਵਿੱਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਅਮਰੀਕਾ ਦੀ ਗੱਦੀ ਉੱਪਰ ਇੱਕ ਵਾਰ ਫਿਰ ਬਿਰਾਜਮਾਨ ਹੋ ਗਏ ਹਨ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਡੋਨਾਲਡ ਟਰੰਪ ਨੂੰ ਫੋਨ ਉੱਪਰ ਵਧਾਈ ਦਿੰਦਿਆਂ ਦੋਵਾਂ ਦੇ ਵਿਸ਼ਵ ਸ਼ਾਂਤੀ ਲਈ ਕੰਮ ਕਰਨ ਲਈ ਕਿਹਾ। ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਕਿ ਉਹ ਉਨ੍ਹਾ ਨੂੰ ਅਤੇ ਭਾਰਤ ਨੂੰ ਸੱਚਾ ਦੋਸਤ ਮੰਨਦੇ ਹਨ।

ਮੋਦੀ ਉਨ੍ਹਾਂ ਪਹਿਲੇ ਵਿਸ਼ਵ ਨੇਤਾਵਾਂ ਵਿੱਚੋਂ ਇੱਕ ਸਨ, ਜਿਨ੍ਹਾ ਨਾਲ ਉਨ੍ਹਾਂ ਆਪਣੀ ਜਿੱਤ ਤੋਂ ਬਾਅਦ ਗੱਲ ਕੀਤੀ ਸੀ। ਦੋਵਾਂ ਨੇਤਾਵਾਂ ਨੇ ਵਿਸ਼ਵ ਸ਼ਾਂਤੀ ਲਈ ਮਿਲ ਕੇ ਕੰਮ ਕਰਨ ਦੀ ਪੁਸ਼ਟੀ ਕੀਤੀ। ਅੱਗੇ ਗੱਲਬਾਤ ਦਾ ਹਵਾਲਾ ਦਿੰਦੇ ਹੋਏ ਟਰੰਪ ਨੇ ਕਿਹਾ ਕਿ ਪੂਰੀ ਦੁਨੀਆ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪਿਆਰ ਕਰਨ ਵਾਲੀ ਗੱਲ ਕੀਤੀ ਅਤੇ ਭਾਰਤ ਇੱਕ ਸ਼ਾਨਦਾਰ ਦੇਸ਼ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਇੱਕ ਸ਼ਾਨਦਾਰ ਵਿਅਕਤੀ ਹਨ। ਹੁਣ ਇਹ ਦੇਖਣ ਵਾਲੀ ਗੱਲ ਹੈ ਕਿ ਕੀ ਇਹ ਸੱਚ-ਮੁੱਚ ਹੀ ਸ਼ਾਂਤੀ ਦੇ ਮਸੀਹਾ ਹਨ ਜਾਂ ਫਿਰ ਭੇਡ ਦੀ ਖੱਲ 'ਚ ਭੇੜੀਏ ਹਨ? ਪੀ ਐੱਮ ਮੋਦੀ ਨੇ ਆਪਣੇ ਪਿਆਰੇ ਦੋਸਤ ਟਰੰਪ ਨਾਲ ਆਪਣੇ ਪੁਰਾਣੇ ਸੰਬੰਧਾਂ ਦਾ ਜ਼ਿਕਰ ਕੀਤਾ ਅਤੇ ਐੱਕਸ 'ਤੇ ਵਧਾਈ ਸੰਦੇਸ਼ ਦੇ ਨਾਲ ਤਸਵੀਰਾਂ ਦਾ ਇੱਕ ਸਮੂਹ ਪੋਸਟ ਕੀਤਾ। ਦੋਵਾਂ ਵਿਚਕਾਰ ਸੰਬੰਧ 2017 ਦੇ ਹਨ ਅਤੇ ਉਦੋਂ ਤੋਂ ਮਜ਼ਬੂਤ ਕੂਟਨੀਤਕ ਅਤੇ ਰਣਨੀਤਕ ਸਹਿਯੋਗ ਦੁਆਰਾ ਚਿੰਨਤ ਕੀਤੇ ਗਏ ਹਨ। ਤੁਹਾਡੀ ਇਤਿਹਾਸਕ ਚੋਣ ਜਿੱਤ 'ਤੇ ਮੇਰੇ ਦੋਸਤ ਡੋਨਾਲਡ ਟਰੰਪ ਨੂੰ ਦਿਲੋਂ ਵਧਾਈਆਂ, ਪੀ ਐੱਮ ਮੋਦੀ ਨੇ ਲਿਖਿਆ-ਜਦੋਂ ਉਸ ਨੇ ਤਸਵੀਰਾਂ ਪੋਸਟ ਕੀਤੀਆਂ, ਜਿਸ ਵਿੱਚ ਦੋਨਾਂ ਨੇਤਾਵਾਂ ਨੂੰ ਇੱਕ-ਦੂਜੇ ਨੂੰ ਗਲੇ ਲਗਾਉਂਦੇ ਹੋਏ ਦਿਖਾਇਆ ਗਿਆ ਹੈ। ਪ੍ਰਧਾਨ ਮੰਤਰੀ ਨੇ ਵਿਸ਼ਵ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਨੂੰ ਉਤਸ਼ਾਹਤ ਕਰਦੇ ਹੋਏ ਭਾਰਤ-ਅਮਰੀਕਾ ਗਲੋਬਲ ਅਤੇ ਰਣਨੀਤਕ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਲਈ ਵੀ ਉਤਸੁਕਤਾ ਪ੍ਰਗਟਾਈ। ਫਰਵਰੀ 2020 ਵਿੱਚ ਪ੍ਰਧਾਨ ਮੰਤਰੀ ਅਤੇ ਟਰੰਪ ਨੇ ਅਹਿਮਦਾਬਾਦ ਵਿੱਚ ਇੱਕ ਪ੍ਰੋਗਰਾਮ ਵਿੱਚ ਮੁਲਾਕਾਤ ਕੀਤੀ ਸੀ, ਜੋ ਅਮਰੀਕੀ ਨੇਤਾ ਲਈ ਇੱਕ ਚੋਣ ਰੈਲੀ ਵਰਗੀ ਸੀ। ਇਸ ਦਾ ਉਦੇਸ਼ ਪ੍ਰਭਾਵਸ਼ਾਲੀ ਭਾਰਤੀ ਭਾਈਚਾਰੇ, ਖਾਸ ਤੌਰ 'ਤੇ ਗੁਜਰਾਤੀਆਂ ਨਾਲ ਜੁੜਨਾ ਸੀ, ਜੋ ਅਮਰੀਕੀ ਚੋਣਾਂ ਵਿੱਚ ਇੱਕ ਮਹੱਤਵਪੂਰਨ ਜਨਸੰਖਿਆ ਬਣਾਉਂਦੇ ਹਨ। ਮੋਦੀ ਅਤੇ ਟਰੰਪ ਨੇ ਸਤੰਬਰ 2019 ਵਿੱਚ ਹਿਊਸਟਨ, ਟੈਕਸਾਸ ਵਿੱਚ ਹਾਊਡੀ ਮੋਦੀ ਰੈਲੀ ਵਿੱਚ ਸਟੇਜ ਸਾਂਝੀ ਕੀਤੀ ਸੀ, ਜਿੱਥੇ ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਲਈ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਹਰਾ ਲਾਇਆ ਸੀ। ਇਹ ਦੌਰਾ ਅਗਸਤ 'ਚ ਜੰਮੂ-ਕਸ਼ਮੀਰ 'ਚ ਧਾਰਾ 370 ਹਟਾਏ ਜਾਣ ਦੇ ਇਕ ਮਹੀਨੇ ਬਾਅਦ ਹੋਇਆ ਹੈ। ਟਰੰਪ ਨਵੰਬਰ 2020 ਦੀ ਚੋਣ ਨਹੀਂ ਜਿੱਤੇ, ਬਾਈਡਨ ਤੋਂ ਹਾਰ ਗਏ। ਹਿਊਸਟਨ ਦੀ ਉਸ ਰੈਲੀ ਵਿੱਚ ਟਰੰਪ ਮੂਹਰਲੀ ਕਤਾਰ ਵਿੱਚ ਬੈਠੇ ਸਨ, ਜਦੋਂ ਕਿ ਮੋਦੀ ਨੇ ਜੈਕਾਰੇ ਭਰੀ ਭੀੜ ਨੂੰ ਜੰਮੂ-ਕਸ਼ਮੀਰ ਤੋਂ ਸਾਰੀ ਖੁਦਮੁਖਤਿਆਰੀ ਹਟਾਉਣ ਦੇ ਆਪਣੇ ਫੈਸਲੇ ਬਾਰੇ ਦੱਸਿਆ। ਟਰੰਪ ਨੇ ਮੋਦੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, 'ਮੈਂ ਅਮਰੀਕਾ ਦੇ ਸਭ ਤੋਂ ਮਹਾਨ, ਸਭ ਤੋਂ ਸਮਰਪਿਤ ਅਤੇ ਸਭ ਤੋਂ ਵਫਾਦਾਰ ਦੋਸਤਾਂ, ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਟੈਕਸਾਸ ਵਿੱਚ ਇੱਥੇ ਆ ਕੇ ਬਹੁਤ ਰੋਮਾਂਚਿਤ ਹਾਂ।'

ਪ੍ਰਧਾਨ ਮੰਤਰੀ ਮੋਦੀ ਨੇ ਬਦਲੇ ਵਿਚ ਟਰੰਪ ਨੂੰ 'ਸੱਚਾ ਦੋਸਤ' ਕਿਹਾ ਅਤੇ ਉਨ੍ਹਾ ਨੂੰ 'ਨਿੱਘੇ, ਦੋਸਤਾਨਾ, ਪਹੁੰਚਯੋਗ, ਊਰਜਾਵਾਨ ਅਤੇ ਬੁੱਧੀ ਨਾਲ ਭਰਪੂਰ' ਦੱਸਿਆ। ਜਦੋਂ ਟਰੰਪ ਦਫਤਰ ਤੋਂ ਬਾਹਰ ਸੀ, ਉਸ ਨੇ ਕਦੇ ਵੀ ਮੋਦੀ ਨਾਲ ਸੰਪਰਕ ਨਹੀਂ ਛੱਡਿਆ ਅਤੇ ਇਸ ਸਾਲ ਰਾਸ਼ਟਰਪਤੀ ਦੀ ਦੌੜ ਵਿੱਚ ਉਸ ਨੇ ਮੋਦੀ ਦੀ ਤਾਰੀਫ ਕੀਤੀ ਅਤੇ ਹਮੇਸ਼ਾ ਉਸ ਨੂੰ ਚੰਗਾ ਦੋਸਤ ਕਿਹਾ। ਪੀ ਐੱਮ ਮੋਦੀ ਅਤੇ ਟਰੰਪ ਵਿਚਕਾਰ ਪਹਿਲੀ ਅਧਿਕਾਰਤ ਮੁਲਾਕਾਤ 2017 ਵਿੱਚ ਵਾਸ਼ਿੰਗਟਨ ਡੀ ਸੀ ਵਿੱਚ ਹੋਈ ਸੀ, ਜਿੱਥੇ ਦੋਵਾਂ ਨੇ ਮੀਡੀਆ ਦੇ ਸਾਹਮਣੇ ਇੱਕ-ਦੂਜੇ ਨੂੰ ਗਲੇ ਲਗਾਇਆ ਸੀ। ਮੋਦੀ ਟਰੰਪ ਨਾਲ ਵ੍ਹਾਈਟ ਹਾਊਸ ਵਿਚ ਡਿਨਰ ਕਰਨ ਵਾਲੇ ਪਹਿਲੇ ਵਿਦੇਸ਼ੀ ਸਨ। ਅਮਰੀਕਾ ਦੀਆਂ ਹਮਲਾਵਰ ਨੀਤੀਆਂ ਤੋਂ ਤਾਨਾਸ਼ਾਹੀ ਦਾ ਖਤਰਾ ਇਜ਼ਰਾਈਲ ਅਮਰੀਕਾ ਦੀ ਪੂਰੀ ਮਦਦ ਨਾਲ ਲਿਬਨਾਨ ਅਤੇ ਗਾਜ਼ਾ 'ਤੇ ਬੇਰਹਿਮੀ ਨਾਲ ਅੱਤਿਆਚਾਰ ਅਤੇ ਘਾਤਕ ਹਮਲੇ ਕਰਦਾ ਰਹਿੰਦਾ ਹੈ। ਇਜ਼ਰਾਈਲੀ ਫੌਜ ਨੇ ਜਨਤਕ ਤੌਰ 'ਤੇ ਘੋਸ਼ਣਾ ਕੀਤੀ ਹੈ ਕਿ ਉੱਤਰੀ ਗਾਜ਼ਾ ਤੋਂ ਬਾਹਰ ਕੱਢੇ ਗਏ ਫਲਸਤੀਨੀਆਂ ਨੂੰ ਉਨ੍ਹਾਂ ਦੇ ਘਰਾਂ ਨੂੰ ਵਾਪਸ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਮਤਲਬ ਕਿ ਇਹ ਪੂਰੀ ਤਰ੍ਹਾਂ ਲੁਕਵੀਂ ਨਸਲੀ ਸਫਾਈ ਕਾਰਵਾਈ ਹੈ। ਵਿਸ਼ਵ ਦਾ ਸ਼ਾਇਦ ਹੀ ਅਜਿਹਾ ਕੋਈ ਅਮਰੀਕਾ ਵਿਰੋਧੀ ਦੇਸ਼ ਹੋਵੇਗਾ, ਜਿਸ ਉੱਪਰ ਇਸ ਨੇ ਹਮਲਾ ਨਾ ਕੀਤਾ ਹੋਵੇ ਜਾਂ ਫਿਰ ਆਪਣੀ ਖੁਫੀਆ ਏਜੰਸੀ ਸੀ ਆਈ ਏ ਰਾਹੀਂ ਰਾਜ ਪਲਟਾ ਨਾ ਕਰਵਾਇਆ ਹੋਵੇ। ਲਾਤੀਨੀ ਅਮਰੀਕਨ ਦੇਸ਼ ਵੀਅਤਨਾਮ, ਕੋਰੀਆ, ਅਫਗਾਨਿਸਤਾਨ, ਕਿਊਬਾ, ਚਿੱਲੀ, ਇੰਡੋਨੇਸ਼ੀਆ, ਈਰਾਨ, ਇਰਾਕ ਆਦਿ ਕੁਝ ਚੁਣਵੇਂ ਦੇਸ਼ ਹਨ।

ਚੋਣਾਂ ਤੋਂ ਬਾਅਦ ਟਰੰਪ ਰਿਪਬਲਿਕਨ ਸੈਨੇਟ ਦਾ ਕੰਟਰੋਲ ਲੈ ਲੈਣਗੇ, ਜੋ ਕਿ ਕਾਂਗਰਸ ਦੇ ਨਿਯੰਤਰਣ ਦੇ ਨਾਲ ਮਿਲ ਕੇ ਡੋਨਾਲਡ ਟਰੰਪ ਨੂੰ ਲੱਗਭੱਗ ਪੂਰਨ ਸ਼ਕਤੀ ਪ੍ਰਦਾਨ ਕਰੇਗਾ ਅਤੇ ਖਾਲੀ ਅਸਾਮੀਆਂ ਦੀ ਸਥਿਤੀ ਵਿੱਚ ਸੁਪਰੀਮ ਕੋਰਟ ਦੇ ਨਵੇਂ ਜੱਜਾਂ ਦੀ ਨਿਯੁਕਤੀ ਵੀ ਕਰ ਸਕਦਾ ਹੈ। ਇਸ ਤੋਂ ਇਲਾਵਾ ਜਨਵਰੀ ਵਿੱਚ ਰਾਸ਼ਟਰਪਤੀ ਵਜੋਂ ਨਿਵੇਸ਼ ਕਰਨ ਤੋਂ ਬਾਅਦ ਟਰੰਪ ਕੋਲ ਆਪਣੇ ਅਟਾਰਨੀ ਜਨਰਲ ਨੂੰ ਉਸ ਦੇ ਵਿਰੁੱਧ ਸਾਰੇ ਸੰਘੀ ਦੋਸ਼ਾਂ ਨੂੰ ਖਾਰਜ ਕਰਨ ਦਾ ਆਦੇਸ਼ ਦੇਣ ਦੀ ਸ਼ਕਤੀ ਹੋਵੇਗੀ ਅਤੇ ਇਸ ਤਰ੍ਹਾਂ ਇੱਕ ਸਾਫ਼ ਰਾਜਨੀਤਕ ਰਿਕਾਰਡ ਦਾ ਆਨੰਦ ਮਾਣਨ ਲਈ ਵਾਪਸ ਆ ਜਾਵੇਗਾ। ਇਸ ਗੱਲ ਦਾ ਖਤਰਾ ਹੈ ਕਿ ਟਰੰਪ ਨਰਮ ਤਾਨਾਸ਼ਾਹੀ ਦੀ ਇੱਕ ਔਰਵੇਲੀਅਨ ਸਰਕਾਰ (ਅਜਿਹੀ ਸਰਕਾਰ ਜਿਹੜੀ ਲੋਕਾਂ ਦੇ ਜੀਵਨ ਦੇ ਨਿੱਜੀ ਭੇਦਾਂ ਦੇ ਹਰ ਪੱਖ ਉੱਪਰ ਸਿਆਸੀ ਜਾਬਰ ਨੀਤੀਆਂ ਨਾਲ ਨਿਯੰਤਰਣ ਕਰੇ ਅਤੇ ਵਿਅਕਤੀਗਤ ਅਧਿਕਾਰ ਅਤੇ ਅਜ਼ਾਦੀ ਨੂੰ ਸੀਮਤ ਕਰੇ) ਸਥਾਪਤ ਕਰੇਗਾ ਅਤੇ ਨੇਤਾ ਦੇ ਪੰਥ/ਨਿੱਜੀ ਪੂਜਾ ਦੁਆਰਾ ਦਰਸਾਇਆ ਜਾਵੇਗਾ, ਇਕਸੁਰਤਾ ਦੀਆਂ ਠੋਸ ਰਣਨੀਤੀਆਂ (ਜਨਤਕ ਹੇਰਾਫੇਰੀ ਅਤੇ ਨੇਤਾ ਦਾ ਪੰਥ/ਕਲਟ) ਦੁਆਰਾ ਸਮਰਥਤ ਕਿਸਮ ਦੀ ਅਦਿੱਖ ਤਾਨਾਸ਼ਾਹੀ, ਜੋ ਕਿ ਲਾਰਡ ਐਕਟਨ ਦੇ ਬਿਆਨ ਦੀ ਪੁਸ਼ਟੀ ਕਰੇਗੀ।

ਅਮਰੀਕਾ ਦਾ ਗਲੋਬਲ ਹਥਿਆਰਾਂ ਦੇ ਵਪਾਰ ਦਾ ਇੱਕ ਵੱਡਾ ਕਾਰੋਬਾਰ ਹੈ ਅਤੇ ਦੁਨੀਆ ਦੇ ਹਥਿਆਰਾਂ ਦੇ ਨਿਰਯਾਤ ਦਾ 40 ਪ੍ਰਤੀਸ਼ਤ ਤੋਂ ਵੱਧ ਹਿੱਸਾ ਲੈਂਦਾ ਹੈ। ਮੁਨਾਫੇ ਦੀ ਪ੍ਰੇਰਨਾ ਤੋਂ ਇਲਾਵਾ ਵਿਦੇਸ਼ਾਂ ਵਿੱਚ ਹਥਿਆਰ ਵੇਚਣਾ ਇੱਕ ਪ੍ਰਭਾਵੀ ਵਿਦੇਸ਼ ਨੀਤੀ ਦਾ ਮਹੱਤਵਪੂਰਨ ਹਿੱਸਾ ਹੋ ਸਕਦਾ ਹੈ, ਜਿਹੜਾ ਸੰਯੁਕਤ ਰਾਜ ਅਮਰੀਕਾ ਨੂੰ ਜ਼ਮੀਨ 'ਤੇ ਬੂਟ ਪਾਏ ਬਿਨਾਂ ਦੁਨੀਆ ਭਰ ਵਿੱਚ ਸੰਘਰਸ਼ ਅਤੇ ਸੁਰੱਖਿਆ ਉੱਤੇ ਪ੍ਰਭਾਵ ਪਾਉਣ ਦੀ ਇਜਾਜ਼ਤ ਦਿੰਦਾ ਹੈ। ਇਹ ਇੱਕ ਲਾਹੇਵੰਦ ਕਾਰੋਬਾਰ ਹੈ। ਹੁਣ ਜਦੋਂ ਟਰੰਪ ਰਾਸ਼ਟਰਪਤੀ ਦੀ ਚੋਣ ਜਿੱਤ ਗਏ ਹਨ ਤਾਂ ਬਹੁਤ ਸਾਰੇ ਦੇਸ਼ ਇੱਕ ਜ਼ਰੂਰੀ ਸਵਾਲ ਪੁੱਛ ਰਹੇ ਹਨ, ਕੀ ਉਹ ਵਿਦੇਸ਼ ਨੀਤੀ ਦੀਆਂ ਧਮਕੀਆਂ, ਵਾਅਦਿਆਂ ਅਤੇ ਘੋਸ਼ਣਾਵਾਂ ਦੀ ਆਪਣੀ ਲੰਮੀ ਸੂਚੀ ਨੂੰ ਪੂਰਾ ਕਰੇਗਾ? ਲੋਕਾਂ ਦਾ ਇਹ ਵੀ ਕਹਿਣਾ ਕਿ ਡੋਨਾਲਡ ਟਰੰਪ ਵਿਸ਼ਵ ਅੰਦਰ ਸੱਜ-ਪਿਛਾਖੜ ਨੀਤੀਆਂ ਅਤੇ ਤਾਨਾਸ਼ਾਹੀ ਦੇ ਉਭਾਰ ਦਾ ਕਾਰਨ ਬਣ ਸਕਦਾ। ਡੋਨਾਲਡ ਟਰੰਪ ਨੇ ਫਲਸਤੀਨੀ ਐਨਕਲੇਵ ਵਿੱਚ ਹਮਾਸ ਨੂੰ ਨਸ਼ਟ ਕਰਨ ਲਈ ਇਜ਼ਰਾਈਲ ਦੀ ਲੜਾਈ ਲਈ ਸਮਰਥਨ ਜ਼ਾਹਰ ਕੀਤਾ ਹੈ ਅਤੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਬੈਂਜਾਮਨ ਨੇਤਨਯਾਹੂ, ਟਰੰਪ ਦੇ ਇੱਕ ਸਹਿਯੋਗੀ ਨੇ ਉਸ ਦੇ ਸੱਤਾ ਵਿੱਚ ਵਾਪਸੀ ਦਾ ਸਮਰਥਨ ਕੀਤਾ ਹੈ। ਡੋਨਾਲਡ ਟਰੰਪ ਦਾ 2017 ਤੋਂ 2021 ਤੱਕ ਦਾ ਰਾਸ਼ਟਰਪਤੀ ਕਾਰਜਕਾਲ ਹਾਲ ਹੀ ਦੇ ਇਤਿਹਾਸ ਵਿੱਚ ਅਮਰੀਕਾ-ਈਰਾਨ ਸੰਬੰਧਾਂ ਲਈ ਸਭ ਤੋਂ ਉਥਲ-ਪੁਥਲ ਵਾਲਾ ਦੌਰ ਰਿਹਾ। ਟਰੰਪ ਦੇ ਵ੍ਹਾਈਟ ਹਾਊਸ ਵਿੱਚ ਵਾਪਸੀ ਦੇ ਨਾਲ ਤਹਿਰਾਨ ਨੂੰ ਨਵੇਂ ਟਕਰਾਅ, ਪਾਬੰਦੀਆਂ ਅਤੇ ਫੌਜੀ ਬ੍ਰਿੰਕਮੈਨਸ਼ਿਪ ਦੀ ਡਰਾਉਣੀ ਸੰਭਾਵਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਮਰੀਕਾ ਦੇ ਇਮੀਗ੍ਰੇਸ਼ਨ ਐਂਡ ਨੈਸ਼ਨਲਿਟੀ ਐਕਟ ਦੀ ਧਾਰਾ 212 (ਏ) (2) (ਜੀ) ਦੇ ਤਹਿਤ ਮੋਦੀ ਦਾ ਮੌਜੂਦਾ ਟੂਰਿਸਟ/ਬਿਜ਼ਨਸ ਵੀਜ਼ਾ ਵੀ ਰੱਦ ਕਰ ਦਿੱਤਾ ਗਿਆ ਸੀ। ਸੈਕਸ਼ਨ 212 (ੳ) (2) (ਜੀ) ਕਿਸੇ ਵੀ ਵਿਦੇਸ਼ੀ ਸਰਕਾਰੀ ਅਧਿਕਾਰੀ ਨੂੰ ਸੰਯੁਕਤ ਰਾਜ ਦੇ ਵੀਜ਼ੇ ਲਈ ਅਯੋਗ ਬਣਾਉਂਦਾ ਹੈ, ਜੋ ਕਿਸੇ ਵੀ ਸਮੇਂ, ਖਾਸ ਤੌਰ 'ਤੇ ਧਾਰਮਕ ਆਜ਼ਾਦੀ ਦੀਆਂ ਗੰਭੀਰ ਉਲੰਘਣਾਵਾਂ ਲਈ ਜ਼ਿੰਮੇਵਾਰ ਦੱਸਿਆ ਗਿਆ ਸੀ। ਭਾਰਤ ਦੇ ਮੁਸਲਿਮ ਭਾਈਚਾਰਿਆਂ ਨੂੰ ਕਈ ਦਹਾਕਿਆਂ ਤੋਂ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸਿਆਸੀ ਵਿਸ਼ਲੇਸ਼ਕ ਮਾਹਰਾਂ ਦਾ ਕਹਿਣਾ ਹੈ ਕਿ ਹਿੰਦੂ ਰਾਸ਼ਟਰਵਾਦੀ ਭਾਜਪਾ ਦੀ ਸਰਕਾਰ ਦੇ ਅਧੀਨ ਇਹ ਹੋਰ ਵੀ ਵਿਗੜ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਹੇਠ ਮੁਸਲਿਮ ਵਿਰੋਧੀ ਭਾਵਨਾਵਾਂ ਵਧੀਆਂ ਹਨ, ਜਿਸ ਨੇ 2014 ਵਿੱਚ ਸੱਤਾ ਵਿੱਚ ਚੁਣੇ ਜਾਣ ਤੋਂ ਬਾਅਦ ਹਿੰਦੂ ਰਾਸ਼ਟਰਵਾਦੀ ਏਜੰਡੇ ਨੂੰ ਅਪਣਾਇਆ ਹੈ। 2019 ਵਿੱਚ ਮੋਦੀ ਦੇ ਮੁੜ ਚੁਣੇ ਜਾਣ ਤੋਂ ਬਾਅਦ ਸਰਕਾਰ ਨੇ ਵਿਵਾਦਪੂਰਨ ਨੀਤੀਆਂ ਨੂੰ ਅੱਗੇ ਵਧਾਇਆ ਹੈ, ਧਾਰਮਿਕ ਆਜ਼ਾਦੀਆਂ ਨੂੰ ਸੀਮਤ ਕੀਤਾ ਗਿਆ ਹੈ ਅਤੇ ਲੱਖਾਂ ਮੁਸਲਮਾਨਾਂ ਨੂੰ ਅਧਿਕਾਰਾਂ ਤੋਂ ਵਾਂਝੇ ਕਰਨ ਦਾ ਇਰਾਦਾ ਹੈ।

ਮੋਦੀ-ਟਰੰਪ ਦੀ ਸਿਧਾਂਤਕ ਸਾਂਝ, ਉਹ ਦੋਵੇਂ ਖਤਰਨਾਕ, ਇਕੋ ਸਿੱਕੇ ਦੇ ਦੋ ਪਹਿਲੂ ਹਨ। ਮੋਦੀ ਦਾ ਇਸਲਾਮੋਫੋਬੀਆ ਹਿੰਦੂ ਉੱਤਮਤਾ (ਹਿੰਦੂਤਵ) ਦੇ ਇੱਕ ਆਮ ਨਿਰਮਾਣ ਦੇ ਅੰਦਰ ਮੌਜੂਦ ਹੈ, ਟਰੰਪ ਦਾ ਇਮੀਗ੍ਰੇਸ਼ਨ/ਗੈਰ-ਅਮਰੀਕਨ ਵਿਰੋਧੀ ਸਥਾਨ ਤੋਂ ਆਇਆ ਹੈ। ਦੋਵੇਂ ਖਤਰਨਾਕ ਰਾਸ਼ਟਰਵਾਦੀ ਵਿਚਾਰਧਾਰਾ ਤੋਂ ਪੈਦਾ ਹੁੰਦੇ ਹਨ। ਟਰੰਪ ਜ਼ਿਆਦਾਤਰ ਗੈਰ-ਗੋਰੇ ਭਾਈਚਾਰਿਆਂ ਨੂੰ ਗੈਰ-ਅਮਰੀਕੀ ਮੰਨਦੇ ਹਨ। ਮੋਦੀ ਇਸਲਾਮ ਨੂੰ ਭਾਰਤ ਦੀ ਹਿੰਦੂਤਾ ਦੀ ਸ਼ੁੱਧਤਾ ਲਈ ਖਤਰੇ ਵਜੋਂ ਦੇਖਦਾ ਹੈ। ਭਾਰਤ 20 ਕਰੋੜ ਮੁਸਲਮਾਨਾਂ ਦਾ ਘਰ ਹੈ ਅਤੇ ਆਪਣੇ ਕਾਰਜਕਾਲ ਦੌਰਾਨ ਮੋਦੀ ਨੇ ਉਨ੍ਹਾਂ ਨੂੰ ਕੋਵਿਡ-19, ਆਰਥਿਕ ਮੰਦਹਾਲੀ, ਬੇਰੁਜ਼ਗਾਰੀ ਅਤੇ ਜ਼ਰੂਰੀ ਤੌਰ 'ਤੇ ਬਹੁਤ ਸਾਰੀਆਂ ਹੋਰ ਚੀਜ਼ਾਂ ਲਈ ਜ਼ਿੰਮੇਵਾਰ ਠਹਿਰਾਇਆ ਹੈ। ਨਾਗਰਿਕਤਾ ਸੋਧ ਕਾਨੂੰਨ ਦੇ ਪਾਸ ਹੋਣ ਨੂੰ ਨਕਾਬ ਪਾਉਣ ਦੀ ਕੋਵਿਡ ਦੀ ਯੋਗਤਾ ਦੇ ਬਾਅਦ ਲੱਖਾਂ ਗੈਰ-ਦਸਤਾਵੇਜ਼ ਰਹਿਤ ਮੁਸਲਿਮ ਪ੍ਰਵਾਸੀ ਜੋ ਭਾਰਤ ਦੇ ਤੇਜ਼ੀ ਨਾਲ ਬੁਨਿਆਦੀ ਢਾਂਚੇ ਦੇ ਵਿਸਥਾਰ ਦੇ ਕੇਂਦਰ ਵਿੱਚ ਹਨ।

ਭਾਜਪਾ ਵੱਲੋਂ ਅਪਣਾਈਆਂ ਜਾ ਰਹੀਆਂ ਫਿਰਕਾਪ੍ਰਸਤ ਅਤੇ ਨਸਲਵਾਦੀ ਨੀਤੀਆਂ ਕਾਰਨ ਦੇਸ਼ ਦਾ ਧਰੁਵੀਕਰਨ ਕੀਤਾ ਜਾ ਰਿਹਾ ਹੈ। ਅਮਰੀਕਨ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਮੇਲ ਖਾਂਦੀਆਂ ਹਨ। ਦੋਵੇਂ ਅੱਤ ਸੱਜ- ਪਿਛਾਖੜ ਨੀਤੀਆਂ ਦੇ ਮਾਲਕ ਹਨ। ਦੋਵਾਂ ਦੀ ਦੋਸਤੀ ਭਾਰਤ ਦੇ ਧਰਮ ਨਿਰਪੱਖ ਜਮਹੂਰੀ ਢਾਂਚੇ, ਭਾਈਚਾਰਕ ਸਾਂਝ ਅਤੇ ਫਿਰਕੂ ਸੱਦ-ਭਾਵਨਾ ਅਤੇ ਸ਼ਾਂਤੀ ਲਈ ਇੱਕ ਗੰਭੀਰ ਖਤਰਾ ਹੈ।

# ਸੰਪਰਕ : 98550-04500

# ਸੋਸ਼ਲ ਮੀਡੀਆ ਅਡਿਕਸ਼ਨ : ਆਸਟਰੇਲੀਆ ਦਾ ਵੱਡਾ ਫੈਸਲਾ

ਪ੍ਰੋ. ਕੁਲਬੀਰ ਸਿੰਘ

ਬਹੁਤ ਸਾਰੀਆਂ ਹੋਰ ਮਾੜੀਆਂ ਆਦਤਾਂ ਵਾਂਗ ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਵੀ ਇਕ ਬੁਰੀ ਆਦਤ ਹੈ । ਜਦੋਂ ਕਿਸੇ ਨੂੰ ਹਰ ਵੇਲੇ ਸੋਸ਼ਲ ਮੀਡੀਆ ਦੀ ਲੋੜ ਮਹਿਸੂਸ ਹੁੰਦੀ ਰਹੇ । ਜਦੋਂ ਬਿਨਾਂ ਲੋੜ ਦੇ, ਬਿਨਾਂ ਮਤਲਬ ਸਮਾਰਟ ਫੋਨ ਖੋਲ੍ਹੇ ਅਤੇ ਫੇਸਬੁੱਕ, ਵੱਟਸਐਪ ਚੈੱਕ ਕਰਨ ਲੱਗ ਜਾਵੇ । ਉਸ ਨੂੰ ਸਮੇਂ ਦਾ ਪਤਾ ਹੀ ਨਾ ਚੱਲੇ । ਉਸ ਦੇ ਜ਼ਰੂਰੀ ਕੰਮ, ਰੋਜ਼ਾਨਾ ਦੇ ਕੰਮ-ਕਾਰ ਪ੍ਰਭਾਵਤ ਹੋਣ ਲੱਗਣ, ਉਸ ਦਾ ਜੀਵਨ ਪ੍ਰਭਾਵਤ ਹੋਣ ਲੱਗੇ, ਉਸ ਦੀ ਸਿਹਤ 'ਤੇ ਅਸਰ ਪੈਣ ਲੱਗੇ ਤਾਂ ਇਸ ਨੂੰ ਸੋਸ਼ਲ ਮੀਡੀਆ ਅਡਿੱਕਸ਼ਨ ਕਿਹਾ ਜਾਂਦਾ ਹੈ ।

ਇਸ ਦੇ ਕੁਝ ਉੱਭਰਵੇਂ ਲੱਛਣ ਇਸ ਪ੍ਰਕਾਰ ਹਨ - ਜਦ ਇੰਟਰਨੈੱਟ ਬੰਦ ਹੋਵੇ ਤਾਂ ਪ੍ਰੇਸ਼ਾਨੀ ਹੋਣ ਲੱਗੇ । ਸਵੇਰੇ ਉੱਠਦੇ ਸਾਰ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਸੋਸ਼ਲ ਮੀਡੀਆ ਚੈੱਕ ਕੀਤਾ ਜਾਵੇ । ਸੋਸ਼ਲ ਮੀਡੀਆ 'ਤੇ ਲੰਮਾ ਸਮਾਂ ਬਤੀਤ ਕੀਤਾ ਜਾਵੇ। ਆਫ਼ਲਾਈਨ ਗਤੀਵਿਧੀਆਂ 'ਚੋਂ ਰੁਚੀ ਘਟਦੀ ਜਾਵੇ । ਜਦੋਂ ਲਾਈਕ, ਕੁਮੈਂਟ ਘੱਟ ਮਿਲਣ ਜਾਂ ਨਾ ਮਿਲਣ ਤਾਂ ਬੁਰਾ ਲੱਗਣ ਲੱਗੇ । ਤੁਰਦੇ ਹੋਏ, ਡਰਾਈਵਿੰਗ ਕਰਦੇ ਹੋਏ ਵੀ ਸੋਸ਼ਲ ਮੀਡੀਆ ਚੈੱਕ ਕਰਨਾ । ਘਰ ਵਿਚ ਹੁੰਦੇ ਹੋਏ, ਨੇੜੇ ਹੁੰਦੇ ਹੋਏ ਵੀ ਪਰਵਾਰ ਦੇ ਮੈਂਬਰਾਂ ਜਾਂ ਦੋਸਤਾਂ ਨਾਲ ਸੋਸ਼ਲ ਮੀਡੀਆ ਰਾਹੀਂ ਸੰਚਾਰ ਕਰਨਾ। ਆਹਮਣੇ-ਸਾਹਮਣੇ ਗੱਲਬਾਤ ਬਹੁਤ ਘੱਟ ਜਾਣੀ। ਇਹ ਅਤੇ ਅਜਿਹੇ ਬਹੁਤ ਸਾਰੇ ਹੋਰ ਲੱਛਣ ਵੇਖੇ ਜਾ ਸਕਦੇ ਹਨ । ਇਸ ਦਾ ਸਿੱਧੇ ਤੌਰ 'ਤੇ ਸਾਡੀ ਮਾਨਸਿਕ ਤੇ ਸਰੀਰਕ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਸਮਾਜਿਕ, ਪਰਿਵਾਰਕ ਰਿਸ਼ਤਿਆਂ 'ਤੇ ਪੈਣ ਲੱਗਦਾ ਹੈ ।ਸਾਡੇ ਕੰਮ-ਕਾਰ, ਸਾਡੀ ਨੌਕਰੀ, ਸਾਡੀ ਆਰਥਿਕਤਾ, ਵਿਦਿਆਰਥੀਆਂ ਦੀ ਪੜ੍ਹਾਈ ਅਤੇ ਅਕਾਦਮਿਕਤਾ 'ਤੇ ਪੈਣ ਲੱਗਦਾ ਹੈ । ਸਮੁੱਚੇ ਤੌਰ 'ਤੇ ਸਾਡੀ ਕਾਰਗੁਜ਼ਾਰੀ ਪ੍ਰਭਾਵਤ ਹੁੰਦੀ ਹੈ ।

ਸੋਸ਼ਲ ਮੀਡੀਆ ਇਕ ਨਸ਼ੇ ਵਾਂਗ ਹੈ, ਕਿਉਂਕਿ ਇਸ ਨਾਲ ਦਿਮਾਗ਼ ਉਵੇਂ ਮਹਿਸੂਸ ਕਰਦਾ ਹੈ, ਜਿਵੇਂ ਜੂਆ ਖੇਡਣ ਵੇਲੇ ਜਾਂ ਕੋਈ ਨਸ਼ਾ ਕਰਨ ਵੇਲੇ ਕਰਦਾ ਹੈ । ਦਿਮਾਗ਼ ਵਿੱਚੋਂ ਡੋਪਾਮਾਈਨ ਹਾਰਮੋਨ ਰਲੀਜ਼ ਹੁੰਦਾ ਹੈ, ਜਿਸ ਨਾਲ ਚੰਗਾ ਮਹਿਸੂਸ ਹੁੰਦਾ ਹੈ, ਖੁਸ਼ੀ ਮਿਲਦੀ ਹੈ ਅਤੇ ਮਨ ਹੋਰ ਹੋਰ ਵਰਤਣ ਲਈ ਪ੍ਰੇਰਿਤ ਹੁੰਦਾ ਹੈ। ਤੇਜ਼ ਤਿੱਖੀਆਂ ਰੌਸ਼ਨੀਆਂ, ਗੂੜ੍ਹੇ ਰੰਗ ਅਤੇ ਆਕਰਸ਼ਕ ਚੇਤਾਵਨੀਆਂ ਮਨ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਦਾ ਵਿਰੋਧ ਕਰਨ ਤੋਂ ਵਰਜਦੀਆਂ ਹਨ।

ਅਜਿਹੇ ਸਮੇਂ ਸਕਰੀਨ ਟਾਈਮ ਘਟਾਉਣਾ, ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਤੋਂ ਬਚਣਾ ਅਤੇ ਇਸ ਦੀ ਆਦਤ ਦੇ ਚੱਕਰਨੂੰ ਤੋੜਨਾ ਜ਼ਰੂਰੀ ਹੁੰਦਾ ਹੈ, ਪਰੰਤੂ ਇਹ ਐਨਾ ਸੁਖਾਲਾ ਨਹੀਂ। ਇਹਦੇ ਲਈ ਸੁਚੇਤ ਯਤਨ ਕਰਨ ਦੀ ਲੋੜ ਹੁੰਦੀ ਹੈ।

ਸਵੇਰੇ ਉੱਠ ਕੇ ਸੈਰ ਲਈ ਜਾਓ ਤਾਂ ਜੋ ਕੁਦਰਤੀ ਅਸਮਾਨੀ ਨੀਲਾ ਰੰਗ ਅਤੇ ਹਰਿਆਵਲ ਵੇਖਣ ਨੂੰ ਮਿਲੇ। ਕੁਦਰਤ ਨਾਲ ਇਕਮਿਕ ਹੋਣ ਦਾ ਮੌਕਾ ਮਿਲੇ ।ਦਿਮਾਗ ਨੂੰ, ਸਰੀਰ ਨੂੰ ਖੁੱਲ੍ਹੀ ਆਕਸੀਜਨ ਮਿਲੇ। ਡੀਪ ਬ੍ਰੀਦਿੰਗ ਕਰੋ। ਬੁਰੀਆਂ ਆਦਤਾਂ ਛੱਡੋ, ਚੰਗੀਆਂ ਆਦਤਾਂ ਅਪਣਾਓ। ਤਕਨੀਕ ਦੀ, ਇੰਟਰਨੈੱਟ ਦੀ ਬੇਲੋੜੀ ਵਰਤੋਂ ਬੰਦ ਕਰੋ। ਵੱਧ ਤੋਂ ਵੱਧ ਸਮਾਂ ਆਪਣਾ ਫੋਨ ਆਪਣੇ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰੋ । ਫੋਨ ਦੀਆਂ ਸੈਟਿੰਗ ਤਬਦੀਲ ਕਰੋ। ਵਾਧੂ, ਬੇਲੋੜੇ, ਵੱਧ ਵਰਤੋਂ ਵਾਲੇ ਐਪ ਡਲੀਟ ਕਰ ਦਿਓ। ਜਦੋਂ ਕੰਮ ਕਰ ਰਹੇ ਹੋ ਤਾਂ ਫੋਨ ਨੂੰ ਐਰੋਪਲੇਨ ਮੋਡ 'ਤੇ ਕਰ ਦਿਓ । ਫੋਨ ਦੀ ਸਕਰੀਨ ਚਿੱਟੀ ਕਾਲੀ ਕਰ ਦਿਓ ਤਾਂ ਜੋ ਰੰਗਾਂ ਦਾ ਆਕਰਸ਼ਨ ਨਾ ਰਹੇ । ਕਦੇ-ਕਦੇ ਜਾਂ ਹਫ਼ਤੇ ਵਿਚ ਇਕ ਦਿਨ ਫੋਨ ਤੋਂ ਛੁੱਟੀ ਲਓ ।ਆਪਣੇ ਸ਼ੌਕ ਨੂੰ ਸਮਾਂ ਦਿਓ । ਕਿਤਾਬਾਂ ਪੜ੍ਹੋ, ਸੰਗੀਤ ਸੁਣੋ, ਘੁੰਮਣ-ਫਿਰਨ ਜਾਓ, ਘਰ ਦੀ ਬਗੀਚੀ ਵਿਚ ਬੂਟਿਆਂ ਦੀ ਗੋਡੀ ਕਰੋ, ਪਾਣੀ ਦਿਓ । ਆਪਣੇ ਮਨ ਨੂੰ ਸਮਾਰਟ ਫੋਨ ਦੀ ਬਹੁਤੀ ਵਰਤੋਂ ਦੇ ਬੁਰੇ ਪ੍ਰਭਾਵਾਂ ਬਾਰੇ ਸਮਝਾਓ। ਇੰਝ ਕਰਕੇ ਹੀ ਸੋਸ਼ਲ ਮੀਡੀਆ ਦੀ ਲਤ ਨੂੰ ਘਟਾਇਆ ਜਾ ਸਕਦਾ ਹੈ ।

ਆਸਟਰੇਲੀਆ ਦੁਨੀਆ ਦਾ ਅਜਿਹਾ ਪਹਿਲਾ ਮੁਲਕ ਬਣਨ ਜਾ ਰਿਹਾ ਹੈ, ਜਿਹੜਾ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇੰਟਰਨੈੱਟ ਵਰਤਣ ਤੋਂ ਸਖ਼ਤ ਕਾਨੂੰਨ ਰਾਹੀਂ ਰੋਕਣ ਲੱਗਾ ਹੈ। ਨਵੰਬਰ ਦੇ ਅਖੀਰ ਵਿਚ ਬਿੱਲ ਦੇ ਵੇਰਵੇ ਸਾਹਮਣੇ ਆਉਣਗੇ ਅਤੇ ਸਾਲ ਬਾਅਦ ਇਹ ਕਾਨੂੰਨ ਲਾਗੂ ਹੋ ਜਾਵੇਗਾ ।ਲਾਗੂ ਕਰਨ ਦੀ ਜ਼ਿੰਮੇਵਾਰੀ ਮੀਡੀਆ ਪਲੇਟਫਾਰਮਾਂ ਦੀ ਹੋਵੇਗੀ । ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਮਾਪਿਆਂ ਦੁਆਰਾ ਬੱਚਿਆਂ ਦੀ ਸੁਰੱਖਿਆ ਪ੍ਰਤੀ ਪ੍ਰਗਟਾਈ ਚਿੰਤਾ ਨੂੰ ਲੈ ਕੇ ਚਿੰਤਤ ਹਨ । ਅਕਤੂਬਰ ਮਹੀਨੇ ਇਕ ਲੱਖ 25 ਹਜ਼ਾਰ ਦਸਤਖ਼ਤਾਂ ਵਾਲੀ ਅਪੀਲ ਸਰਕਾਰ ਨੂੰ ਸੌਂਪੀ ਗਈ ਸੀ, ਜਿਸ ਦੇ ਨਤੀਜੇ ਵਜੋਂ ਉਪਰੋਕਤ ਫੈਸਲਾ ਸਾਹਮਣੇ ਆਇਆ ਹੈ ।ਇਹ ਵੀ ਸ਼ੰਕਾ ਪ੍ਰਗਟਾਈ ਜਾ ਰਹੀ ਹੈ ਕਿ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੇ ਇਸ ਦੌਰ ਵਿਚ ਅਜਿਹਾ ਸਖ਼ਤ ਫੈਸਲਾ ਲਾਗੂ ਕਰ ਸਕਣਾ ਸੁਖਾਲਾ ਨਹੀਂ ਹੋਵੇਗਾ।

# ਭਾਰਤੀ ਦਰਾਮਦਾਂ-ਬਰਾਮਦਾਂ ਦਾ ਲੇਖਾ-ਜੋਖਾ

ਜਗਦੇਵ ਸ਼ਰਮਾ

ਮੁੱਢ ਕਦੀਮ ਤੋਂ ਹੀ ਸਾਡੇ ਸਮਾਜ ਦੀ ਕੋਈ ਵੀ ਇਕਾਈ ਬੇਸ਼ੱਕ ਉਹ ਇੱਕ ਪ੍ਰੀਵਾਰ ਹੋਵੇ, ਰਾਜ ਹੋਵੇ ਜਾਂ ਫਿਰ ਦੇਸ਼, ਆਪਣੀਆਂ ਲੋੜਾਂ ਦੀ ਪੂਰਤੀ ਹਿਤ ਸਭ ਕੁੱਛ ਆਪ ਪੈਦਾ ਕਰਨ ਦੇ ਸਮਰੱਥ ਨਹੀਂ ਹੁੰਦਾ । ਹਰੇਕ ਪਰਵਾਰ ਘਰੇਲੂ ਪੈਦਾਵਾਰ ਦਾ ਲੋੜ ਅਨੁਸਾਰ ਘਰ ਰੱਖ ਕੇ , ਵਾਧੂ ਪੈਦਾਵਾਰ ਬਾਜਾਰ ਵਿਚ ਵੇਚ ਦਿੰਦਾ ਹੈ ਅਤੇ ਓਹ ਵਸਤੂਆਂ ਜਿਹੜੀਆਂ ਓਹ ਆਪ ਪੈਦਾ ਨਹੀਂ ਕਰ ਸਕਦਾ ਜਾਂ ਨਹੀਂ ਬਣਾ ਸਕਦਾ, ਓਹ ਇਹ ਵਸਤੂਆਂ ਬਾਜ਼ਾਰ ਵਿੱਚੋਂ ਖਰੀਦ ਕਰਦਾ ਹੈ । ਠੀਕ ਇਸੇ ਤਰ੍ਹਾਂ ਦੇਸ਼ ਵੀ ਆਪਸ ਵਿੱਚ ਵਸਤੂਆਂ ਦਾ ਅਤੇ ਸੇਵਾਵਾਂ ਦਾ ਆਦਾਨ ਪ੍ਰਦਾਨ ਕਰਦੇ ਹਨ । ਦੇਸ ਦੀਆਂ ਲੋੜਾਂ ਨਾਲੋਂ ਜਿਆਦਾ ਪੈਦਾਵਾਰ ਦੂਜੇ ਦੇਸ਼ਾਂ ਨੂੰ ਵੇਚ ਦਿੱਤੀ ਜਾਂਦੀ ਹੈ ਅਤੇ ਦੂਜੇ ਦੇਸ਼ਾਂ ਤੋਂ ਓਹ ਵਸਤਾਂ ਜਿਹੜੀਆਂ ਸਾਡੇ ਦੇਸ਼ ਵਿੱਚ ਨਹੀਂ ਬਣਦੀਆਂ ਜਾਂ ਪੈਦਾ ਨਹੀਂ ਹੁੰਦੀਆਂ , ਉਹ ਬਾਹਰਲੇ ਮੁਲਕਾਂ ਤੋਂ ਮੰਗਵਾ ਲਈਆਂ ਜਾਂਦੀਆਂ ਹਨ । ਬਾਹਰੋਂ ਮੰਗਵਾਈਆਂ ਜਾਣ ਵਾਲੀਆਂ ਵਸਤਾਂ ਨੂੰ ਦਰਾਮਦ ( ਆਯਾਤ ) ਅਤੇ ਬਾਹਰ ਭੇਜੀਆਂ ਜਾਣ ਵਾਲੀਆਂ ਵਸਤਾਂ ਨੂੰ ਬਰਾਮਦ ( ਨਿਰਯਾਤ ) ਕਿਹਾ ਜਾਂਦਾ ਹੈ । ਵਪਾਰਕ ਸ਼ਬਦਾਵਲੀ ਵਿੱਚ ਇਸ ਪੂਰੇ ਸਿਲਸਿਲੇ ਨੂੰ ਵਿਦੇਸੀ ਵਪਾਰ ਕਹਿੰਦੇ ਹਨ । ਪੈਦਾਵਾਰ ਵਿਚ ਖੇਤੀ ਪੈਦਾਵਾਰ , ਸਨਅਤੀ ਪੈਦਾਵਾਰ ਅਤੇ ਧਰਤੀ ਹੇਠਲੇ ਖਣਿਜ ਪਦਾਰਥ ਸ਼ਾਮਲ ਹੁੰਦੇ ਹਨ ਜਿਹੜੇ ਕਿ ਕਿਸੇ ਇਲਾਕੇ ਦੀ ਕੁਦਰਤੀ ਬਣਤਰ ਅਤੇ ਸਨਅਤੀ ਵਿਕਾਸ ਦੇ ਪੱਧਰ ਉੱਪਰ ਨਿਰਭਰ ਕਰਦੇ ਹਨ । ਸਾਰੇ ਹੀ ਦੇਸ ਆਪਸ ਵਿੱਚ ਸੇਵਾਵਾਂ ਦਾ ਆਦਾਨ ਪ੍ਰਦਾਨ ਵੀ ਕਰਦੇ ਹਨ ।

ਘਰੇਲੂ ਵਪਾਰ ਦੀ ਤਰ੍ਹਾਂ ਹੀ ਵਿਦੇਸ਼ੀ ਵਪਾਰ ਵੀ ਦੇਸ਼ ਦੀ ਆਰਥਿਕਤਾ ਦਾ ਧੁਰਾ ਹੁੰਦਾ ਹੈ । ਪਿਛਲੀ ਸਦੀ ਤੋਂ ਇਸ ਵਪਾਰ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਮਹੱਤਤਾ ਕਾਫੀ ਵਧ ਗਈ ਹੈ । ਵਿਦੇਸ਼ੀ ਵਪਾਰ ਨੂੰ ਪ੍ਰਭਾਵਤ ਕਰਨ ਵਾਲੇ ਕਾਰਕਾਂ ਨੂੰ ਅਸੀਂ ਦੋ ਵਰਗਾਂ ਵਿੱਚ ਵੰਡ ਸਕਦੇ ਹਾਂ। ਅੰਦਰੂਨੀ ਕਾਰਕ ਅਤੇ ਬਾਹਰੀ ਕਾਰਕ । ਦੇਸ਼ ਵਿੱਚ ਖੇਤੀ ਅਤੇ ਸਨਅਤੀ ਪੈਦਾਵਾਰ , ਧਰਤੀ ਹੇਠਲੇ ਖਣਿਜਾਂ ਦੀ ਸਥਿਤੀ, ਮੌਸਮ, ਭੂਮੀ ਦਾ ਧਰਾਤਲ ਅਤੇ ਮਿੱਟੀ ਦੀ ਕਿਸਮ ਤੋਂ ਇਲਾਵਾ ਦੇਸ ਦੀ ਰਾਜਨੀਤਕ ਸਥਿਰਤਾ, ਦੇਸ਼ ਦੀ ਕਾਨੂੰਨ ਵਿਵਸਥਾ ਵਰਗੇ ਕਾਰਕ ਇਸ ਵਪਾਰ ਉੱਤੇ ਅਸਰਅੰਦਾਜ਼ ਹੁੰਦੇ ਹਨ । ਸ੍ਰੀਲੰਕਾ ਅਤੇ ਬੰਗਲਾਦਸ਼ਸ ਦੀਆਂ ਉਦਾਹਰਨਾਂ ਸਾਡੇ ਸਾਹਮਣੇ ਹਨ, ਜਿੱਥੇ ਗ੍ਰਹਿ ਯੁੱਧ ਵਰਗੇ ਹਾਲਾਤ ਨੇ ਦੇਸ਼ ਦਾ ਵਿਦੇਸ਼ੀ ਵਪਾਰ ਅਤੇ ਉਥੋਂ ਦਾ ਅਰਥਚਾਰਾ ਤਹਿਸ-ਨਹਿਸ ਕਰ ਦਿੱਤਾ ਹੈ । ਪਾਕਿਸਤਾਨ ,ਅਫਗਾਨਿਸਤਾਨ ਵਿਚਲੀ ਰਾਜਨੀਤਕ ਅਸਥਿਰਤਾ ਦੇ ਭਿਆਨਕ ਨਤੀਜੇ ਵੀ ਸਭ ਦੇ ਸਾਹਮਣੇ ਹਨ । ਉਪਰੋਕਤ ਤੋਂ ਇਲਾਵਾ ਘਰੇਲੂ ਬਾਜ਼ਾਰ, ਮੁਦਰਾ, ਸਰਕਾਰੀ ਨੀਤੀਆਂ, ਨਿਆਇਕ ਪ੍ਰਣਾਲੀ ਵਗੈਰਾ ਵੀ ਵਿਦੇਸ਼ੀ ਵਪਾਰ ਨੂੰ ਪ੍ਰਭਾਵਤ ਕਰਦੇ ਹਨ

ਬਾਹਰੀ ਕਾਰਕਾਂ ਵਿੱਚ ਬਾਹਰੀ ਦੁਨੀਆਂ ਨਾਲ ਸਾਡੇ ਕੂਟਨੀਤਕ ਸੰਬੰਧ ਖਾਸ ਤੌਰ 'ਤੇ ਉਹਨਾ ਦੇਸ਼ਾਂ ਨਾਲ, ਜਿਨ੍ਹਾਂ ਨਾਲ ਅਸੀਂ ਜਿਆਦਾ ਖਰੀਦ-ਵੇਚ ਕਰਦੇ ਹਾਂ, ਵਿਦੇਸ਼ੀ ਵਪਾਰ ਤੇ ਅਸਰ ਪਾਉਂਦੇ ਹਨ ।

ਭਾਰਤ ਆਯਾਤ-ਨਿਰਯਾਤ ਦੇ ਮਾਮਲੇ ਵਿੱਚ ਦੁਨੀਆ ਵਿੱਚ ਕਿੱਥੇ ਖੜ੍ਹਦਾ ਹੈ , ਜਾਨਣ ਲਈ ਕੁਛ ਅੰਕੜਿਆਂ 'ਤੇ ਝਾਤ ਮਾਰਨੀ ਪਾਏਗੀ । ਭਾਰਤ ਕੋਈ 190 ਦੇਸ਼ਾਂ ਨੂੰ 7500 ਦੇ ਕਰੀਬ ਆਈਟਮਾਂ ਨਿਰਯਾਤ ਕਰਦਾ ਹੈ ਅਤੇ 140 ਦੇਸ਼ਾਂ ਤੋਂ 6000 ਆਈਟਮਾਂ ਦੇ ਲੱਗਭੱਗ ਆਯਾਤ ਕਰਦਾ ਹੈ । 2023 ਵਿੱਤੀ ਵਰ੍ਹੇ ਦੇ ਅੰਕੜੇ ਦੱਸਦੇ ਹਨ ਕਿ ਨਿਰਯਾਤ ਵਿੱਚ ਸਾਡੇ ਦੇਸ਼ ਦਾ 14ਵਾਂ ਅਤੇ ਆਯਾਤ ਵਿੱਚ 8ਵਾਂ ਰੈਂਕ ਸੀ । ਵਿਦੇਸ਼ੀ ਵਪਾਰ ਵਿਚ ਸਾਡਾ ਹਿੱਸਾ 2014 ਦੇ 1.70% ਤੋਂ ਮਾਮੂਲੀ ਸੁਧਰ ਕੇ 2023 ਵਿੱਚ 1.82% ਹੋ ਗਿਆ ਹੈ ।

2022 ਦੇ ਅੰਕੜਿਆਂ ਅਨੁਸਾਰ ਅਮਰੀਕਾ ( 17.72 %) ,ਯੂ ਏ ਈ (6.92 %) ਨੀਦਰਲੈਂਡ (4.09%) , ਚੀਨ (3.33 %) ਬੰਗਲਾਦੇਸ਼ (3.06 %) ਨਾਲ ਅਤੇ, ਸਾਊਦੀ ਅਰਬ, ਇੰਗਲੈਂਡ, ਇਰਾਕ ਅਤੇ ਆਸਟਰੇਲੀਆ ਕੋਲੋਂ ਭਾਰਤ ਜ਼ਿਆਦਾਤਰ ਵਸਤੂਆਂ ਦਰਾਮਦ ਕਰਦਾ ਹੈ । ਇਸੇ ਤਰ੍ਹਾਂ ਜੁਲਾਈ 24 ਦੇ ਅੰਕੜਿਆਂ ਅਨੁਸਾਰ ਚੀਨ ਨੇ 10.3 ਬਿਲੀਅਨ ਡਾਲਰ, ਯੂ ਏ ਈ ਨੇ 5.73 ਬਿਲੀਅਨ ਡਾਲਰ, ਰੂਸ ਨੇ 5.42 ਬਿਲੀਅਨ ਡਾਲਰ,ਅਮਰੀਕਾ ਨੇ 3.71 ਬਿਲੀਅਨ ਡਾਲਰ, ਇੰਡੋਨੇਸੀਆ ਨੇ 2.15 ਬਿਲੀਅਨ ਡਾਲਰ ਦੀਆਂ ਵਸਤੂਆਂ ਭਾਰਤ ਤੋਂ ਨਿਰਯਾਤ ਕੀਤੀਆਂ। ਇਹਨਾਂ ਤੋਂ ਇਲਾਵਾ ਸਾਊਦੀ ਅਰਬ, ਹਾਂਗਕਾਂਗ, ਸਵਿੱਟਜ਼ਰਲੈਂਡ , ਇਰਾਕ ਅਤੇ ਸਾਊਥ ਕੋਰੀਆ ਵੀ ਭਾਰਤ ਕੋਲੋਂ ਭਿੰਨ-ਭਿੰਨ ਵਸਤਾਂ ਖਰੀਦਦੇ ਹਨ। ਭਾਰਤ ਦੁਆਰਾ ਬਾਹਰੀ ਦੁਨੀਆਂ ਤੋਂ ਖਰੀਦੀਆਂ ਜਾਣ ਵਾਲੀਆਂ ਵਸਤਾਂ ਵਿਚ ਜ਼ਿਆਦਾਤਰ ਕੱਚਾ ਤੇਲ ਪੈਟਰੋਲੀਅਮ ਗੈਸ ਅਤੇ ਪੈਟਰੋਲੀਅਮ ਪਦਾਰਥ, ਕੋਲਾ, ਸੋਨਾ, ਡਾਇਮੰਡ, ਰਸਾਇਣ ਪਦਾਰਥ, ਦਵਾਈਆਂ, ਇਲੈਕਟ੍ਰੋਨਿਕ ਵਸਤਾਂ, ਕੰਪਿਊਟਰ ਅਤੇ ਇਨ੍ਹਾਂ ਦੇ ਹਿੱਸੇ ਪੁਰਜ਼ੇ, ਮਸੀਨਰੀ ਅਤੇ ਖਾਦਾਂ ਸ਼ਾਮਲ ਹਨ । ਇਹਨਾ ਤੋਂ ਇਲਾਵਾ ਨਿਊਕਲਰ ਰੀਐਕਟਰ ,ਉਸਾਰੀ ਲਈ ਵਰਤੋਂ ਵਿੱਚ ਆਉਣ ਵਾਲਾ ਲੋਹਾ ਸਟੀਲ ਅਤੇ ਪਲਾਸਟਿਕ ਦਾ ਸਮਾਨ ਵੀ ਅਸੀਂ ਦਰਾਮਦ ਕਰਦੇ ਹਾਂ। ਦੇਸ਼ ਤੋਂ ਬਾਹਰ ਭੇਜੀਆਂ ਜਾਣ ਵਾਲੀਆਂ ਵਸਤਾਂ ਵਿੱਚ ਪੈਕ ਕੀਤੀਆਂ ਹੋਈਆਂ ਦਵਾਈਆਂ, ਹੀਰੇ-ਜਵਾਹਰਾਤ, ਇੰਜੀਨੀਅਰਿੰਗ ਦਾ ਸਮਾਨ, ਟੈਕਸਟਾਇਲ ਅਤੇ ਕੱਪੜੇ, ਪੈਟਰੋਲੀਅਮ ਉਤਪਾਦ, ਆਟੋਮੋਬਾਈਲ ਅਤੇ ਇਨ੍ਹਾਂ ਦੇ ਪੁਰਜ਼ੇ, ਚਮੜੇ ਦੀਆਂ ਵਸਤੂਆਂ, ਦੁੱਧ ਉਤਪਾਦ, ਅਨਾਜ, ਬਿਜਲਈ ਸਮਾਨ, ਦਸਤਕਾਰੀ ਅਤੇ ਸੂਤੀ ਧਾਗਾ ਵਗੈਰਾ ਸ਼ਾਮਲ ਹਨ।

ਭਾਰਤ ਯਾਤਰਾ ਅਤੇ ਸੈਰ-ਸਪਾਟਾ ਸਹੂਲਤਾਂ , ਵਿੱਤੀ ਸਹੂਲਤਾਂ, ਬੀਮਾ, ਸੰਚਾਰ, ਕਾਰੋਬਾਰੀ ਸੇਵਾਵਾਂ ਅਤੇ ਸਾਫਟਵੇਅਰ ਦੀਆਂ ਸੇਵਾਵਾਂ ਦੂਜੇ ਦੇਸਾਂ ਨੂੰ ਉਪਲੱਬਧ ਕਰਵਾਉਂਦਾ ਹੈ । ਭਾਰਤ ਦੂਜੇ ਦੇਸ਼ਾਂ ਤੋਂ ਮੁੱਖ ਤੌਰ 'ਤੇ ਇਨਫਰਮੇਸ਼ਨ ਅਤੇ ਟੈਕਨੋਲੋਜੀ ਸੰਬੰਧੀ ਜਾਣਕਾਰੀ, ਵਿੱਤੀ ਸੇਵਾਵਾਂ, ਸਿੱਖਿਆ , ਸਿਹਤ , ਸੱਭਿਆਚਾਰਕ (ਮਨੋਰੰਜਨ, ਸੰਗੀਤ ਅਤੇ ਫਿਲਮੀ) ਸੇਵਾਵਾਂ ਅਤੇ ਪੇਸ਼ੇਵਰ ਸੇਵਾਵਾਂ ਆਯਾਤ ਵੀ ਕਰਦਾ ਹੈ ।

ਅੱਗੇ ਵਧਣ ਤੋਂ ਪਹਿਲਾਂ ਦੋ-ਤਿੰਨ ਮੱਦਾਂ ਦੇ ਅਰਥ ਜਾਣਨੇ ਜ਼ਰੂਰੀ ਹਨ। ਇਨ੍ਹਾਂ ਮੱਦਾਂ ਵਿੱਚ ਸ਼ਾਮਲ ਹਨ: ਵਪਾਰਕ ਘਾਟਾ , ਭੁਗਤਾਨ ਸੰਤੁਲਨ ਅਤੇ ਵਿਦੇਸ਼ੀ ਮੁਦਰਾ ਭੰਡਾਰ। ਜਦੋਂ ਕਿਸੇ ਦੇਸ਼ ਦੀਆਂ ਦਰਾਮਦਾਂ ਉਸ ਦੇਸ਼ ਦੀਆਂ ਬਰਾਮਦਾਂ ਨਾਲੋਂ ਜ਼ਿਆਦਾ ਹੋਣ ਯਾਨੀਕਿ ਦੇਸ਼ ਆਪਣੀ ਵਿਕਰੀ ਨਾਲੋਂ ਜ਼ਿਆਦਾ ਮੁੱਲ ਦੀਆਂ ਵਸਤੂਆਂ ਬਾਹਰੀ ਦੁਨੀਆਂ ਤੋਂ ਖਰੀਦਦਾ ਹੈ , ਉਸ ਨੂੰ ਵਪਾਰਕ ਘਾਟਾ ਕਿਹਾ ਜਾਂਦਾ ਹੈ । ਰਾਸ਼ਟਰ ਦੁਆਰਾ ਕਿਸੇ ਖਾਸ ਸਮੇਂ ਜਿਵੇਂ ਕਿ ਤਿਮਾਹੀ ਜਾਂ ਫਿਰ ਸਾਲ ਦੌਰਾਨ ਦੂਜੇ ਦੇਸ਼ਾਂ ਨਾਲ ਲੈਣ-ਦੇਣ ਦਾ ਆਰਥਿਕ ਵਿਵਰਣ ਭੁਗਤਾਨ ਦਾ ਬਕਾਇਆ ( ਬੀ ਓ ਪੀ ) ਕਹਾਉਂਦਾ ਹੈ । ਦੂਜੇ ਦੇਸ਼ਾਂ ਨਾਲ ਲੈਣ-ਦੇਣ ਦੀ ਪ੍ਰਕਿਰਿਆ ਵਿੱਚ ਵਿਅਕਤੀਗਤ , ਫਰਮਾਂ ਜਾਂ ਫਿਰ ਸਰਕਾਰੀ ਅਦਾਰੇ ਆਦਿ ਸਾਮਿਲ ਹੁੰਦੇ ਹਨ । ਨਕਾਰਾਤਮਿਕ ਬੀ ਓ ਪੀ (ਭੁਗਤਾਨ ਅਸੰਤੁਲਨ) ਸਾਡੇ ਵਿਦੇਸ਼ੀ ਮੁਦਰਾ ਭੰਡਾਰ ਅਤੇ ਦੇਸ਼ ਦੀ ਕਰੰਸੀ ਦੀ ਕੀਮਤ ਉੱਪਰ ਅਸਰ-ਅੰਦਾਜ਼ ਹੁੰਦਾ ਹੈ ।

ਵਿਦੇਸੀ ਮੁਦਰਾ ਭੰਡਾਰ ਦੇ ਮਾਮਲੇ ਵਿੱਚ ਸਾਡੇ ਦੇਸ਼ ਦੀ ਸਥਿਤੀ ਕੁੱਛ ਸੁਖਾਵੀਂ ਹੈ । ਛੇ ਸਤੰਬਰ 2024 ਨੂੰ ਅਸੀਂ 689235 ਮਿਲੀਅਨ ਅਮਰੀਕਨ ਡਾਲਰ ਦੇ ਭੰਡਾਰ ਨਾਲ 194 ਦੇਸ਼ਾਂ ਵਿੱਚੋਂ ਚੌਥੇ ਨੰਬਰ ਤੇ ਸਾਂ। ਚੀਨ ਲੱਗਭੱਗ 3288000 ਮਿਲੀਅਨ ਅਮਰੀਕਨ ਡਾਲਰ ਨਾਲ ਦੁਨੀਆ ਵਿੱਚੋਂ ਪਹਿਲੇ ਨੰਬਰ 'ਤੇ ਹੈ । ਭਾਰਤੀ ਵਣਜ ਮੰਤਰਾਲੇ ਅਨੁਸਾਰ 2023-24 ਦੇ ਵਿੱਤੀ ਵਰ੍ਹੇ ਦੌਰਾਨ ਸਾਡੇ ਦੇਸ਼ ਦੀਆਂ ਬਰਾਮਦਾਂ 2022-23 ਦੇ ਵਿੱਤੀ ਵਰ੍ਹੇ ਦੇ 776.3 ਬਿਲੀਅਨ ਅਮਰੀਕੀ ਡਾਲਰ ਦੇ ਅੰਕੜੇ ਤੋਂ ਵਧ ਕੇ 778 ਬਿਲੀਅਨ ਅਮਰੀਕੀ ਡਾਲਰ ਹੋ ਗਈਆਂ ਹਨ, ਜਿਸ ਵਿੱਚ ਵਸਤੂਆਂ ਅਤੇ ਸੇਵਾਵਾਂ, ਦੋਵਾਂ ਦੀ ਕੀਮਤ ਸਾਮਿਲ ਹੈ । ਇਸ ਸਮੇਂ ਦੌਰਾਨ ਸੇਵਾਵਾਂ ਦਾ ਨਿਰਯਾਤ 325.3 ਬਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 341.1 ਬਿਲੀਅਨ ਡਾਲਰ ਹੋ ਗਿਆ ਹੈ ।

ਆਯਾਤ 'ਤੇ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਇਹ 2022- 23 ਦੇ 898 ਬਿਲੀਅਨ ਡਾਲਰ ਤੋਂ ਘਟ ਕੇ 2023-24 ਵਿੱਚ 853.8 ਬਿਲੀਅਨ ਅਮਰੀਕੀ ਡਾਲਰ ਹੋ ਗਿਆ ਹੈ । ਇਹ ਗਿਰਾਵਟ ਵਸਤਾਂ ਅਤੇ ਸੇਵਾਵਾਂ, ਦੋਵਾਂ ਦੇ ਆਯਾਤ ਵਿੱਚ ਦਰਜ ਕੀਤੀ ਗਈ ਹੈ । ਕੁੱਲ ਮਿਲਾ ਕੇ 2023-24 ਦੇ ਵਿੱਤੀ ਸਾਲ ਦੌਰਾਨ ਸਾਡੇ ਦੇਸ਼ ਦਾ ਵਿਦੇਸ਼ੀ ਵਪਾਰ ਘਾਟਾ 2022-23 ਦੇ 121.6 ਬਿਲੀਅਨ ਅਮਰੀਕੀ ਡਾਲਰ ਤੋਂ ਘਟ ਕੇ 75.6 ਬਿਲੀਅਨ ਡਾਲਰ 'ਤੇ ਆ ਗਿਆ ਹੈ । ਪਿਛਲੇ ਪੰਜ ਸਾਲਾਂ ਦਾ ਵਿਸ਼ਲੇਸ਼ਣ ਸੁਧਾਰ ਵੱਲ ਇਸ਼ਾਰਾ ਕਰਦਾ ਹੈ । ਭਾਰਤੀ ਨਿਰਯਾਤ 2017 ਦੇ ਅੰਕੜੇ 309 ਬਿਲੀਅਨ ਡਾਲਰ ਤੋਂ ਵਧ ਕੇ 2022 ਵਿੱਚ 468 ਬਿਲੀਅਨ ਅਮਰੀਕੀ ਡਾਲਰ 'ਤੇ ਪਹੁੰਚ ਗਿਆ ਹੈ, ਯਾਨੀ ਕਿ 159 ਬਿਲੀਅਨ ਡਾਲਰ ਦਾ ਵਾਧਾ, ਪ੍ਰੰਤੂ ਪਿਛਲੇ ਦਸ ਮਹੀਨਿਆਂ ਵਿੱਚ ਵਸਤਾਂ ਨਾਲ ਸੰਬੰਧਤ ਵਪਾਰਕ ਘਾਟਾ (ਸੇਵਾਵਾਂ ਨੂੰ ਛੱਡ ਕੇ) ਅਗਸਤ 2024 ਦੌਰਾਨ 24 ਬਿਲੀਅਨ ਡਾਲਰ ਤੋਂ ਵੱਧ ਕੇ 29.7 ਬਿਲੀਅਨ ਡਾਲਰ ਹੋ ਗਿਆ ਹੈ ।

2023-24 ਦੌਰਾਨ ਵਿਦੇਸ਼ੀ ਵਪਾਰ ਦੇ ਮਾਮਲੇ ਵਿਚ ਅਮਰੀਕਾ ਤੋਂ ਅੱਗੇ ਲੰਘ ਕੇ ਚੀਨ ਸਾਡੇ ਦੇਸ਼ ਦਾ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਬਣ ਗਿਆ ਹੈ । ਇਸ ਸਮੇਂ ਦੌਰਾਨ ਭਾਰਤ ਨੇ ਚੀਨ ਨੂੰ 16.67 ਬਿਲੀਅਨ ਡਾਲਰ ਦੀ ਕੀਮਤ ਦਾ ਮਾਲ ਭੇਜਿਆ ਅਤੇ ਇਸ ਤਰ੍ਹਾਂ ਬਰਾਮਦ ਵਿੱਚ 8.7% ਦਾ ਵਾਧਾ ਦਰਜ ਕੀਤਾ ਗਿਆ । ਭਾਰਤ ਨੇ 101.7 ਬਿਲੀਅਨ ਡਾਲਰ ਦਾ ਮਾਲ ਚੀਨ ਤੋਂ ਖਰੀਦਿਆ, ਜੋ ਕਿ ਪਿਛਲੇ ਸਾਲ ਨਾਲੋਂ 3.24% ਜ਼ਿਆਦਾ ਸੀ ।

ਅੰਤਰਰਾਸ਼ਟਰੀ ਵਪਾਰ ਵਿੱਚ ਭਾਰਤ ਦੀ ਸਥਿਤੀ ਵਿੱਚ ਪਿਛਲੇ ਸਮੇਂ ਵਿੱਚ ਸੁਧਾਰ ਹੋਇਆ ਹੈ, ਖਾਸ ਤੌਰ 'ਤੇ ਸੇਵਾਵਾਂ ਦੇ ਨਿਰਯਾਤ ਵਿੱਚ । ਜੀ ਡੀ ਪੀ ਦੀ ਪ੍ਰਤੀਸ਼ਤਤਾ ਅਨੁਸਾਰ ਵਸਤਾਂ ਦੇ ਵਪਾਰ ਦਾ ਹਿੱਸਾ 21.51% ਹੈ ਅਤੇ ਸੇਵਾਵਾਂ ਦਾ ਹਿੱਸਾ 24.15% ਹੈ । ਭਾਰਤ ਦੇ ਵਿਦੇਸੀ ਵਪਾਰ ਦੇ ਰੈਂਕ ਵਿੱਚ ਵੀ ਸੁਧਾਰ ਹੋਇਆ ਹੈ ਅਤੇ ਅੱਗਿਓਂ ਵੀ ਜਾਰੀ ਰਹਿਣ ਦੀ ਤਵੱਕੋ ਕੀਤੀ ਜਾਂਦੀ ਹੈ, ਪ੍ਰੰਤੂ ਫਿਲਹਾਲ ਤਸਵੀਰ ਧੁੰਦਲੀ ਹੀ ਹੈ ।

# ਸੰਪਰਕ : 98727-87243

# ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**
ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ ਯੂਨੀਅਨ ਦੇ ਪ੍ਰਧਾਨ ਬਚਿੱਤਰ ਸਿੰਘ ਧੋਥੜ ਦੀ ਪ੍ਰਧਾਨਗੀ ਹੇਠ ਕਾਮਰੇਡ ਸਤੀਸ਼ ਲੂੰਬਾ ਹਾਲ ਵਿੱਚ ਹੋਈ। ਰਾਜਿੰਦਰ ਸਿੰਘ ਡੀਪੀਏ ਦੀ ਪਤਨੀ, ਬੇਅੰਤ ਸਿੰਘ ਗਿੱਲ ਦੇ ਲੜਕੇ ਜਸਵੀਰ ਸਿੰਘ, ਉਂਕਾਰ ਸਿੰਘ ਫਰਵਾਹਾ ਦੇ ਦੋਹਤੇ ਅਰਸ਼ਦੀਪ ਸਿੰਘ, ਨਛੱਤਰ ਸਿੰਘ ਕੰਡਕਟਰ ਰੱਜੀਵਾਲਾ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਇਸ ਉਪਰੰਤ ਪ੍ਰਧਾਨ ਜੀ ਦੀ ਆਗਿਆ ਨਾਲ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦੇ ਹੋਏ ਸਤਪਾਲ ਸਹਿਗਲ ਨੇ ਪੈਨਸ਼ਨਰਾਂ ਦੇ ਪੈਨਸ਼ਨ, ਕੋਰਟ ਕੇਸਾਂ ਤੇ ਹੋਰ ਵਿਭਾਗੀ ਮਸਲਿਆਂ ਸਬੰਧੀ ਜਾਣਕਾਰੀ ਦਿੰਦੇ ਹੋਏ ਪੈਨਸ਼ਨਰਾਂ ਦੇ ਮਸਲੇ ਹੱਲ ਕਰਨ ਦਾ ਭਰੋਸਾ ਦਿਵਾਇਆ ਤੇ ਕਿਹਾ ਕਿ ਯੂਨੀਅਨ ਪੈਨਸ਼ਨਰਾਂ ਦੇ ਸਾਰੇ ਮਸਲੇ ਹੱਲ ਕਰਾਉਣ ਲਈ ਆਪਣਾ ਪੂਰਾ ਜ਼ੋਰ ਲਾਏਗੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਆਪਣੇ ਸੰਬੋਧਨ ਵਿੱਚ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ ਦਾ ਦੋਸ਼ ਲਾਇਆ।

ਉਨ੍ਹਾਂ ਪੈਨਸ਼ਨਰ ਯੂਨੀਅਨ ਦੇ ਅਗਲੇ ਆਉਣ ਵਾਲੇ ਪ੍ਰੋਗਰਾਮਾਂ ਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਪੈਨਸ਼ਨਰਜ਼ ਯੂਨੀਅਨ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਪ੍ਰੋਗਰਾਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲਵੇਗੀ। ਗੁਰਦੀਪ ਸਿੰਘ ਮੋਤੀ ਨੇ ਕਿਹਾ ਕਿ ਇਹ ਸਰਕਾਰ ਦੂਜੀਆਂ ਸਰਕਾਰਾਂ ਤੋਂ ਵੀ ਨਖਿੱਧ ਸਾਬਤ ਹੋਈ ਹੈ। ਲੋਕਾਂ ਨੇ ਇਸ ਆਸ ਨਾਲ ਵੋਟਾਂ ਪਾਈਆਂ ਸਨ ਕਿ ਸ਼ਾਇਦ ਕੁੱਝ ਬਦਲਾਅ ਆਵੇਗਾ। ਇਸ ਸਰਕਾਰ ਦੇ ਮੰਤਰੀ ਤੇ ਵਿਧਾਇਕ ਵੀ ਦੋਹਾਂ ਹੱਥਾ ਨਾਲ ਪੰਜਾਬ ਦੇ ਖਜ਼ਾਨੇ ਨੂੰ ਲੁੱਟਣ ਲੱਗੇ ਹੋਏ ਹਨ। ਭੁਪਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 4% ਡੀ.ਏ. ਦੀ ਕਿਸ਼ਤ ਦੇਣਾ ਚੰਗਾ ਹੈ, ਪਰ ਸਰਕਾਰ ਵੱਲੋਂ ਇਸ ਨੂੰ ਤੋਹਫਾ ਕਹਿਣਾ ਸਰਾਸਰ ਗਲਤ ਹੈ। ਡੀ.ਏ. ਤਾਂ ਸਾਡਾ ਹੱਕ ਹੈ। ਸਾਡੇ ਗਵਾਂਢੀ ਰਾਜਾਂ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਸਾਡੇ ਨਾਲੋਂ ਅਜੇ ਵੀ 11% ਡੀ.ਏ. ਵੱਧ ਲੈ ਰਹੇ ਹਨ। ਅਜੇ ਸਾਡਾ 11% ਡੀ.ਏ. ਸਰਕਾਰ ਵੱਲ ਬਕਾਇਆ ਹੈ। ਉਨ੍ਹਾਂ ਕਿਹਾ ਕਿ ਵਿੱਤ ਸਕੱਤਰ ਵੱਲੋਂ ਅਦਾਲਤ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਬਕਾਇਆ 2029-30 ਵਿੱਚ ਦੇਣ ਦਾ ਬਿਆਨ ਦੱਸਦਾ ਹੈ ਕਿ ਸਰਕਾਰ ਦੀ ਨੀਅਤ ਵਿੱਚ ਖੋਟ ਹੈ। ਉਨ੍ਹਾਂ ਕਿਹਾ ਉੱਚ ਅਫ਼ਸਰਾਂ ਦਾ ਬਕਾਇਆ ਤਾਂ ਨਾਲ ਦੀ ਨਾਲ ਦੇ ਦਿੱਤਾ ਗਿਆ ਹੈ, ਜਦਕਿ ਛੋਟੇ ਮੁਲਾਜ਼ਮਾਂ ਨੂੰ ਬਕਾਇਆ ਦੇਣ ਬਾਰੇ ਸਰਕਾਰ ਆਨਾਕਾਨੀ ਕਰ ਰਹੀ ਹੈ।

ਕਾ. ਬਚਿੱਤਰ ਸਿੰਘ ਧੋਥੜ ਨੇ ਸਰਕਾਰ ਨੂੰ ਜ਼ਿਮਨੀ ਚੋਣਾਂ ਵਿੱਚ ਸਖ਼ਤ ਸਬਕ ਸਿਖਾਉਣ ਦੀ ਅਪੀਲ ਵੀ ਕੀਤੀ। ਪੋਹਲਾ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਸਾਰੇ ਸਾਥੀਆਂ ਨੂੰ ਯੂਨੀਅਨ ਵਿੱਚ ਸਰਗਰਮ ਹਿੱਸਾ ਲੈਣ ਦੀ ਅਪੀਲ ਕੀਤੀ। ਅਜਮੇਰ ਸਿੰਘ ਬਰਾੜ ਨੇ ਦੱਸਿਆ ਕਿ ਦਸੰਬਰ 2024 ਦੀ ਮੀਟਿੰਗ ਸਮੇਂ ਪੈਨਸਨਰਜ਼ ਡੇਅ ਮਨਾਇਆ ਜਾਵੇਗਾ ਤੇ 70, 75, 80, 85 ਸਾਲ ਦੇ ਪੈਨਸ਼ਨਰਾਂ ਨੂੰ ਸਨਮਾਨਤ ਕੀਤਾ ਜਾਵੇਗਾ।

## ਵਿਆਹਾਂ-ਸ਼ਾਦੀਆਂ ਤੇ ਹੋਰ ਮੌਕਿਆਂ 'ਤੇ ਹਥਿਆਰ ਲਿਜਾਣ ਵਾਲਿਆਂ ਖਿਲਾ.ਫ ਸਖਤ ਐਕਸ਼ਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਐਸ.ਐਸ.ਪੀ ਡਾ. ਪ੍ਰਗਿਆ ਜੈਨ ਜੀ ਦੀ ਅਗਵਾਈ ਵਿੱਚ ਫਰੀਦਕੋਟ ਪੁਲਿਸ ਵੱਲੋਂ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਤੇ ਸ਼ਾਂਤੀ ਬਣਾਈ ਰੱਖਣ ਦੇ ਉਦੇਸ਼ ਨਾਲ ਵਿਆਹ ਸ਼ਾਦੀਆਂ ਅਤੇ ਹੋਰ ਸਮਾਜਕ ਸਮਾਰੋਹਾਂ ਵਿੱਚ ਹਥਿਆਰਾਂ ਦੀ ਨੁਮਾਇਸ਼ ਕਰਨ ਤੋ ਰੋਕਣ ਲਈ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਇਹ ਕਦਮ ਇਸ ਲਈ ਉਠਾਇਆ ਗਿਆ ਹੈ ਤਾਂ ਜੁ ਕੋਈ ਅਜਿਹੀ ਘਟਨਾ ਨਾ ਘਟੇ ਜੋ ਜਨਤਕ ਸੁਰੱਖਿਆ ਨੂੰ ਖਤਰੇ ਵਿੱਚ ਪੈ ਸਕੇ।

ਇਸ ਸਬੰਧੀ ਸ਼੍ਰੀ ਜਸਮੀਤ ਸਿੰਘ ਸਾਹੀਵਾਲ ਐਸ.ਪੀ (ਇਨਵੈਸਟੀਗੇਸ਼ਨ) ਵੱਲੋਂ ਮੈਰਿਜ ਪੈਲੇਸ ਮਾਲਕਾਂ ਨਾਲ ਕੋਟਕਪੂਰਾ ਵਿਖੇ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਇਸ ਸਬੰਧਈ ਜਾਗਰੂਕ ਕੀਤਾ ਗਿਆ।ਉਨ੍ਹਾਂ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੈਰਿਜ ਪੈਲਿਸ ਮਾਲਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਹੈ ਕਿ ਹਥਿਆਰਾ ਨੂੰ ਮੈਰਿਜ ਪੈਲੇਸਾਂ ਤੇ ਹੋਰ ਸਮਾਜਕ ਸਮਾਰੋਹਾਂ ਵਿੱਚ ਲਿਜਾਣ ਤੇ ਕਾਨੂੰਨੀ ਪਾਬੰਧੀ ਲਾਈ ਗਈ ਹੈ ਅਤੇ ਜੇਕਰ ਉਨ੍ਹਾਂ ਨੂੰ ਸਮਾਗਮ ਦੌਰਾਨ ਇਸ ਦੀ ਉਲੰਘਣਾ ਕਰਨ ਸਬੰਧੀ ਗੱਲ ਸਾਹਮਣੇ ਆਉਂਦੀ ਹੈ ਤਾਂ ਤੁਰੰਤ ਸਬੰਧਤ ਮੁੱਖ ਅਫਸਰ ਥਾਣਾ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੁ ਸਬੰਧਤ ਦੇ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾ ਸਕੇ।ਇਸ ਤੋਂ ਇਲਾਵਾ ਮੈਰਿਜ ਪੈਲੇਸਾਂ ਵਿੱਚ ਇਸ ਸਬੰਧੀ ਜਾਗਰੂਕ ਕਰਨ ਲਈ ਬੋਰਡ ਲਾਉਣ ਸਬੰਧੀ ਵੀ ਦਿਸ਼ਾ-ਨਿਰਦੇਸ਼ ਦਿੱਤੇ ਗਏ।

# ਫੂਡ ਐਂਡ ਸਪਲਾਈ ਰਿਟਾ. ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਪੈਨਸ਼ਨਰ ਮਿਲਣੀ

**ਸੰਗਰੂਰ (ਪ੍ਰਵੀਨ ਸਿੰਘ)**
ਪੂਨੀਆ ਟਾਵਰ ਧੂਰੀ ਗੇਟ ਵਿਖੇ ਫੂਡ ਐਂਡ ਸਪਲਾਈ ਰਿਟਾ: ਇੰਮਪਲਾਈਜ਼ ਵੈਲਫੇਅਰ ਐਸੋਸੀਏਸ਼ਨ (ਫਸਰੇਵਾ) ਵੱਲੋਂ ਪੈਨਸ਼ਨ ਮਿਲਣੀ ਤੇ ਸਨਮਾਨ ਸਮਾਰੋਹ ਐਸੋਸੀਏਸ਼ਨ ਦੇ ਪ੍ਰਧਾਨ ਜਗਦੇਵ ਸਿੰਘ ਖੰਡੇਬਾਦ, ਜਨਰਲ ਸਕੱਤਰ ਰਾਜ ਕੁਮਾਰ ਅਰੋੜਾ, ਵਿੱਤ ਸਕੱਤਰ ਪ੍ਰੇਮ ਚੰਦ ਖੁਰਾਣਾ, ਸੀਨੀਅਰ ਮੀਤ ਪ੍ਰਧਾਨ ਕੌਂਸਲ ਰਾਓ ਸਿੰਗਲਾ, ਕਾਮਰੇਡ ਨਰਿੰਦਰ ਸਿੰਘ, ਜਗਦੇਵ ਸਿੰਘ ਪਟਿਆਲਾ, ਪਵਨ ਕੁਮਾਰ ਸ਼ਰਮਾ ਸੁਨਾਮ, ਮੁਖਤਿਆਰ ਸਿੰਘ ਪਟਿਆਲਾ, ਓਮ ਪ੍ਰਕਾਸ਼ ਖਿੱਪਲ, ਸਤਪਾਲ ਧੀਰ, ਲਾਲ ਚੰਦ ਸੈਣੀ, ਮੰਜੂਲਾ ਵਰਮਾ ਅਤੇ ਸੀਤਾ ਦੇਵੀ ਦੀ ਅਗਵਾਈ 'ਚ ਮਨਾਇਆ ਗਿਆ, ਜਿਸ ਵਿੱਚ ਖੁਰਾਕ ਤੇ ਸਪਲਾਈਜ਼ ਵਿਭਾਗ ਵਿੱਚੋਂ ਸੇਵਾਮੁਕਤ ਹੋਏ ਅਧਿਕਾਰੀ ਤੇ ਕ੍ਰਮਚਾਰੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਸਮਾਗਮ ਦੇ ਮੁੱਖ ਮਹਿਮਾਨ ਜਸਵਿੰਦਰ ਸਿੰਘ ਸਾਬਕਾ ਜੁਆਇੰਟ ਡਾਇਰੈਕਟਰ ਪੰਜਾਬ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਰਾਜ ਕੁਮਾਰ ਅਰੋੜਾ ਵੱਲੋਂ ਸਭ ਤੋਂ ਪਹਿਲਾਂ ਸਵਰਗਵਾਸ ਹੋ ਗਈਆਂ ਸ਼ਖ਼ਸੀਅਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



ਇਸ ਉਪਰੰਤ ਗੁਰਜੰਟ ਸਿੰਘ ਸੰਧੂ ਨੂੰ 75 ਸਾਲ, ਹਰਬੰਸ ਸਿੰਘ ਚੱਠਾ ਨੂੰ 75 ਸਾਲ, ਸੁਰਿੰਦਰ ਕੁਮਾਰ 75 ਸਾਲ, ਲਾਲ ਚੰਦ ਸੈਣੀ 70 ਸਾਲ, ਕਮਲੇਸ਼ ਰਾਣੀ ਬਾਂਸਲ 70 ਸਾਲ, ਓਮ. ਪ੍ਰਕਾਸ਼ ਖਿੱਪਲ 70 ਸਾਲ, ਨਰਿੰਦਰ ਸਿੰਘ ਬਰਨਾਲਾ 70 ਸਾਲ ਦਾ ਹੋਣ 'ਤੇ ਸਨਮਾਨਤ ਕਰਦੇ ਹੋਏ ਸ਼ੁਭਇਛਾਵਾਂ ਦਿੱਤੀਆਂ ਗਈਆਂ।ਇਸੇ ਤਰ੍ਹਾਂ ਸ੍ਰੀਮਤੀ ਮੰਜੂਲਾ ਵਰਮਾ, ਚਰਨਜੀਤ ਸਿੰਘ ਕੈਂਥ, ਕੇਸਰ ਸਿੰਘ, ਜੋਗਿੰਦਰ ਸਿੰਘ ਸੂਪਰਡੈਂਟ, ਗੁਰਜੰਟ ਸਿੰਘ ਸੰਧੂ, ਕਾਮਰੇਡ ਨਰਿੰਦਰ ਸਿੰਘ, ਕੇਸਰ ਸਿੰਘ, ਨੂੰ ਉਨ੍ਹਾਂ ਦੇ ਜਨਮਦਿਨ ਤੇ ਸਨਮਾਨਤ ਕੀਤਾ ਗਿਆ।ਸੱਭਿਆਚਾਰਕ ਸਮਾਗਮ ਦੌਰਾਨ ਚਰਨਜੀਤ ਸਿੰਘ ਕੈਂਥ, ਸ੍ਰੀਮਤੀ ਸ਼ੀਤਾ ਦੇਵੀ, ਕਮਲੇਸ਼ ਰਾਣੀ, ਮੁਖਤਿਆਰ ਸਿੰਘ, ਸਤਪਾਲ ਧੀਰ, ਸਤਪਾਲ ਸਹਿਗਲ, ਹਰਮੇਲ ਸਿੰਘ, ਬਲਵਿੰਦਰ ਸਿੰਘ ਲੱਡੀ, ਰਘਵੀਰ ਸਿੰਘ ਸੋਹੀ ਨੇ ਸੱਭਿਆਚਾਰਕ ਤੇ ਸਮਾਜ ਸੁਧਾਰਕ ਵਿਚਾਰਾਂ ਅਤੇ ਸਮਾਜ ਸੇਵਾ ਲਈ ਸੁਝਾਅ ਦਿੱਤੇ।ਮੁੱਖ ਮਹਿਮਾਨ ਜਸਵਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਸਾਨੂੰ ਸਾਰੀਆਂ ਨੂੰ ਆਪਣੇ ਬਜ਼ੁਰਗਾਂ ਅਤੇ ਮਾਤਾ ਪਿਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਇਸ ਮੌਕੇ ਬਲਕਾਰ ਸਿੰਘ, ਸ਼ਿੰਦਰਪਾਲ ਸਿੰਗਲਾ, ਅੰਜਨਾ ਕੁਮਾਰੀ, ਬਲਦਵਿੰਦਰ ਕੌਰ, ਮਨਜੀਤ ਸਿੰਘ ਧਨੋਆ ਨੇ ਵੀ ਆਪਣੇ ਸੰਬੋਧਨ ਵਿੱਚ ਮੁਲਾਜਮਾਂ ਅਤੇ ਪੈਨਸ਼ਨਰਾਂ ਦੀ ਭਲਾਈ ਦੀ ਗੱਲ ਕੀਤੀ।ਜਨਰਲ ਸਕੱਤਰ ਰਾਜ ਕੁਮਾਰ ਅਰੋੜਾ ਜੋ ਸੂਬਾਈ ਪੈਨਸ਼ਨਰ ਆਗੂ ਨੇ ਵੀ ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਜਾਣੂ ਕਰਾਇਆ ਅਤੇ ਮੰਗਾਂ ਮੰਨਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਬਾਰੇ ਜਾਣੂ ਕਰਾਇਆ।

## ਕਾਤਰਾਂ

### ਕਿਸਾਨਾਂ ਨੂੰ ਡੀ ਏ ਪੀ ਦੀ ਨਹੀਂ ਆਉਣ ਦਿੱਤੀ ਜਾਵੇਗੀ ਕਮੀ : ਡੀ ਸੀ

**ਬਠਿੰਡਾ (ਰਾਜੀਵ ਗੋਇਲ)**-ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹੇ ਦੇ ਕਿਸਾਨਾਂ ਨੂੰ ਡੀਏਪੀ ਖਾਦ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਪੈਸਟੀਸਾਈਡ ਡੀਲਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਖਾਦ ਦੀ ਫ਼ਾਲਤੂ ਸਟੋਰੇਜ ਨਾ ਕੀਤੀ ਜਾਵੇ, ਅਜਿਹਾ ਕਰਨ 'ਤੇ ਉਹਨਾਂ ਖਿਲਾ.ਫ ਸਖਤ ਕਾਰਵਾਈ ਆਰੰਭੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਗਠਿਤ ਕੀਤੀਆਂ ਟੀਮਾਂ ਵੱਲੋਂ ਲਗਾਤਾਰ ਪੈਸਟੀਸਾਈਡ ਦੀਆਂ ਦੁਕਾਨਾਂ ਤੇ ਖਾਦਾਂ ਦੇ ਸਟੋਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਡਾਈ ਖਾਦ ਨਾਲ ਟੈਗਿੰਗ, ਵੱਧ ਰੇਟ, ਨੈਨੋ ਖਾਦ, ਸਲਫਰ, ਮਾਈਕੋਰੇਜਾ ਜਾਂ ਕੁਝ ਹੋਰ ਧੱਕੇ ਨਾਲ ਮਿਲ ਰਿਹਾ ਹੈ ਤਾਂ 1100 ਨੰਬਰ 'ਤੇ ਕਾਲ ਕਰੋ ਜਾਂ ਫਿਰ 98555-01076 'ਤੇ ਵਟਸਐਪ ਕਰੋ।

### ਸਕੂਲੀ ਬੱਸ ਡਰਾਈਵਰ ਦੀ ਕੁੱਟਮਾਰ ਕਰਨ ਵਾਲੇ ਨਾਮਜ਼ਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਖਾਨਪੁਰ ਵਿੱਚ ਇੱਕ ਸਕੂਲੀ ਬੱਸ ਡਰਾਈਵਰ ਦੇ ਕੁੱਟਮਾਰ ਤੇ ਬੱਚਿਆਂ ਦੀਆਂ ਫ਼ੀਸਾਂ ਦੇ 20 ਹਜ਼ਾਰ ਰੁਪਏ ਤੇ ਮੋਬਾਇਲ ਖੋਹਣ ਦੇ ਮਾਮਲੇ ਵਿੱਚ ਥਾਣਾ ਕੁੱਲਗੜ੍ਹੀ ਪੁਲਸ ਨੇ 7 ਵਿਅਕਤੀਆਂ ਖਿਲਾ.ਫ ਮਾਮਲਾ ਦਰਜ ਕੀਤਾ ਹੈ।ਸ਼ਿਕਾਇਤਕਰਤਾ ਮਹਿਕਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਮਿੰਨੀ ਬੱਸ ਡਰਾਈਵਰ ਹੈ ਤੇ ਜਦੋਂ ਉਹ ਪਿੰਡ ਰੁਕਨਾ ਮੁੰਗਲਾ ਵਿੱਚ ਬੱਚਿਆਂ ਨੂੰ ਉਤਾਰ ਕੇ ਹੋਰ ਪਿੰਡਾਂ ਵੱਲ ਜਾ ਰਿਹਾ ਸੀ, ਤਾਂ ਕੁਝ ਨੌਜਵਾਨਾਂ ਨੇ ਉਸ ਨੂੰ ਰੋਕ ਕੇ ਬਹਿਸਬਾਜ਼ੀ ਕੀਤੀ ਅਤੇ ਬਾਅਦ ਵਿੱਚ ਮਾਮਲੇ ਨੂੰ ਸਥਾਨਿਕ ਸਾਗਰ ਨੇ ਰਾਜ਼ੀਨਾਮਾ ਕਰਾ ਕੇ ਖਤਮ ਕਰ ਦਿੱਤਾ, ਪਰ 5 ਨਵੰਬਰ ਨੂੰ ਮੁਲਜ਼ਮਾਂ ਨੇ ਉਸ ਨੂੰ ਖਾਨਪੁਰ ਪਹੁੰਚਣ 'ਤੇ ਬੱਸ ਵਿੱਚੋਂ ਉਤਾਰ ਕੇ ਕੁੱਟਮਾਰ ਕੀਤੀ ਅਤੇ ਬੱਚਿਆਂ ਦੀਆਂ ਫ਼ੀਸਾਂ ਦੇ 20 ਹਜ਼ਾਰ ਰੁਪਏ ਅਤੇ ਮੋਬਾਇਲ ਫੋਨ ਖੋਹ ਲਿਆ।ਇਸ ਮਾਮਲੇ ਵਿੱਚ ਐਸਆਈ ਦਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ ਤੇ ਅਗਲੀ ਜਾਂਚ ਜਾਰੀ ਹੈ।

### ਖ਼ਜ਼ਾਨ ਸਿੰਘ ਦੀ ਮੌਤ 'ਤੇ ਦੁੱਖ ਪ੍ਰਗਟ

**ਲੁਧਿਆਣਾ (ਰਾਜ ਸਿੰਗਲਾ)**-ਪਾਤੜਾਂ ਤੋਂ ਸੀਨੀਅਰ ਪੱਤਰਕਾਰ ਭੁਪਿੰਦਰਜੀਤ ਨਾਲ ਦੇ ਸਹੁਰਾ ਸਾਹਿਬ ਖ਼ਜ਼ਾਨ ਸਿੰਘ, ਜਿਨ੍ਹਾਂ ਦੀ ਪਿਛਲੇ ਦਿਨੀ ਮੌਤ ਹੋ ਗਈ ਸੀ, ਉਨ੍ਹਾਂ ਦੀ ਹੋਈ ਮੌਤ 'ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ, ਭੁਪਿੰਦਰ ਸਿੰਘ ਸਮਾਣਾ, ਪ੍ਰਕਾਸ ਖਾਂਗ, ਨਿਸ਼ਾਨ ਸਿੰਘ ਬੰਨਵਾਲਾ, ਸਰਪੰਚ ਚਰਨਜੀਤ ਸਿੰਘ, ਸਾਬਕਾ ਸਰਪੰਚ ਦਵਿੰਦਰ ਸਿੰਘ, ਪਬਲਿਕ ਸਕੂਲ ਕਮੇਟੀ ਹਾਮਝੇੜੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣਾਂ ਵੱਲੋਂ ਪੱਤਰਕਾਰ ਭੁਪਿੰਦਰਜੀਤ ਸਿੰਘ ਨਾਲ ਦੁੱਖ ਸਾਂਝਾ ਕੀਤਾ ਗਿਆ। ਖ਼ਜ਼ਾਨ ਸਿੰਘ ਨਮਿਤ ਭੋਗ ਦੀ ਰਸਮ 17.11.2024 ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਹੋਵੇਗੀ।

## ਖਾਦ ਦੀ ਜਮ੍ਹਾਂਖੋਰੀ ਬਰਦਾਸ਼ਤ ਨਹੀਂ, ਹੋਵੇਗੀ ਸਖ਼ਤ ਕਾਰਵਾਈ : ਡੀ ਸੀ

**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਸ਼੍ਰੀ ਕੁਲਵੰਤ ਸਿੰਘ ਆਈ.ਏ.ਐਸ. ਨੇ ਕਿਹਾ ਕਿ ਜ਼ਿਲ੍ਹੇ ਵਿੱਚ ਲੋੜੀਂਦੀ ਮਾਤਰਾ ਵਿੱਚ ਖਾਦ ਮੌਜੂਦ ਹੈ ਤੇ ਕਿਸੇ ਵੀ ਡੀਲਰ ਵੱਲੋਂ ਖਾਦ ਦੀ ਜਮ੍ਹਾਖੋਰੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਨੂੰ ਪਹਿਲਾਂ ਤੋਂ ਹੀ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਕਿਸਾਨਾਂ ਨੂੰ ਕਣਕ ਦੀ ਬਿਜਾਈ ਲਈ ਖਾਦ ਦੀ ਕਮੀ ਨਹੀਂ ਹੋਣੀ ਚਾਹੀਦੀ, ਜਿਸ ਤਹਿਤ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਅਤੇ ਡੀਲਰਾਂ ਰਾਹੀਂ ਖਾਦ ਮੁਹੱਈਆ ਕਰਵਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਡੀਲਰ ਜਮ੍ਹਾਂਖੋਰੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕਿਸੇ ਡੀਲਰ ਵੱਲੋਂ ਡੀ.ਏ.ਪੀ. ਦੀ ਨਿਰਧਾਰਤ ਕੀਮਤ ਤੋਂ ਵੱਧ ਕੀਮਤ ਵਸੂਲ ਕੀਤੀ ਗਈ ਜਾਂ ਫਿਰ ਡੀ.ਏ.ਪੀ. ਦੇ ਨਾਲ ਬੇਲੋੜੀਆਂ ਵਸਤਾਂ ਟੈਗ ਕਰਕੇ ਦੇਣ ਦੀ ਕੋਸ਼ਿਸ਼ ਕੀਤੀ ਤਾਂ ਅਜਿਹੀ ਕਾਲਾਬਾਜ਼ਾਰੀ ਨੂੰ ਰੋਕਣ ਲਈ ਕਾਰਜਕਾਰੀ ਮੈਜਿਸਟ੍ਰੇਟ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਜ਼ਿਲ੍ਹਾ ਪੱਧਰੀ ਅਤੇ ਸਬ-ਡਵੀਜ਼ਨ ਪੱਧਰ ਦੀਆਂ ਸਾਂਝੀਆਂ ਟੀਮਾਂ ਦਾ ਗਠਨ ਕਰਕੇ ਅਚਨਚੇਤ ਚੈਕਿੰਗ ਲਈ ਹਦਾਇਤਾਂ ਕੀਤੀਆਂ ਹੋਈਆਂ ਹਨ, ਤਾਂ ਜੁ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਦਿੱਕਤ ਪੇਸ਼ ਨਾ ਆਵੇ।ਇਨ੍ਹਾਂ ਟੀਮਾਂ ਵੱਲੋਂ ਲਗਾਤਾਰ ਖਾਦ ਵਿਕਰੇਤਾਵਾਂ ਦੇ ਸਟਾਕ ਦੀ ਪੜਤਾਲ ਕੀਤੀ ਜਾਵੇਗੀ ।

# ਅਧਿਕਾਰੀਆਂ ਦੀ ਦੇਖ-ਰੇਖ ਹੇਠ ਵੰਡੀ ਗਈ ਡੀ ਏ ਪੀ ਖਾਦ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਪੰਜਾਬ ਵਿੱਚ ਕਣਕ ਦੀ ਬਜਾਈ ਜੋਰਾਂ ਤੇ ਚੱਲ ਰਹੀ ਹੈ, ਪਰ ਕਿਸਾਨ ਡੀਏਪੀ ਖਾਦ ਨਾ ਮਿਲਣ ਕਰਕੇ ਕਿਸਾਨ ਖੱਜਲ ਖੁਆਰ ਹੋ ਰਹੇ ਹਨ, ਪਰ ਸੋਮਵਾਰ ਨੂੰ ਹਲਕਾ ਸ਼ੁਤਰਾਣਾ ਦੇ ਕਿਸਾਨਾਂ ਨੂੰ ਕੁਝ ਰਾਹਤ ਮਹਿਸੂਸ ਹੋਈ, ਜਦੋਂ ਪਾਤੜਾਂ ਵਿੱਚ ਚੰਬਲ ਫਰਟੀਲਾਈਜ਼ਰ ਦਾ ਡੀਏਪੀ ਪਹੁੰਚਿਆ, ਜਿਸ ਨੂੰ ਮੁੱਖ ਖੇਤੀਬਾੜੀ ਅਫਸਰ ਡਾਕਟਰ ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਸਤੀਸ਼ ਕੁਮਾਰ ਮੁੱਖ ਖੇਤੀਬਾੜੀ ਅਫਸਰ ਸਮਾਣਾ ਦੀ ਨਿਗਰਾਨੀ ਅਤੇ ਪੈਸਟੀਸਾਈਡ ਯੂਨੀਅਨ ਸਹਿਯੋਗ ਦੇ ਨਾਲ ਡੀ ਏ ਪੀ ਖਾਦ ਕਿਸਾਨ ਨੂੰ ਕੰਟਰੋਲ ਰੇਟ 'ਤੇ ਵੰਡਿਆ ਗਿਆ।ਪੈਸਟੀਸਾਈਡ ਯੂਨੀਅਨ ਦੇ ਪ੍ਰਧਾਨ ਜਸਵਿੰਦਰ ਸਿੰਘ ਨੇ ਦੱਸਿਆ ਕਿ ਜਿਮੀਦਾਰ ਖੱਜਲ ਖੁਆਰ ਹੋ ਕੇ ਬਾਹਰੋਂ ਮਹਿੰਗੇ ਮੁੱਲ ਤੇ ਡੀਏਪੀ ਦੀ ਖਰੀਦ ਕਰ ਰਹੇ ਹਨ, ਪਰ ਅੱਜ ਪੁੱਜੀ ਡੀ ਏ ਪੀ ਨਾਲ ਕਿਸਾਨਾਂ ਨੂੰ ਕੁਝ ਰਾਹਤ ਮਿਲੀ ਹੈ।ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਡੀ.ਏ.ਪੀ ਖਾਦ ਦੀ ਸਪਲਾਈ ਘੱਟ ਆ ਹੈ ਕਿਸਾਨਾਂ ਨੂੰ ਇਸਦੇ ਬਦਲ ਵਜੋਂ 12-32-16 ਸਿੰਗਲ ਸੁਪਰਫਾਸਫੇਟ ਜਾਂ ਟੀ ਐਸ ਪੀ ਵੀ ਵਰਤੀ ਜਾ ਸਕਦੀ ਹੈ।

ਜੇਕਰ ਕਿਸੇ ਵੀ ਕਿਸਾਨ ਨੂੰ ਖਾਦ ਸਬੰਧੀ ਮੁਸ਼ਕਲ ਪੇਸ਼ ਆਉਂਦੀ ਹੈ, ਉਹ ਕਿਸਾਨ ਖੇਤੀਬਾੜੀ ਵਿਭਾਗ ਬਲਾਕ ਸਮਾਣਾ/ਪਾਤੜਾਂ ਦੇ ਅਧਿਕਾਰੀਆਂ/ਕ੍ਰਮਚਾਰੀਆਂ ਨਾਲ ਸੰਪਰਕ ਕਰ ਸਕਦੇ ਹਨ ਅਤੇ ਆਉਣ ਵਾਲੇ ਇੱਕ-ਦੋ ਦਿਨਾਂ ਦੇ ਵਿੱਚ ਹੋਰ ਡੀਏਪੀ ਖਾਦ ਆਉਣ ਦੀ ਉਮੀਦ ਹੈ, ਉਹ ਵੀ ਕਿਸਾਨ ਵੀਰਾਂ ਦੇ ਵਿੱਚ ਇਸੇ ਤਰ੍ਹਾਂ ਹੀ ਵੰਡ ਕੀਤੀ ਜਾਵੇਗੀ।

## ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਪੁਰਬ ਸੰਬਧੀ ਸੂਬਾ ਪੱਧਰੀ ਸਮਾਗਮ ਅੱਜ

**ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ ਸੱਪਲ)**-ਭਗਤੀ ਲਹਿਰ ਦੇ ਮੋਢੀ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 754ਵਾਂ ਪ੍ਰਕਾਸ਼ ਪੁਰਬ 10, 11 ਤੇ 12 ਨਵੰਬਰ ਨੂੰ ਸੂਬਾ ਪੱਧਰੀ ਗੁਰਮਤਿ ਸਮਾਗਮ ਗੁਰਦੁਆਰਾ ਤਪਿਆਣਾ ਸਾਹਿਬ ਘੁਮਾਣ ਵਿਖੇ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ, ਜਿਸ ਨੂੰ ਲੈ ਕੇ ਆਲ ਇੰਡੀਆ ਕਸ਼ੱਤਰੀਆਂ (ਟਾਂਕ) ਪ੍ਰਤੀਨਿਧੀ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਤਪਿਆਣਾ ਸਾਹਿਬ, ਗੁਰਦੁਆਰਾ ਚਰਨ ਕਮਲ ਸਾਹਿਬ, ਗੁਰਦੁਆਰਾ ਖੂੰਡੀ ਸਾਹਿਬ, ਗੁਰਦੁਆਰਾ ਖੂਹ ਸਾਹਿਬ, ਗੁਰਦੁਆਰਾ ਨਾਮੇਆਣਾ ਸਾਹਿਬ ਤੋਂ ਇਲਾਵਾ ਹੋਰ ਵੱਖ-ਵੱਖ ਕਮੇਟੀਆਂ ਵਲੋਂ ਵੱਡੇ ਪੱਧਰ ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸਮਾਗਮਾਂ ਨੂੰ ਲੈ ਕੇ ਪ੍ਰਬੰਧਕਾਂ ਵਲੋਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸੱਦਾ ਪੱਤਰ ਦਿੱਤੇ ਜਾ ਰਹੇ ਹਨ।ਆਗੂਆਂ ਨੇ ਦੱਸਿਆ ਕਿ 10 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾਏ ਗਏ ਅਤੇ ਉਪਰੰਤ ਗੁਰਦੁਆਰਾ ਚਰਨ ਕਮਲ ਸਾਹਿਬ ਵਿਖੇ ਦਸਤਾਰ ਮੁਕਾਬਲੇ ਕਰਾਏ ਗਏ ਅਤੇ 11 ਨਵੰਬਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਗੁਰਦੁਆਰਾ ਚਰਨ ਕਮਲ ਸਾਹਿਬ ਘੁਮਾਣ ਵਿਖੇ ਪੈਣਗੇ।ਇਸ ਦੇ ਨਾਲ ਹੀ ਸਮਾਗਮਾਂ ਦੀ ਸ਼ੁਰੂਆਤ ਹੋਵੇਗੀ।ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਨੇ ਦੱਸਿਆ ਕਿ 12 ਨਵੰਬਰ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਪੰਥ ਦੇ ਪ੍ਰਸਿੱਧ ਕੀਰਤਨੀਏ, ਕਥਾਵਾਚਕ, ਢਾਡੀ ਆਦਿ ਪਹੁੰਚ ਕੇ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਨਗੇ।ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀ ਭਰਨ ਲਈ ਸੂਬੇ ਦੀਆਂ ਵੱਖ-ਵੱਖ ਇਕਾਈਆਂ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਸੰਗਤਾਂ ਸ਼ਾਮਲ ਹੋਣਗੀਆਂ।

## ਬੱਚੇ ਨੂੰ ਵਰਗਲਾ ਕੇ ਲਿਜਾ ਰਹੀ ਔਰਤ ਕਾਬੂ, ਬੱਚਾ ਬਰਾਮਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਹੋਰਨਾਂ ਬੱਚਿਆਂ ਸਮੇਤ ਗੁਰੂਦੁਆਰਾ ਸਾਹਿਬ 'ਚ ਲੰਗਰ ਛਕਣ ਗਏ ਇੱਕ ਚਾਰ ਸਾਲਾ ਬੱਚੇ ਨੂੰ ਵਰਗਲਾ ਕੇ ਲੈ ਗਈ ਔਰਤ ਨੂੰ ਪੁਲਸ ਵੱਲੋਂ ਗ੍ਰਿਫਤਾਰ ਕਰਕੇ ਬੱਚੇ ਨੂੰ ਬਰਾਮਦ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ।ਐਸ.ਐਚ.ਓ. ਮਲਕੀਤ ਸਿੰਘ ਨੇ ਦੱਸਿਆ ਕਿ ਸਾਮਕਲੀ ਨਾਮਕ ਔਰਤ ਨੇ ਬੀਤੀ ਸ਼ਾਮ ਪੁਲਸ ਨੂੰ ਦਿੱਤੀ ਸੂਚਨਾ 'ਚ ਦੱਸਿਆ ਸੀ ਕਿ ਉਹ ਡੇਰਾਬੱਸੀ ਵਿਖੇ ਰਹਿੰਦੇ ਹਨ ਤੇ ਛੱਠ ਪੂਜਾ ਹੋਣ ਕਾਰਨ ਉਸਦਾ ਪਤੀ ਬਿਹਾਰ ਗਿਆ ਹੋਇਆ ਸੀ ਤਾਂ ਉਹ ਆਪਣੇ ਸਾਢੇ ਚਾਰ ਸਾਲਾਂ ਦੇ ਬੱਚੇ ਯਸ਼ ਨੂੰ ਲੈ ਕੇ ਸਰਹਿੰਦ ਵਿਖੇ ਆਪਣੀ ਭੈਣ ਪੂਜਾ ਕੋਲ ਰਹਿਣ ਲਈ ਆ ਗਈ, ਜਿੱਥੇ ਬੀਤੀ ਸ਼ਾਮ ਕਰੀਬ 4 ਵਜੇ ਉਸਦੀ ਭੈਣ ਦੇ ਚਾਰੇ ਬੱਚੇ ਅਤੇ ਉਸਦਾ ਲੜਕਾ ਯਸ਼ ਗੁਰੂਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਲੰਗਰ ਛਕਣ ਲਈ ਗਏ ਸਨ, ਜੋ ' ਘਰ ਵਾਪਸ ਨਹੀਂ ਪਰਤੇ ਤਾਂ ਉਹ ਬੱਚਿਆਂ ਦੀ ਭਾਲ ਕਰਦੀ ਹੋਈ ਗੁਰੂਦੁਆਰਾ ਸਾਹਿਬ ਵੱਲ ਚੱਲ ਪਈ, ਜਿੱਥੇ ਰਸਤੇ 'ਚ ਮਿਲੇ ਉਸਦੀ ਭੈਣ ਦੇ ਬੱਚਿਆਂ ਨੇ ਦੱਸਿਆ ਕਿ ਇੱਕ 35/40 ਸਾਲ ਕਰੀਬ ਉਮਰ ਦੀ ਔਰਤ, ਜਿਸ ਨੇ ਪੀਲੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ, ਯਸ਼ ਨੂੰ ਨਵੇਂ ਕੱਪੜੇ ਦਿਵਾਉਣ ਦੇ ਬਹਾਨੇ ਆਪਣੇ ਨਾਲ ਲੈ ਕੇ ਚਲੇ ਗਈ।ਸ਼ਿਕਾਇਤਕਰਤਾ ਤੇ ਉਸਦੀ ਭੈਣ ਨੇ ਬੱਚੇ ਦੀ ਕਾਫੀ ਭਾਲ ਕੀਤੀ, ਪਰ ਜਦੋਂ ਕੁੱਝ ਪਤਾ ਨਾ ਲੱਗਾ ਤਾਂ ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ।



ਐਸ.ਐਚ.ਓ. ਨੇ ਦੱਸਿਆ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਲਾਕੇ 'ਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ ਫੁਟੇਜ਼ਾਂ ਦੇ ਅਧਾਰ 'ਤੇ ਵੱਖ-ਵੱਖ ਟੀਮਾਂ ਬਣਾ ਕੇ ਬੱਚੇ ਅਤੇ ਸ਼ੱਕੀ ਔਰਤ ਦੀ ਭਾਲ ਸ਼ੁਰੂ ਕੀਤੀ ਗਈ, ਜਿਸ ਦੌਰਾਨ ਪੁਲਿਸ ਪਾਰਟੀ ਵੱਲੋਂ ਬੱਚੇ ਨੂੰ ਵਰਗਲਾ ਕੇ ਲਿਜਾ ਰਹੀ ਜੋਤੀ ਨਾਮਕ ਔਰਤ ਨੂੰ ਕਾਬੂ ਕਰਕੇ ਬੱਚੇ ਨੂੰ ਬਰਾਮਦ ਕਰ ਲਿਆ, ਜੋ ਕਿ ਦਿੱਲੀ ਦੇ ਪ੍ਰੀਤਮਪੁਰਾ ਇਲਾਕੇ ਦੀ ਰਹਿਣ ਵਾਲੀ ਦੱਸੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਬਰਾਮਦ ਕੀਤੇ ਗਏ ਬੱਚੇ ਨੂੰ ਉਸ ਦੇ ਵਾਰਿਸਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ ਤੇ ਜੋਤੀ ਵਾਸੀ ਦਿੱਲੀ ਨੂੰ ਇਸ ਸਬੰਧੀ ਦਰਜ ਕੀਤੇ ਗਏ ਮੁਕੱਦਮੇ 'ਚ ਗ੍ਰਿਫ਼ਤਾਰ ਕਰਕੇ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਕਿਸਾਨ ਜਥੇਬੰਦੀਆਂ ਖ਼ਿਲਾ.ਫ ਭੜਕਾਊ ਬਿਆਨਬਾਜ਼ੀ ਬੰਦ ਕਰੇ ਬਿੱਟੂ : ਉਗਰਾਹਾਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਕਿਸਾਨ ਸੰਘਰਸ਼ ਦੀ ਲੀਡਰਸ਼ਿਪ ਖਿਲਾਫ ਭੜਕਾਊ ਬਿਆਨਬਾਜ਼ੀ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਕਿਹਾ ਹੈ ਕਿ ਉਹ ਵੋਟ-ਸਿਆਸਤਦਾਨਾਂ ਵੱਲੋਂ ਇੱਕ ਦੂਜੇ 'ਤੇ ਕੀਤੀ ਜਾਣ ਵਾਲੀ ਦੂਸ਼ਣਬਾਜ਼ੀ ਵਾਲਾ ਤਰੀਕਾ ਕਿਸਾਨ ਆਗੂਆਂ 'ਤੇ ਲਾਗੂ ਕਰਨ ਦੀ ਕੋਸ਼ਿਸ਼ ਨਾ ਕਰੇ।

ਜਥੇਬੰਦੀ ਵੱਲੋਂ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਉਹ ਕਿਸਾਨ ਸੰਘਰਸ਼ ਰਾਹੀਂ ਜ਼ਮੀਨਾਂ ਜਾਇਦਾਦਾਂ ਬਣਾਉਣ ਦੇ ਬੇਤੁਕੇ ਇਲਜ਼ਾਮਾਂ ਵਾਲੀ ਬਿਆਨਬਾਜ਼ੀ ਰਾਹੀਂ ਸੈਂਕੜੇ ਕੁਰਬਾਨੀਆਂ ਵਾਲੇ ਇਤਿਹਾਸਕ ਕਿਸਾਨ ਸੰਘਰਸ਼ ਦਾ ਅਪਮਾਨ ਕਰਨਾ ਬੰਦ ਕਰੇ।ਅਜਿਹੀਆਂ ਜ਼ਮੀਨਾਂ ਜਾਇਦਾਦਾਂ ਰਵਨੀਤ ਬਿੱਟੂ ਵਰਗੇ ਮੌਕਾਪ੍ਰਸਤ ਸਿਆਸਤਦਾਨਾਂ ਵੱਲੋਂ ਸੱਤਾ 'ਤੇ ਬੈਠ ਕੇ ਬਣਾਈਆਂ ਗਈਆਂ ਹਨ ਤੇ ਹੁਣ ਵੀ ਇਸੇ ਲਾਲਚਵੱਸ ਹੀ ਈਮਾਨ ਨੂੰ ਛਿੱਕੇ ਟੰਗਦਿਆਂ ਟਪੂਸੀਆਂ ਮਾਰ ਕੇ ਪਾਰਟੀਆਂ ਬਦਲੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਖੁਦ ਮੌਕਾਪ੍ਰਸਤੀ ਦੀ ਨੁਮਾਇਸ਼ ਲਾਉਣ ਵਾਲਾ ਰਵਨੀਤ ਸਿੰਘ ਬਿੱਟੂ ਆਪਣੀ ਔਕਾਤ ਵਿੱਚ ਰਹੇ ਅਤੇ ਲੋਕਾਂ ਦੇ ਮਕਬੂਲ ਸੰਘਰਸ਼ 'ਤੇ ਥੁੱਕਣ ਦੀ ਹਿਮਾਕਤ ਨਾ ਕਰੇ।ਅਜਿਹਾ ਬਿਆਨ ਦੇਣ ਤੋਂ ਪਹਿਲਾਂ ਉਸ ਨੂੰ ਖ਼ੁਦ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ ਕਿ ਉਹ ਖ਼ੁਦ ਕਿਸਾਨ ਸੰਘਰਸ਼ ਦੀ ਹਮਾਇਤ ਦੇ ਡਰਾਮੇ ਕਰਦਾ ਰਿਹਾ ਹੈ ਅਤੇ ਇਸ ਨੂੰ ਇੱਕ ਪਵਿੱਤਰ ਤੇ ਮਹਾਨ ਸੰਘਰਸ਼ ਕਰਾਰ ਦਿੰਦਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਝੋਨੇ ਦੀ ਖਰੀਦ ਤੋਂ ਭੱਜਣ ਦੀ ਨੀਤੀ ਅਖਤਿਆਰ ਕਰਨ ਰਾਹੀਂ ਖੇਤੀ ਕਾਨੂੰਨਾਂ ਨੂੰ ਹੀ ਬਦਲਵੇਂ ਢੰਗਾਂ ਨਾਲ ਲਾਗੂ ਕਰਨ 'ਚ ਜੁਟੀ ਹੋਈ ਹੈ ਅਤੇ ਇਸ ਵਿਰੁੱਧ ਕਿਸਾਨ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਹੀ ਅਜਿਹੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ।ਰਵਨੀਤ ਬਿੱਟੂ ਦੀ ਇਸ ਭੜਕਾਊ ਬਿਆਨਬਾਜ਼ੀ ਨੇ ਸੰਘਰਸ਼ ਲੜ ਰਹੀਆਂ ਕਿਸਾਨ ਜਥੇਬੰਦੀਆਂ ਖਿਲਾਫ ਮੋਦੀ ਸਰਕਾਰ ਦੀ ਬੁਖਲਾਹਟ ਹੀ ਜ਼ਾਹਰ ਕੀਤੀ ਹੈ।ਉਹਨਾਂ ਕਿਹਾ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਖ-ਵੱਖ ਮੌਕਾਪ੍ਰਸਤ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਗੰਭੀਰ ਸੰਕਟ ਮੂੰਹ ਧੱਕ ਦਿੱਤੀ ਗਈ ਕਿਸਾਨੀ ਦੀ ਹੱਕੀ ਲੜਾਈ ਲੜ ਰਹੀਆਂ ਹਨ ਤੇ ਇਨ੍ਹਾਂ ਸੰਘਰਸ਼ਾਂ ਕਰਕੇ ਹੀ ਅੱਜ ਪੰਜਾਬ ਦੀ ਕਿਸਾਨੀ ਸਾਹ ਭਰ ਰਹੀ ਹੈ।

ਆਗੂਆਂ ਨੇ ਕਿਹਾ ਕਿ ਅਜਿਹੀ ਜਾਂਚ ਦੀਆਂ ਧਮਕੀਆਂ ਤਾਂ ਬਹੁਤ ਛੋਟੀ ਗੱਲ ਹੈ, ਭਾਜਪਾ ਸਰਕਾਰ ਤਾਂ ਕਿਸਾਨ ਆਗੂਆਂ 'ਤੇ ਐਨ ਐਸ ਏ ਤੇ ਯੂ ਏ ਪੀ ਏ ਵਰਗੇ ਜਾਬਰ ਕਾਨੂੰਨਾਂ ਦੇ ਝੂਠੇ ਕੇਸ ਮੜ੍ਹ ਕੇ ਸੰਘਰਸ਼ਾਂ ਦੀ ਆਵਾਜ਼ ਨੂੰ ਡੱਕਣਾ ਚਾਹੁੰਦੀ ਹੈ।ਕਿਸਾਨ ਨਹੀਂ ਭੁੱਲੇ ਹਨ ਕਿ ਸਰਕਾਰ ਅਜਿਹਾ ਕਰਨ ਲਈ ਕੋਈ ਵੀ ਝੂਠ ਦਾ ਪੁਲੰਦਾ ਬਣਾ ਸਕਦੀ ਹੈ।ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਮੁਲਕ ਦੀ ਕਿਸਾਨ ਲਹਿਰ ਦੀ ਅਗਵਾਨੂੰ ਸ਼ਕਤੀ ਬਣ ਕੇ ਭਾਜਪਾ ਹਕੂਮਤ ਦੇ ਜਾਬਰ ਤੇ ਫਾਸ਼ੀਵਾਦੀ ਹੱਲੇ ਨੂੰ ਚੁਣੌਤੀ ਦੇ ਰਹੀਆਂ ਹਨ ਤੇ ਖੇਤੀ ਖੇਤਰ ਅੰਦਰ ਸਾਮਰਾਜੀ ਕੰਪਨੀਆਂ ਦਾ ਕਬਜ਼ਾ ਕਰਾਉਣ ਦੇ ਹਕੂਮਤੀ ਮਨਸੂਬਿਆਂ ਮੂਹਰੇ ਡਟੀਆਂ ਹੋਈਆਂ ਹਨ।ਇਸੇ ਕਰਕੇ ਮੋਦੀ ਸਰਕਾਰ ਦੀਆਂ ਅੱਖਾਂ 'ਚ ਰੜਕ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਮੋਦੀ ਹਕੂਮਤ ਦੇ ਇਹਨਾਂ ਮਨਸੂਬਿਆਂ ਨੂੰ ਭਲੀਭਾਂਤ ਪਛਾਣਦੀ ਹੈ ਤੇ ਇਸ ਬੇਤੁਕੀ ਬਿਆਨਬਾਜ਼ੀ ਨੂੰ ਇਕਜੁੱਟ ਹੋ ਕੇ ਰੱਦ ਕਰਦੀ ਹੈ।

## ਫੌਜ ਦੇ ਪੈਨਸ਼ਨਰਾਂ ਲਈ ਜੀਵਨ ਪ੍ਰਮਾਣ ਪੱਤਰ ਦੇਣ ਲਈ ਕੈਂਪ 22 ਤੱਕ

**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਗਰੁੱਪ ਕੈਪਟਨ ਦਵਿੰਦਰ ਸਿੰਘ ਢਿੱਲੋਂ (ਸੇਵਾਮੁਕਤ) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਨੇ ਦੱਸਿਆ ਕਿ ਸਾਬਕਾ ਫੌਜੀ ਪੈਸ਼ਨਰਜ਼/ਉਨ੍ਹਾਂ ਦੀਆਂ ਵਿਧਵਾਵਾਂ/ਆਸ਼ਰਿਤਾਂ ਦੀ ਪੈਨਸ਼ਨ ਸਬੰਧੀ ਹਰੇਕ ਸਾਲ ਮਹੀਨਾ ਨਵੰਬਰ ਵਿੱਚ ਹਾਜ਼ਰੀ ਲੱਗਣਯੋਗ ਹੁੰਦੀ ਹੈ।ਉਨ੍ਹਾਂ ਲਈ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਜੀਵਤ ਹੋਣ ਦਾ ਪ੍ਰਮਾਣ ਪੱਤਰ (ਲਾਈਫ਼ ਸਰਟੀਫਿਕੇਟ) ਦੇਣ ਸਬੰਧੀ ਕੈਂਪ 11 ਤੋਂ 22 ਨਵੰਬਰ ਤੱਕ ਸਰਕਾਰੀ ਛੁੱਟੀਆਂ ਨੂੰ ਛੱਡ ਕੇ ਬਾਕੀ ਦਿਨ, ਦਫ਼ਤਰੀ ਸਮੇਂ (ਸਵੇਰੇ 09 ਵਜੇ ਤੋਂ ਸ਼ਾਮ 05 ਵਜੇ ਤੱਕ) ਲਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪੈਨਸ਼ਨਰਜ਼ ਫੌਜ ਦੀ ਪੈਨਸ਼ਨ ਦਾ ਪੀ.ਪੀ.ਓ, ਆਧਾਰ ਕਾਰਡ ਤੇ ਬੈਂਕ ਦੀ ਪਾਸ ਬੁੱਕ, ਜਿਸ ਵਿੱਚ ਪੈਨਸ਼ਨ ਆ ਰਹੀ ਹੈ, ਸਮੇਤ ਆਪਣਾ ਮੋਬਾਈਲ ਨੰਬਰ ਜਿਸ 'ਤੇ ਹਰੇਕ ਮਹੀਨੇ ਪੈਨਸ਼ਨ ਦਾ ਮੈਸਿਜ ਆਉਂਦਾ ਹੈ ਅਤੇ ਬਾਕੀ ਸਾਰੇ ਲੋੜੀਂਦੇ ਦਸਤਾਵੇਜ਼ ਲੈ ਕੇ ਇਸ ਦਫ਼ਤਰ ਵਿੱਚ ਪਹੁੰਚ ਕੇ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਵੋਟਰ ਸੂਚੀ ਸੰਬੰਧੀ ਵਿਸ਼ੇਸ਼ ਸਰਸਰੀ ਸੁਧਾਈ ਬੈਠਕ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਪਟਿਆਲਾ ਦੇ ਵਧੀਕ ਜ਼ਿਲ੍ਹਾ ਚੋਣ ਅਫਸਰ ਕਮ ਵਧੀਕ ਡਿਪਟੀ ਕਮਿਸ਼ਨਰ ਦੀ ਅਗਵਾਈ 'ਚ ਵਿਸ਼ੇਸ਼ ਸਰਸਰੀ ਸੁਧਾਈ 2025 ਸਬੰਧੀ ਇਕ ਬੈਠਕ ਕੀਤੀ ਗਈ।ਬੈਠਕ ਵਿੱਚ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ, ਤਹਿਸੀਲਦਾਰ ਵਿਜੇ ਕੁਮਾਰ ਚੌਧਰੀ ਤੇ ਜ਼ਿਲ੍ਹਾ ਨੋਡਲ ਅਫਸਰ ਸਵੀਪ ਤੇ ਸਰਕਾਰੀ ਮੋਹਿੰਦਰਾ ਕਾਲਜ ਦੇ ਪ੍ਰੋ. ਸ਼ਵਿੰਦਰ ਸਿੰਘ ਰੇਖੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਚੋਣ ਅਫਸਰ, ਪੰਜਾਬ ਚੰਡੀਗੜ੍ਹ ਜੀ ਵੱਲੋਂ ਸ਼ੁੱਧ ਤੇ ਤਰੁੱਟੀ ਰਹਿਤ ਵੋਟਰ ਸੂਚੀਆਂ ਤਿਆਰ ਕਰਨ ਦੇ ਸਖਤ ਹੁਕਮ ਦਿੱਤੇ ਗਏ ਹਨ।ਜੇਕਰ ਕੋਈ ਵੀ ਯੋਗ ਵਿਅਕਤੀ ਜੋ ਆਪਣੀ 18 ਸਾਲ ਦੀ ਉਮਰ ਪੂਰੀ ਕਰਦਾ ਹੈ, ਦਾ ਨਾਂਅ ਵੋਟਰ ਸੂਚੀ ਵਿੱਚ ਲਾਜ਼ਮੀ ਤੌਰ 'ਤੇ ਸ਼ਾਮਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਮਰ ਚੁੱਕੇ ਤੇ ਪੋਲਿੰਗ ਏਰੀਏ ਤੋਂ ਸ਼ਿਫਟ ਹੋਏ ਵੋਟਰਾਂ ਦੇ ਨਾਂ ਵੋਟਰ ਸੂਚੀ ਵਿਚੋਂ ਕੱਟੇ ਜਾਣ ਤੇ ਮੌਜੂਦਾ ਵੋਟਰ ਸੂਚੀਆਂ ਵਿੱਚ ਦਰਜ ਵੇਰਵਿਆਂ ਨੂੰ ਦਰੁਸਤ ਕੀਤਾ ਜਾਵੇ ਤਾਂ ਜੁ ਕੋਈ ਆਪਣੀ ਵੋਟ ਤੋਂ ਵਾਂਝਾ ਨਾ ਰਹਿ ਜਾਵੇ ।



ਉਨ੍ਹਾਂ ਨੇ ਵਿੱਦਿਅਕ ਸੰਸਥਾਵਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਸਕੂਲ ਵਿੱਚ ਪੜ੍ਹਦੇ ਹਰੇਕ ਵਿਦਿਆਰਥੀ ਦਾ ਡਾਟਾ ਇਕੱਠਾ ਕਰਨ ਤੇ ਜਿਨ੍ਹਾਂ ਦੀ ਵੋਟ ਬਣਨ ਤੋ ਰਹਿੰਦੀ ਹੈ, ਉਸਦੀ ਵੋਟ ਬਣਵਾਉਣ ਸਬੰਧੀ ਉਸ ਨੂੰ ਜਾਗਰੂਕ ਕਰਦੇ ਹੋਏ ਫਾਰਮ 6 ਪ੍ਰਾਪਤ ਕਰਕੇ ਉਸਦੀ ਵੋਟਰ ਰਜਿਸਟ੍ਰੇਸ਼ਨ ਜ਼ਰੂਰ ਕਰਾਉਣ।ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨਰ ਵੱਲੋਂ ਯੋਗਤਾ ਮਿਤੀ 1-1-2025 ਦੇ ਅਧਾਰ 'ਤੇ 29 ਅਕਤੂਬਰ ਤੋਂ 28 ਨਵੰਬਰ 2024 ਤੱਕ ਡਰਾਫਟ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ 9 ਤੇ 10 ਨਵੰਬਰ ਤੇ 23 ਤੇ 24 ਨਵੰਬਰ ਨੂੰ ਸਵੇਰੇ 10 ਤੋਂ ਸ਼ਾਮ 5-00 ਵਜੇ ਤੱਕ ਸਮੂਹ ਪੋਲਿੰਗ ਬੂਥਾਂ ਤੇ ਸਪੈਸ਼ਲ ਕੈਂਪ ਲਾਏ ਜਾਣਗੇ, ਜਿਸ ਵਿੱਚ ਆਮ ਜਨਤਾ ਪਾਸੋਂ ਫਾਰਮ ਨੰ: 6, 6ਏ, 7 ਤੇ 8 ਪ੍ਰਾਪਤ ਕੀਤੇ ਜਾ ਸਕਣਗੇ।

ਉਹਨਾਂ ਇਹ ਵੀ ਕਿਹਾ ਕਿ ਵੋਟਰ ਰਜਿਸਟ੍ਰੇਸ਼ਨ ਕਰਨ ਲਈ ਹਰੇਕ ਵਰਗ ਜਿਵੇਂ ਯੁਵਾ ਵਰਗ, ਔਰਤ ਵਰਗ, ਟਰਾਂਸਜੈਂਡਰ ਵਰਗ, ਦਿਵਿਆਂਗ ਵਰਗ ਤੇ ਵਿਸ਼ੇਸ਼ ਫੋਕਸ ਕੀਤਾ ਜਾਵੇ।ਉਨ੍ਹਾਂ ਅੱਗੋਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ 17 ਸਾਲ ਦੀ ਉਮਰ ਪੂਰੀ ਕਰ ਚੁੱਕੇ ਯੁਵਾ ਪਾਸੋਂ ਬਤੌਰ ਵੋਟਰ ਰਜਿਸਟਰ ਹੋਣ ਸਬੰਧੀ ਐਡਵਾਂਸ ਤੌਰ 'ਤੇ ਫਾਰਮ ਪ੍ਰਾਪਤ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਜੇਕਰ ਕਿਸੇ ਵਿਅਕਤੀ ਦੀ ਉਮਰ 1 ਜਨਵਰੀ 2025 ਨੂੰ 18 ਸਾਲ ਦੀ ਪੂਰੀ ਨਹੀਂ ਹੁੰਦੀ ਤਾਂ ਉਸ ਦੀ ਉਮਰ ਅਗਲੀਆਂ ਤਿੰਨ ਤਿਮਾਹੀਆਂ ਵਿੱਚ 18 ਸਾਲ ਦੀ ਪੂਰੀ ਹੁੰਦੀ ਹੈ ਤਾਂ ਉਹ ਵਿਅਕਤੀ ਆਪਣਾ ਨਾਂਅ ਵੋਟਰ ਸੂਚੀ ਵਿੱਚ ਸ਼ਾਮਲ ਕਰਾਉਣ ਲਈ ਐਡਵਾਂਸ ਫਾਰਮ ਜਮ੍ਹਾਂ ਕਰਾ ਸਕਦਾ ਹੈ।

## ਮਹਿ.ਫਲ ਏ ਅਦੀਬ ਸੰਸਥਾ ਵੱਲੋਂ ਮੇਜਰ ਸਿੰਘ ਸੰਧੂ ਦਾ ਸਨਮਾਨ



**ਜਗਰਾਉਂ (ਸੰਜੀਵ ਅਰੋੜਾ)**-ਮਹਿਫ਼ਿਲ-ਏ ਅਦੀਬ ਸੰਸਥਾ ਦੀ ਮਹੀਨਾਵਾਰ ਇਕੱਤਰਤਾ ਡਾ: ਅਸ਼ੋਕ ਸ਼ਰਮਾ ਹਸਪਤਾਲ ਜਗਰਾਉਂ ਵਿਖੇ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸੇਵਾ ਮੁਕਤ ਡੀ. ਈ. ਓ. ਮੇਜਰ ਸਿੰਘ ਸੰਧੂ ਮੁੱਖ ਮਹਿਮਾਨ ਅਤੇ ਡਾ. ਅਸ਼ੋਕ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਕੱਤਰਤਾ ਦੌਰਾਨ ਸਭ ਤੋਂ ਪਹਿਲਾਂ ਜਨਰਲ ਸਕੱਤਰ ਜਸਵਿੰਦਰ ਸਿੰਘ ਛਿੰਦਾ ਦੇਹੜਕੇ ਨੇ ਸੰਸਥਾ ਦੇ ਅਦੀਬ ਰੂਮੀ ਰਾਜ ਦੀ ਮਾਤਾ ਦੀ ਹੋਏ ਅਚਾਨਕ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ ਕਰਦਿਆਂ ਸਭਾ ਵੱਲੋਂ ਰੂਮੀ ਰਾਜ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਉੱਘੇ ਲੇਖਕ ਸੰਜੀਵ ਝਾਂਜੀ ਦੇ ਲੇਖਾਂ ਦੀ ਕਿਤਾਬ 'ਜਿੱਤ ਦੇ ਦੀਵੇ' ਸਮੂਹ ਸਾਹਿਤਕਾਰਾਂ ਨੂੰ ਭੇਟ ਕੀਤੀ। ਉਪਰੰਤ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਨੇ ਸਮੂਹ ਨੂੰ ਜੀ ਆਇਆਂ ਕਿਹਾ ਆਪਣੀ ਕਵਿਤਾ 'ਔਰਤਾਂ ਭਰਦੀਆਂ ਸਾਰੀਆਂ ਥਾਵਾਂ' ਸੁਣਾ ਕੇ ਹਾਜ਼ਰੀ ਲਵਾਈ। ਕਿਰਨਦੀਪ ਕੌਰ ਨੇ ਵੀ ਕਵਿਤਾ 'ਇਹ ਜੱਗ ਚੱਲਣਹਾਰ' ਸੁਣਾ ਕੇ ਖ਼ੁਦਗਰਜ਼ੀ ਇਨਸਾਨ ਦਾ ਚਿਤਰਨ ਕੀਤਾ। ਹਰਜੀਤ ਕੌਰ ਨੇ 'ਉੱਚੀਆਂ ਉਡਾਰੀਆਂ ਨਾ ਮਾਰ ਬੰਦਿਆ' ਕਵਿਤਾ ਪੇਸ਼ ਕੀਤੀ। ਅਵਤਾਰ ਸਿੰਘ ਭੁੱਲਰ ਨੇ ਆਪਣੀ ਰਚਨਾ 'ਅਨਮੋਲ ਜ਼ਿੰਦਗੀ' ਸੁਣਾਈ। ਰਛਪਾਲ ਸਿੰਘ ਚਕਰ ਪ੍ਰਧਾਨ ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਗੁਰਵਿੰਦਰ ਸਿੰਘ ਤੇ ਅਵੀਜੀਤ ਝਾਂਜੀ ਨੇ ਵੀ ਆਪਣੀ-ਆਪਣੀ ਰਚਨਾ ਕਹੀ। ਡਾ. ਅਸ਼ੋਕ ਸ਼ਰਮਾ ਨੇ ਇਸ ਮੌਕੇ ਸੰਸਥਾ ਦੇ ਸਰਪ੍ਰਸਤ ਰਹੇ ਮਰਹੂਮ ਕਰਨਲ ਗੁਰਦੀਪ ਜਗਰਾਉਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਇਸ ਸੰਸਥਾ ਨੂੰ ਜੋ ਦੇਣ ਸੀ ਬਾਰੇ ਚਰਚਾ ਕੀਤੀ। ਇਸ ਮੌਕੇ ਮੁੱਖ ਮਹਿਮਾਨ ਮੇਜਰ ਸਿੰਘ ਸੰਧੂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ ਅਤੇ ਸਾਹਿਤਕਾਰ ਇਕ ਚੁੰਬਕ ਦੀ ਤਰ੍ਹਾਂ ਹੁੰਦੇ ਹਨ ਤੇ ਉਨ੍ਹਾਂ ਦੀਆਂ ਰਚਨਾਵਾਂ ਇਕ ਅਜਿਹੀ ਖਿੱਚ ਪੈਦਾ ਕਰਦੀਆਂ ਹਨ ਕੇ ਹਰ ਕੋਈ ਉਨ੍ਹਾਂ ਵੱਲੋਂ ਖਿੱਚਿਆ ਜਾਂਦਾ ਹੈ।

# ਏਡਿਡ ਸਕੂਲਾਂ ਦੀਆਂ ਮੰਗਾਂ ਨਾ ਮੰਨਣ 'ਤੇ ਡੀ ਪੀ ਆਈ ਦ.ਫਤਰ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ : ਯੂਨੀਅਨ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**
ਪੰਜਾਬ ਰਾਜ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕ ਅਤੇ ਹੋਰ ਕ੍ਰਮਚਾਰੀ ਯੂਨੀਅਨ ਵੱਲੋਂ ਸਿੱਖਿਆ ਵਿਭਾਗ ਦੇ ਏਡਿਡ ਸਕੂਲ ਅਧਿਆਪਕਾਂ ਤੇ ਹੋਰ ਕ੍ਰਮਚਾਰੀਆਂ ਵਿਰੋਧੀ ਵਰਤਾਰੇ ਦੇ ਵਿਰੁੱਧ ਰੋਸ ਪ੍ਰਗਟਾਉਂਦੇ ਹੋਏ ਡਾਇਰੈਕਟਰ ਸਕੂਲ ਐਜੂਕੇਸ਼ਨ (ਸ.ਪ) ਪੰਜਾਬ ਨੂੰ 19 ਨਵੰਬਰ 2024 ਲਈ ਡੀਐਸਈ ਦਫ਼ਤਰ ਮੁਹਾਲੀ ਸਾਹਮਣੇ ਧਰਨਾ ਦੇਣ ਦਾ ਨੋਟਿਸ ਭੇਜ ਦਿੱਤਾ ਹੈ।



ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ ਤੇ ਜਨਰਲ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ ਨੇ ਦੱਸਿਆ ਕਿ ਏਡਿਡ ਸਕੂਲਾਂ ਦੀਆਂ ਮੰਗਾਂ ਪ੍ਰਤੀ ਅਣਗੌਲੇ ਅਤੇ ਨਕਾਰਾਤਮਕ ਰਵੱਈਏ ਖਿਲਾਫ ਧਰਨੇ ਦਾ ਨੋਟਿਸ ਦੇਣ ਲਈ ਜੱਥੇਬੰਦੀ ਨੂੰ ਮਜ਼ਬੂਰ ਹੋਣਾ ਪਿਆ ਹੈ, ਕਿਉਂਕਿ ਏਡਿਡ ਸਕੂਲ ਭਾਈਚਾਰੇ ਵਿੱਚ ਸਿੱਖਿਆ ਵਿਭਾਗ ਦੇ ਪ੍ਰਤੀ ਭਾਰੀ ਰੋਸ ਹੈ।ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਸਮੂਹ ਕਰਮਚਾਰੀਆਂ ਦੀਆਂ ਹੇਠ ਲਿਖੀਆਂ ਮੰਗਾਂ ਨੂੰ ਜੇਕਰ ਨਾ ਮੰਨਿਆ ਗਿਆ ਤਾਂ 19 ਨਵੰਬਰ ਨੂੰ ਸਰਕਾਰ/ਦਫਤਰ ਦੇ ਨਾਂਹਪੱਖੀ ਰਵੱਈਏ ਪ੍ਰਤੀ ਰੋਸ ਵਜੋਂ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਯੂਨੀਅਨ ਦੀਆਂ ਮੁੱਖ ਮੰਗਾਂ ਵਿੱਚ ਸੀਐਂਡਵੀ ਕੇਡਰ ਦੇ ਪੀਟੀਆਈ ਤੇ ਡਰਾਇੰਗ ਅਧਿਆਪਕ ਸਾਥੀਆਂ ਦੀਆਂ ਮਾਰਚ 2024 ਤੋਂ ਲਟਕੀ ਗਰਾਂਟ ਨੂੰ ਤੁਰੰਤ ਜਾਰੀ ਕੀਤਾ ਜਾਣਾ ਤੇ ਇਸ ਦੇ ਨਾਲ ਨਾਲ ਏਡਿਡ ਸਟਾਫ ਦੇ ਛੇਵੇਂ ਪੇ ਕਮਿਸ਼ਨ ਦੇ ਲਾਭ ਨੂੰ ਕਮੇਟੀਆਂ ਦੇ ਮਸਲਿਆਂ ਨਾਲ ਜੋੜਨਾ ਤੇ ਵਾਰ ਵਾਰ ਇਕੋ ਸੂਚਨਾ ਤੇ ਗ਼ੈਰ ਜ਼ਰੂਰੀ ਸੂਚਨਾ ਮੰਗਣਾ ਵੀ ਪੂਰੀ ਤਰ੍ਹਾਂ ਗ਼ਲਤ ਤੇ ਗ਼ੈਰ ਵਾਜਬ ਹੈ।ਇਸ ਦੇ ਨਾਲ ਹੀ ਵਿਭਾਗ ਵੱਲੋਂ ਛੇਵੇਂ ਪੇ ਕਮਿਸ਼ਨ ਦੇ ਐਸਟੀਮੇਟ ਆਦਿ ਸਬੰਧੀ ਜਾਣਕਾਰੀ ਮੰਗਣ ਵੇਲੇ ਅਸਪੱਸ਼ਟ ਚਿੱਠੀਆਂ ਜਾਰੀ ਕਰਨਾ ਵੀ ਸਿਰਫ ਟਾਲਮਟੋਲ ਕਰਨ ਦੀ ਨੀਤੀ ਦਾ ਹੀ ਨਤੀਜਾ ਹੈ।ਇਸ ਲਈ ਸਾਰੇ ਗ਼ੈਰ ਜ਼ਰੂਰੀ ਪੱਤਰਾਂ ਤੁਰੰਤ ਵਾਪਸ ਲਏ ਜਾਣ।ਜੂਨ 2024 ਤੋਂ ਬਾਅਦ ਰਿਟਾਇਰ ਹੋਏ ਸਾਥੀਆਂ ਦੇ ਪੈਨਸ਼ਨ ਕੇਸ ਤਿਆਰ ਕਰਨ ਸਬੰਧੀ ਕੋਈ ਸਪਸ਼ਟ ਦਿਸ਼ਾ-ਨਿਰਦੇਸ਼ ਨਾ ਦੇਣ ਕਰਕੇ ਇਹਨਾਂ ਸਾਥੀਆਂ ਦੇ ਪੈਨਸ਼ਨ ਕੇਸ ਲੰਬਿਤ ਪਏ ਹਨ, ਤਨਖਾਹ ਬੰਦ ਹੋ ਗਈ ਹੈ ਤੇ ਪੈਨਸ਼ਨ ਚਾਲੂ ਨਹੀਂ ਹੋਈ, ਨਤੀਜਾ ਵਿਭਾਗ ਦੇ ਵਤੀਰੇ ਕਾਰਨ ਪਿਛਲੀ ਉਮਰੇ ਆਰਥਿਕ ਸੰਤਾਪ ਭੋਗਣ ਲਈ ਮਜਬੂਰ ਕਰ ਦਿੱਤੇ ਹਨ।

ਵਰਨਣਯੋਗ ਹੈ ਕਿ 2003 ਤੋਂ ਏਡਿਡ ਸਕੂਲਾਂ ਵਿੱਚ ਭਰਤੀ ਬੰਦ ਹੋਣ ਕਰਕੇ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ ਘਟ ਹੋ ਜਾਣ ਕਾਰਨ, ਕਰੋਨਾ ਜਹੀ ਮਹਾਂਮਾਰੀ ਕਾਰਨ ਤੇ ਪੰਜਾਬ ਦੀ ਜਨਮ ਦਰ ਘੱਟ ਹੋਣ ਕਾਰਨ ਜਮਾਤਾਂ ਵਿੱਚ ਬੱਚਿਆਂ ਦੀ ਗਿਣਤੀ ਤੇ ਪਏ ਮਾੜੇ ਅਸਰ ਦਾ ਖਮਿਆਜ਼ਾ ਵਿਭਾਗ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਪਿਛੇ ਰਹਿ ਗਏ ਅਧਿਆਪਕਾਂ ਤੇ ਸੁੱਟਣ 'ਤੇ ਉਤਾਰੂ ਹੈ, ਜਦੋਂਕਿ ਸਰਕਾਰੀ ਸਕੂਲਾਂ ਨੂੰ ਇਸ ਸਬੰਧੀ ਛੋਟ ਦਿੱਤੀ ਹੋਈ ਹੈ ਤਾਂ ਏਡਿਡ ਸਕੂਲਾਂ ਪ੍ਰਤੀ ਗ਼ਲਤ ਨੀਤੀ ਬੰਦ ਕਰਕੇ ਹਮਦਰਦੀ ਵਾਲਾ ਵਤੀਰਾ ਅਪਨਾਉਣ ਦੀ ਲੋੜ ਹੈ।ਕਈ ਸਕੂਲਾਂ ਵਿੱਚ ਸਿਰਫ ਨਾਨ ਟੀਚਿੰਗ ਸਟਾਫ ਹੋਣ 'ਤੇ ਵੀ ਗ੍ਰਾਂਟ ਦੇਰੀ ਨਾਲ ਜਾਰੀ ਕੀਤੀ ਜਾਂਦੀ ਹੈ ਜਾਂ ਜਾਰੀ ਹੀ ਨਹੀਂ ਕੀਤੀ।ਬਦਲੇ ਹਲਾਤਾਂ ਵਿੱਚ ਬੱਚਿਆਂ ਦੀ ਗਿਣਤੀ ਵਾਲੀ ਸ਼ਰਤ ਤੋਂ ਛੋਟ ਦੇਣੀ ਚਾਹੀਦੀ ਹੈ।ਹੋਰ ਤਾਂ ਹੋਰ ਚੋਣਵੇਂ ਵਿਸ਼ਿਆਂ ਸਬੰਧੀ 10 ਦੀ ਗਿਣਤੀ ਹੋਣ ਦੇ ਬਾਵਜੂਦ ਵਿਭਾਗ ਵੱਲੋਂ 30 ਦੀ ਸ਼ਰਤ ਲਾਉਣਾ, ਸਕੂਲ ਦੀ ਲੋੜ ਅਨੁਸਾਰ ਟਾਈਮ ਟੇਬਲ ਸਬੰਧੀ ਸਕੂਲ ਮੁਖੀ ਦੇ ਅਧਿਕਾਰ ਨੂੰ ਦਰਕਿਨਾਰ ਕਰਨਾ ਵੀ ਪੂਰੀ ਤਰ੍ਹਾਂ ਨਜਾਇਜ਼ ਹੈ।ਉਪਰੋਕਤ ਸਬੰਧੀ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਅਧਿਆਪਕ ਤੇ ਹੋਰ ਕ੍ਰਮਚਾਰੀ ਯੂਨੀਅਨ ਨੇ ਨੋਟਿਸ ਭੇਜ ਕੇ ਕਿਹਾ ਹੈ ਕਿ ਜੇਕਰ ਅਗਲੇ ਹਫ਼ਤੇ ਵਿੱਚ ਇਨ੍ਹਾਂ ਮਸਲਿਆਂ ਤੇ ਯੂਨੀਅਨ ਨਾਲ ਸਿੱਖਿਆ ਮੰਤਰੀ ਤੇ ਵਿਭਾਗ ਦੁਆਰਾ ਅਫੀਸ਼ੀਅਲ ਮੀਟਿੰਗ ਕਰਕੇ ਮਸਲੇ ਹੱਲ ਨਹੀਂ ਕੀਤੇ ਜਾਂਦੇ ਤਾਂ ਜਥੇਬੰਦੀ ਭਾਈਚਾਰੇ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ 19 ਨਵੰਬਰ ਨੂੰ ਡੀ ਪੀ ਆਈ ਦੇ ਦਫ਼ਤਰ ਦੇ ਅੱਗੇ ਧਰਨਾ ਦੇਣ ਲਈ ਮਜਬੂਰ ਹੋਵੇਗੀ, ਜਿਸ ਸਬੰਧੀ ਸਰਕਾਰ ਦੀ ਬਦਨਾਮੀ ਦੀ ਸਾਰੀ ਜ਼ਿੰਮੇਵਾਰੀ ਡੀਪੀਆਈ ਦਫਤਰ ਦੀ ਹੋਵੇਗੀ।

## ਡੀ.ਸੀ ਵੱਲੋਂ ਪਰਾਲੀ ਪ੍ਰਬੰਧਨ 'ਚ ਯੋਗਦਾਨ ਪਾ ਰਹੇ ਕੰਪਰੈਸਡ ਬਾਇਓ ਗੈਸ ਪਲਾਂਟ ਦਾ ਦੌਰਾ



**ਮੂਣਕ (ਰਾਜਪਾਲ ਸਿੰਗਲਾ)**
ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਵੱਲੋਂ ਪਰਾਲੀ ਸਾੜਨ ਦੀ ਸਮੱਸਿਆ ਨੂੰ ਖਤਮ ਕਰਨ ਲਈ ਕਾਰਜਸ਼ੀਲ ਵਰਬੀਓ ਦੇ ਕੰਪਰੈਸਡ ਬਾਇਓ ਗੈਸ (ਸੀ.ਬੀ.ਜੀ) ਪਲਾਂਟ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਵਿੱਚ ਪਲਾਂਟ ਪ੍ਰਬੰਧਕਾਂ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਲਾਨਾ ਕਰੀਬ 70 ਹਜ਼ਾਰ ਟਨ ਪਰਾਲੀ ਖਪਤ ਦੀ ਸਮਰੱਥਾ ਵਾਲਾ ਇਹ ਪਲਾਂਟ ਆਪਣੇ ਆਲੇ-ਦੁਆਲੇ ਦੇ ਲਗਭਗ 15 ਤੋਂ 20 ਕਿਲੋਮੀਟਰ ਦੇ ਦਾਇਰੇ ਅਧੀਨ ਆਉਂਦੇ ਪਿੰਡਾਂ ਵਿੱਚ ਪਰਾਲੀ ਸਾੜਨ ਜਿਹੀਆਂ ਮਾੜੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਵਿੱਚ ਕਾਫੀ ਹੱਦ ਤੱਕ ਸਫਲ ਸਾਬਤ ਹੋ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੰਪਨੀ ਵੱਲੋਂ ਕਿਸਾਨਾਂ ਨੂੰ ਖੇਤਾਂ ਵਿੱਚੋਂ ਪਰਾਲੀ ਦੀਆਂ ਗੱਠਾਂ ਬਣਾਉਣ ਲਈ ਸਹਾਇਤਾ ਪ੍ਰਦਾਨ ਕਰਨ ਵੱਜੋਂ 50 ਤੋਂ ਵਧੇਰੇ ਬੇਲਰ ਉਪਲਬਧ ਕਰਾਏ ਜਾਂਦੇ ਹਨ ਅਤੇ ਖੇਤਾਂ ਵਿੱਚੋਂ ਪਰਾਲੀ ਦੀਆਂ ਗੱਠਾਂ ਨੂੰ ਮੁਫ਼ਤ ਚੁਕਵਾ ਕੇ ਕੰਪਨੀ ਵਿੱਚ ਲਿਆਉਣ ਦੇ ਪ੍ਰਬੰਧ ਕੀਤੇ ਹੋਏ ਹਨ, ਜਿਸ ਨਾਲ ਨੇੜਲੇ ਪਿੰਡਾਂ ਦੇ ਕਿਸਾਨਾਂ ਵਿੱਚ ਪਰਾਲੀ ਨੂੰ ਸਾੜਨ ਦਾ ਰੁਝਾਨ ਕਾਫ਼ੀ ਘਟਿਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪਿਛਲੇ ਕਈ ਹਫਤਿਆਂ ਤੋਂ ਸਾਰੀਆਂ ਸਬ ਡਵੀਜ਼ਨਾਂ ਵਿੱਚ ਕਿਸਾਨਾਂ ਨੂੰ ਪਰਾਲੀ ਦੇ ਉਚਿਤ ਪ੍ਰਬੰਧਨ ਲਈ ਪ੍ਰੇਰਿਤ ਕਰਨ ਵਿੱਚ ਸਰਗਰਮ ਹੈ ਤੇ ਅਜਿਹੇ ਵੇਲੇ ਵਰਬੀਓ ਕੰਪਨੀ ਦਾ ਇਹ ਯੋਗਦਾਨ ਵੀ ਅਹਿਮ ਸਾਬਤ ਹੋ ਰਿਹਾ ਹੈ ਜਿਸ ਨਾਲ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਦੀ ਮੁਹਿੰਮ ਵਿੱਚ ਹੁੰਗਾਰਾ ਮਿਲਿਆ ਹੈ।ਉਨ੍ਹਾਂ ਦੱਸਿਆ ਕਿ ਇਸ ਪਲਾਂਟ ਰਾਹੀਂ ਝੋਨੇ ਦੀ ਪਰਾਲੀ ਨੂੰ ਅਤਿ ਆਧੁਨਿਕ ਪ੍ਰੋਸੈਸਿੰਗ ਪ੍ਰਣਾਲੀ ਨਾਲ ਸੀਬੀਜੀ ਵਿੱਚ ਤਬਦੀਲ ਕਰਕੇ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਰੋਕੇ ਜਾ ਸਕੇ ਹਨ ਤੇ ਦੂਸ਼ਿਤ ਤੱਤਾਂ ਅਤੇ ਫਲਾਈ ਐਸ਼ ਦੀ ਰੋਕਥਾਮ ਵੀ ਯਕੀਨੀ ਬਣਾਈ ਜਾ ਰਹੀ ਹੈ।

12-NOV-PAGE-7.qxd 11/11/2024 10:35 PM Page 1



## ਪਿਓਰੀ ਦੀ ਦਾਣਾ ਮੰਡੀ 'ਚ ਬੀ ਕੇ ਯੂ ਸਿੱਧੂਪੁਰ ਦੇ ਆਗੂਆਂ ਨੇ ਖਰੀਦ ਸ਼ੁਰੂ ਕਰਾਈ



**ਦੋਦਾ (ਅਸ਼ੋਕ ਯਾਦਵ)**-ਪਿੰਡ ਪਿਓਰੀ ਵਿਖੇ ਦਾਣਾ ਮੰਡੀ ਵਿੱਚ ਖਰੀਦ ਬਹੁਤ ਜ਼ਿਆਦਾ ਢਿੱਲੀ ਹੋਣ ਕਾਰਨ ਮੰਡੀ ਝੋਨੇ ਦੀ ਫ਼ਸਲ ਨਾਲ ਨੱਕੋ ਨੱਕ ਭਰੀ ਪਈ ਸੀ। ਬੀਕੇਯੂ ਸਿੱਧੂਪੁਰ ਦੇ ਜ਼ਿਲ੍ਹਾ ਮੀਤ ਪ੍ਰਧਾਨ ਬੇਅੰਤ ਸਿੰਘ ਖਾਲਸਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਮੌਕੇ 'ਤੇ ਪੁੱਜ ਕੇ ਸਥਿਤੀ ਦਾ ਜਾਇਜ਼ਾ ਲਿਆ। ਆਗੂਆਂ ਨੇ ਦੱਸਿਆ ਕਿ ਮੰਡੀ ਵਿੱਚ ਸਰਕਾਰੀ ਖਰੀਦ ਨਾ ਦੇ ਬਰਾਬਰ ਸੀ ਤੇ ਸ਼ੈਲਰ ਮਾਲਕਾਂ ਵੱਲੋਂ ਮਨਮਰਜ਼ੀ ਨਾਲ ਝੋਨਾ ਖਰੀਦਿਆ ਜਾ ਰਿਹਾ ਸੀ। ਖਾਲਸਾ ਨੇ ਦੱਸਿਆ ਕਿ ਮੰਡੀ 'ਚ ਢੇਰੀਆਂ 13 ਤੋਂ 17 ਫ਼ੀਸਦੀ ਨਮੀ ਵਾਲੀਆਂ ਪਿਛਲੇ ਕਰੀਬ ਦੋ ਤੋਂ ਤਿੰਨ ਹਫਤਿਆਂ ਦੀ ਪਈਆਂ ਸਨ ਤੇ ਕਿਸਾਨ ਡਾਢੇ ਪ੍ਰੇਸ਼ਾਨ ਸਨ। ਕਿਸਾਨ ਆਗੂਆਂ ਨੇ ਮੌਕੇ 'ਤੇ ਹੀ ਪਨਸਪ ਦੇ ਖਰੀਦ ਇੰਸਪੈਕਟਰ ਸਚਿਨ ਗਰਗ ਨੂੰ ਬੁਲਾਇਆ ਗਿਆ ਤੇ ਉਨਾਂ ਦੀ ਹਾਜ਼ਰੀ ਵਿੱਚ ਢੇਰੀਆਂ ਦੀ ਨਮੀ ਚੈੱਕ ਕਰਕੇ ਕਰੀਬ 50 ਤੋਂ ਵੱਧ ਢੇਰੀਆਂ ਦਾ ਰੇਟ ਲਾਇਆ ਗਿਆ। ਕਿਸਾਨ ਆਗੂਆਂ ਵੱਲੋਂ ਆੜ੍ਹਤੀਆਂ ਨੂੰ ਵੀ ਅਪੀਲ ਕੀਤੀ ਕਿ ਇਨ੍ਹਾਂ ਢੇਰੀਆਂ ਨੂੰ ਜਲਦੀ ਤੋਲ ਕੇ ਕਿਸਾਨਾਂ ਨੂੰ ਮੰਡੀ ਵਿਚੋਂ ਫਾਰਗ ਕੀਤਾ ਜਾਵੇ। ਕਿਸਾਨ ਆਗੂਆਂ ਵੱਲੋਂ ਪਿੰਡ ਪਿਓਰੀ ਵਿਖੇ ਸਿੱਧੂਪੁਰ ਜਥੇਬੰਦੀ ਦੀ ਇਕਾਈ ਦਾ ਵੀ ਗਠਨ ਕੀਤਾ ਗਿਆ।

## ਪੰਜਾਬੀ 'ਵਰਸਿਟੀ ਦੀ ਨਿਸ਼ਾਨੇਬਾਜ਼ ਅਰਸ਼ਦੀਪ ਕੌਰ ਨੇ ਜਿੱਤੇ ਦੋ ਤਮ.ਗੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੀ ਨਿਸ਼ਾਨੇਬਾਜ਼ ਅਰਸ਼ਦੀਪ ਕੌਰ ਨੇ ਮਾਨਵ ਰਚਨਾ ਯੂਨੀਵਰਸਿਟੀ ਫਰੀਦਾਬਾਦ ਵਿਖੇ ਕਰਾਈ ਗਈ 2024 ਐੱਫ਼ ਆਈ ਐੱਸ ਯੂ ਵਰਲਡ ਯੂਨੀਵਰਸਿਟੀ ਚੈਂਪੀਅਨਸ਼ਿਪ ਸ਼ੂਟਿੰਗ ਸਪੋਰਟ ਵਿੱਚ ਦੋ ਤਗ਼ਮੇ ਜਿੱਤੇ ਹਨ।ਖੇਡ ਵਿਭਾਗ ਦੀ ਡਾਇਰੈਕਟਰ ਪ੍ਰੋ. ਅਜੀਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਨੇ ਸ਼ੂਟਿੰਗ ਟੀਮ ਵਿੱਚ ਖੇਡਦਿਆਂ ਸੋਨ ਤਗ਼ਮਾ ਜਿੱਤਿਆ ਤੇ ਵਿਅਕਤੀਗਤ ਪੱਧਰ ਉੱਤੇ ਕਾਂਸੀ ਤਗ਼ਮਾ ਜਿੱਤਿਆ।ਯੂਨੀਵਰਸਿਟੀ ਅਥਾਰਿਟੀ ਵੱਲੋਂ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਅਤੇ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਵੱਲੋਂ ਖਿਡਾਰੀ ਅਰਸ਼ਦੀਪ ਤੇ ਉਸ ਦੀ ਕੋਚ ਸਵਰਨਜੀਤ ਕੌਰ ਨੂੰ ਵਿਸ਼ੇਸ਼ ਤੌਰ ਉੱਤੇ ਵਧਾਈ ਦਿੰਦਿਆਂ ਕਿਹਾ ਖੇਡਾਂ ਦੇ ਖੇਤਰ ਵਿੱਚ ਕੀਤੀਆਂ ਜਾਂਦੀਆਂ ਪ੍ਰਾਪਤੀਆਂ ਨਾਲ਼ ਪੰਜਾਬੀ ਯੂਨੀਵਰਸਿਟੀ ਦੇ ਮਾਣ ਵਿੱਚ ਵਾਧਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਹੋਣਹਾਰ ਖਿਡਾਰੀ ਪੰਜਾਬੀ ਯੂਨੀਵਰਸਿਟੀ ਦਾ ਮਾਣ ਹਨ।

## ਬਿਜਲੀ ਮਿਸਤਰੀਆਂ ਦੀ ਹੋਈ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕੋਟਕਪੂਰਾ ਰੋਡ 'ਤੇ ਬਿਜਲੀ ਮਿਸਤਰੀਆਂ ਦੀ ਮੀਟਿੰਗ ਹੋਈ, ਜਿਸ ਵਿੱਚ ਗੋਲਡ ਮੈਡਲ ਕੰਪਨੀ ਦੇ ਪ੍ਰੋਡਕਟਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਕੰਪਨੀ ਦੇ ਸਮਾਨ ਦੇ ਫਾਇਦੇ ਦੱਸੇ। ਲੋਕਾਂ ਨੂੰ ਵੱਧ ਤੋਂ ਵੱਧ ਗੋਲਡ ਮੈਡਲ ਕੰਪਨੀ ਦੇ ਸਮਾਨ ਵਰਤਣ ਬਾਰੇ ਵੀ ਜਾਗਰੂਕ ਕਰਨ ਬਾਰੇ ਕਿਹਾ। ਇਸ ਮੌਕੇ ਮਨਜੀਤ ਸਿੰਘ, ਅਰਵਿੰਦਰ ਸਿੰਘ, ਸਾਜਨ ਸਿਡਾਨਾ, ਕੁਲਦੀਪ ਸਿੰਘ, ਸੋਨੂੰ ਸਾਮਾ, ਭਾਰਤ ਜੱਗੀ ਤੇ ਨਿਤੀਸ਼ ਸ਼ਾਮਲ ਹੋਏ।

## ਪੀ ਜੀ ਆਈ ਚੰਡੀਗੜ੍ਹ ਦੇ ਐਂਡੋਕ੍ਰਾਈਨੋਲੋਜੀ ਵਿਭਾਗ ਦੇ ਡਾ. ਅਸ਼ੂ ਰਸਤੋਗੀ ਸਨਮਾਨਤ




**ਸਮਰਾਲਾ (ਸੁਰਜੀਤ ਸਿੰਘ)**-ਐਂਡੋਕ੍ਰਾਈਨੋਲੋਜੀ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਅਸ਼ੂ ਰਸਤੋਗੀ ਨੂੰ ਵਿਸ਼ਾਖਾਪਟਨਮ ਵਿੱਚ ਹੋਏ ਐਂਡੋਕ੍ਰਾਈਨ ਸੁਸਾਇਟੀ ਦੇ 53ਵੇਂ ਸਾਲਾਨਾ ਸੰਮੇਲਨ ਦੌਰਾਨ ਡਾ. ਸੁਭਾਸ਼ ਮੁਖਰਜੀ ਵਿਆਖਿਆਨ ਦੇ ਸਨਮਾਨ ਨਾਲ ਨਿਵਾਜ਼ਿਆ ਗਿਆ ਹੈ।ਉਨ੍ਹਾਂ ਨੂੰ ਇਹ ਸਨਮਾਨ ਸ਼ੂਗਰ ਰੋਗ ਕਾਰਨ ਪੈਰਾਂ ਦੀ ਸਮੱਸਿਆਵਾਂ ਵਿੱਚ ਜ਼ਿਕਰਯੋਗ ਕਾਰਗੁਜ਼ਾਰੀ ਲਈ ਦਿੱਤਾ ਗਿਆ ਹੈ।ਡਾ. ਅਸ਼ੂ ਰਸਤੋਗੀ ਵਲੋਂ ਸ਼ਾਰਕੋਟ ਨਿਊਰੋਆਰਥਰੋਪੈਥੀ ਦੇ ਖੇਤਰ ਵਿੱਚ ਕੀਤੀ ਗਈ ਖੋਜ ਬੇਮਿਸਾਲ ਦੱਸੀ ਜਾ ਰਹੀ ਹੈ, ਜਿਸ ਨੇ ਵਿਸ਼ਵ ਪੱਧਰ 'ਤੇ ਖੂਬ ਸਨਮਾਨ ਪ੍ਰਾਪਤ ਕੀਤਾ ਹੈ ਅਤੇ ਅੰਤਰਰਾਸ਼ਟਰੀ ਕਲੀਨਿਕਲ ਪ੍ਰਬੰਧਨ ਵਿੱਚ ਵੀ ਮਦਦ ਕੀਤੀ ਹੈ। 'ਡਾਇਬਟੀਕ ਫੁੱਟ ਅਲਸਰ' ਦੇ ਇਲਾਜ ਲਈ ਉਨ੍ਹਾਂ ਦੇ ਨਵੇਂ ਉਪਚਾਰ ਇਸਮੋਲੋਲ ਦੀ ਤਿਆਰੀ ਮੇਕ ਇਨ ਇੰਡੀਆ ਦੇ ਅਸੂਲ 'ਤੇ ਅਧਾਰਤ ਇੱਕ ਸਫ਼ਲ ਖੋਜ ਦੱਸੀ ਜਾ ਰਹੀ ਹੈ, ਜੋ ਪੈਰਾਂ ਦੇ ਅਲਸਰ ਦੇ ਇਲਾਜ ਵਿੱਚ ਨਵੇਂ ਦਿਸਹੱਦੇ ਪ੍ਰਦਰਸ਼ਤ ਕਰਦੀ ਹੈ।

## ਟਿਕਟ ਖਿੜਕੀ ਵਿਕਰੀ ਵਧਾਉਣ ਲਈ ਟਿਕਟ ਚੈਕਿੰਗ ਮੁਹਿੰਮ ਚਲਾਈ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਹੈੱਡਕੁਆਰਟਰ ਸਪੈਸ਼ਲ ਟਿਕਟ ਚੈਕਿੰਗ ਅਭਿਆਨ ਤਹਿਤ ਡਿਵੀਜ਼ਨਲ ਰੇਲਵੇ ਮੈਨੇਜਰ ਸੰਜੇ ਸਾਹੂ ਦੇ ਦਿਸ਼ਾ-ਨਿਰਦੇਸ਼ਾਂ ਫ਼ਿਰੋਜ਼ਪੁਰ ਡਿਵੀਜ਼ਨ ਵਿੱਚ ਟਿਕਟ ਖਿੜਕੀ ਵਿਕਰੀ ਨੂੰ ਵਧਾਉਣ ਲਈ ਟਿਕਟ ਜਾਂਚ ਕ੍ਰਮਚਾਰੀਆਂ ਦੀ ਉਚਿੱਤ ਤੈਨਾਤੀ ਦੀ ਯੋਜਨਾ ਬਣਾ ਕੇ 25 ਅਕਤੂਬਰ ਤੋਂ 10 ਨਵੰਬਰ ਤੱਕ ਟਿਕਟ ਚੈਕਿੰਗ ਮੁਹਿੰਮ ਚਲਾਈ ਗਈ।ਹੈੱਡਕੁਆਰਟਰ ਵੱਲੋਂ ਵਿਸ਼ੇਸ਼ ਤੌਰ 'ਤੇ ਉਨ੍ਹਾਂ ਟਰੇਨਾਂ 'ਚ ਵਿਸ਼ੇਸ਼ ਟਿਕਟ ਚੈਕਿੰਗ ਮੁਹਿੰਮ ਚਲਾਈ ਗਈ, ਜਿਨ੍ਹਾਂ 'ਚ ਉੱਚ ਅਧਿਕਾਰੀਆਂ ਵੱਲੋਂ ਨਿਗਰਾਨੀ ਦੌਰਾਨ ਅਣਅਧਿਕਾਰਤ ਤੇ ਬਿਨਾਂ ਟਿਕਟ ਸਫਰ ਕਰਨ ਵਾਲੇ ਯਾਤਰੀਆਂ ਦੀ ਗਿਣਤੀ ਜ਼ਿਆਦਾ ਪਾਈ ਗਈ।ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਹੈੱਡਕੁਆਰਟਰ ਵਿਖੇ ਵਿਸ਼ੇਸ਼ ਟਿਕਟ ਚੈਕਿੰਗ ਮੁਹਿੰਮ ਫ਼ਿਰੋਜ਼ਪੁਰ ਡਵੀਜ਼ਨ ਦੇ ਜਲੰਧਰ-ਅੰਮ੍ਰਿਤਸਰ, ਫ਼ਿਰੋਜ਼ਪੁਰ-ਬਠਿੰਡਾ, ਲੁਧਿਆਣਾ-ਪਠਾਨਕੋਟ ਕੈਂਟ, ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਪਠਾਨਕੋਟ ਕੈਂਟ, ਲੁਧਿਆਣਾ-ਜਲੰਧਰ ਕੈਂਟ ਕੈਂਟ, ਸ੍ਰੀਨਗਰ-ਬਨਿਹਾਲ ਆਦਿ ਸੈਕਸ਼ਨਾਂ 'ਤੇ ਚੱਲਦੇ ਹਨ।ਬਿਨਾਂ ਟਿਕਟ ਤੇ ਬੇਨਿਯਮੀ ਨਾਲ ਸਫ਼ਰ ਕਰਨ ਵਾਲੇ ਕਰੀਬ ਵੀਹ ਹਜ਼ਾਰ ਰੇਲਵੇ ਯਾਤਰੀਆਂ ਤੋਂ 1 ਕਰੋੜ 23 ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਵਸੂਲਿਆ ਗਿਆ।ਇਸ ਦੌਰਾਨ ਰੇਲਵੇ ਯਾਤਰੀਆਂ ਨੂੰ ਯੂਟੀਐਸ ਆਨ ਮੋਬਾਈਲ ਐਪ ਬਾਰੇ ਜਾਗਰੂਕ ਕੀਤਾ ਗਿਆ। ਉਨ੍ਹਾਂ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਟਿਕਟ ਕਾਊਂਟਰ ਤੋਂ ਕਿਊਆਰ ਕੋਡ, ਯੂਪੀਆਈ ਤੇ ਹੋਰ ਆਨਲਾਈਨ ਭੁਗਤਾਨ ਵਿਧੀਆਂ ਰਾਹੀਂ ਭੁਗਤਾਨ ਕਰਕੇ ਆਸਾਨੀ ਨਾਲ ਅਣ-ਰਿਜ਼ਰਵਡ/ਰਿਜ਼ਰਵਡ ਟਿਕਟਾਂ ਬੁੱਕ ਕਰਾ ਸਕਦੇ ਹਨ।

## ਡੀ.ਏ.ਪੀ. ਦੀ ਨਿਰਵਿਘਨ ਸਪਲਾਈ ਲਈ 151 ਖੇਤੀਬਾੜੀ ਸਹਿਕਾਰੀ ਸਭਾਵਾਂ ਦੀ ਚੈਕਿੰਗ : ਸੰਗਰਾਮ ਸਿੰਘ ਸੰਧੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਕਣਕ ਤੇ ਸਬਜ਼ੀਆਂ ਦੀ ਬਿਜਾਈ ਲਈ ਲੋੜੀਂਦੀ ਡੀ.ਏ.ਪੀ. ਖਾਦ ਦੀ ਸਪਲਾਈ ਯਕੀਨੀ ਬਣਾਉਣ ਲਈ ਜ਼ਿਲ੍ਹੇ ਅੰਦਰ 151 ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਹੁਣ ਤੱਕ ਚੈਕਿੰਗ ਕਰ ਲਈ ਹੈ।ਇਹ ਜਾਣਕਾਰੀ ਪ੍ਰਦਾਨ ਕਰਦਿਆਂ ਪਟਿਆਲਾ ਦੇ ਸਹਿਕਾਰੀ ਸਭਾਵਾਂ ਦੇ ਉਪ ਰਜਿਸਟਰਾਰ ਸੰਗਰਾਮ ਸਿੰਘ ਸੰਧੂ ਨੇ ਕਿਹਾ ਕਿ ਸਭਾਵਾਂ ਅੰਦਰ ਡੀ.ਏ.ਪੀ. ਦੀ ਕਿਸੇ ਤਰ੍ਹਾਂ ਦੀ ਬਲੈਕ ਮਾਰਕੀਟਿੰਗ ਤੇ ਜਮ੍ਹਾਂਖੋਰੀ ਨਹੀਂ ਹੋਣ ਦਿੱਤੀ ਜਾਵੇਗੀ।ਸੰਗਰਾਮ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਜ਼ਿਲ੍ਹੇ ਅੰਦਰ 263 ਖੇਤੀਬਾੜੀ ਸਹਿਕਾਰੀ ਸਭਾਵਾਂ ਹਨ, ਇਨ੍ਹਾਂ ਵਿੱਚ ਲਗਾਤਾਰ ਡੀ.ਏ.ਪੀ. ਦੀ ਚੈਕਿੰਗ ਦੇ ਨਾਲ-ਨਾਲ ਕਿਸਾਨ ਮੈਂਬਰਾਂ ਨੂੰ ਉਨ੍ਹਾਂ ਦੀ ਹੱਦ ਕਰਜ਼ੇ ਮੁਤਾਬਕ ਡੀ.ਏ.ਪੀ. ਦੀ ਵੰਡ ਹੱਦ ਕਰਜੇ ਮੁਤਾਬਕ ਕੀਤੀ ਜਾਣੀ ਵੀ ਯਕੀਨੀ ਬਣਾਈ ਜਾ ਰਹੀ ਹੈ।ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਖੇਤੀਬਾੜੀ ਮਾਹਰਾਂ ਦੀ ਰਾਏ ਮੁਤਾਬਕ ਹੀ ਡੀ.ਏ.ਪੀ. ਦੀ ਵਰਤੋਂ ਆਪਣੇ ਖੇਤਾਂ ਵਿੱਚ ਕਰਨ।ਉਨ੍ਹਾਂ ਕਿਹਾ ਕਿ ਡੀ.ਏ.ਪੀ. ਦੇ ਬਦਲ ਵਜੋਂ ਕਿਸਾਨ ਐਨ.ਪੀ.ਕੇ. ਦੀ ਵੀ ਵਰਤੋਂ ਕਰ ਸਕਦੇ ਹਨ, ਜੋ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਵਾਧੂ ਉਪਲਬਧ ਕਰਾਇਆ ਜਾ ਰਿਹਾ ਹੈ।

## ਮੈਰਿਜ ਪੈਲੇਸ ਮਾਲਕਾਂ ਨੂੰ ਨਿਯਮਾਂ ਦੀ ਪਾਲਣਾ ਸੰਬੰਧੀ ਜਾਣੂ ਕਰਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**
ਉਪ ਕਪਤਾਨ ਪੁਲਿਸ ਸਬ ਡਿਵੀਜ਼ਨ ਮਲੋਟ ਇਕਬਾਲ ਸਿੰਘ ਸੰਧੂ ਵੱਲੋਂ ਮਲੋਟ ਦੇ ਮੈਰਿਜ਼ ਪੈਲੇਸ ਮਾਲਕਾਂ ਨਾਲ ਮੀਟਿੰਗ ਕੀਤੀ ਗਈ ਅਤੇ ਮੀਟਿੰਗ ਦੌਰਾਨ ਡੀ.ਐਸ.ਪੀ. ਵੱਲੋਂ ਮੈਰਿਜ਼ ਪੈਲੇਸ ਦੇ ਮਾਲਕਾਂ ਨੂੰ ਕੁੱਝ ਨਿਯਮਾਂ ਦੀ ਪਾਲਣਾ ਕਰਨ ਬਾਰੇ ਜਾਣੂੰ ਕਰਵਾਇਆ ਗਿਆ। ਡੀ.ਐਸ.ਪੀ ਇਕਬਾਲ ਸਿੰਘ ਸੰਧੂ ਨੇ ਪੈਲੇਸ ਦੇ ਮਾਲਕਾਂ ਨੂੰ ਮੈਰਿਜ਼ ਪੈਲੇਸ ਵਿਚ ਅਸਲੇ ਦੀ ਪੂਰਨ ਪਾਬੰਦੀ ਸਬੰਧੀ ਬੋਰਡ ਲਗਾਏ ਜਾਣ, ਮੈਰਿਜ਼ ਪੈਲੇਸ ਵਿਚ ਜੇਕਰ ਕੋਈ ਹਵਾਈ ਫਾਈਰ ਕਰ ਰਿਹਾ ਹੈ ਤਾਂ ਪੈਲੇਸ ਦੇ ਮਾਲਕ ਵੱਲੋਂ ਇਸ ਦੀ ਸੂਚਨਾ ਤੁਰੰਤ ਸਬੰਧਿਤ ਥਾਣੇ ਨੂੰ ਦਿੱਤੇ ਜਾਣ ਅਤੇ ਫਾਇਰ ਕਰਨ ਵਾਲੇ ਵਿਅਕਤੀ ਦੀਆਂ ਸਾਫ਼ ਤਸਵੀਰਾਂ/ਸੀ.ਸੀ.ਟੀ.ਵੀ ਫੁਟੇਜ਼ ਮੁਹੱਈਆ ਕਰਵਾਏ ਜਾਣ, ਮੈਰਿਜ ਪੈਲੇਸ ਵਿਚ ਸੀ.ਸੀ.ਟੀ.ਵੀ ਕੈਮਰੇ ਹਾਈ ਕੁਆਲਿਟੀ ਕੈਮਰੇ ਲਾਏ ਜਾਣ, ਸੀ.ਸੀ.ਟੀ.ਵੀ ਕੈਮਰੇ ਰਾਹੀਂ ਮੈਰਿਜ ਪੈਲੇਸ ਦੇ ਮੇਨ ਗੇਟ, ਪਰਕਿੰਗ ਅਤੇ ਹਾਲ ਆਦਿ ਦੀ ਕਵਰੇਜ਼ ਯਕੀਨੀ ਬਣਾਏ ਜਾਣ, ਪੈਲੇਸ ਵਿਚ ਆਏ ਵਿਅਕਤੀਆਂ ਦੇ ਵਹੀਕਲਾਂ ਦੀ ਪਰਕਿੰਗ ਸਹੀ ਤਰੀਕੇ ਨਾਲ ਕਰਾਏ ਜਾਣ ਤਾਂ ਜੁ ਆਵਾਜਾਈ ਵਿਚ ਕੋਈ ਵਿਘਨ ਨਾ ਪਵੇ, ਪਾਰਕਿੰਗ ਵਿਚ ਖੜ੍ਹੇ ਵਹੀਕਲਾਂ ਲਈ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਤਾਂ ਜੋ ਚੋਰੀ ਦੀ ਘਟਨਾ ਨਾ ਵਾਪਰੇ, ਲਾਊਂਡ ਸਪੀਕਰਾਂ ਦੀ ਵਰਤੋਂ ਨਿਰਧਾਰਿਤ ਸਮਾਂ ਸੀਮਾ ਅਨੁਸਾਰ ਕੀਤੇ ਜਾਣ ਤੇ ਲਾਊਂਡ ਸਪੀਕਰਾਂ ਦੀ ਆਵਾਜ਼ ਕੰਟਰੋਲ ਵਿਚ ਰੱਖੇ ਜਾਣ, ਅੱਗ ਬੁਝਾਊ ਯੰਤਰ ਚਾਲੂ ਹਾਲਤ ਵਿਚ ਹੋਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ, ਜਿਸ ਨੂੰ ਮੈਰਿਜ ਪੈਲੇਸ ਮਾਲਕਾਂ ਵੱਲੋਂ ਪੂਰਨ ਤੌਰ 'ਤੇ ਲਾਗੂ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ।

## ਵਿਜ਼ਡਮ ਇੰਟਰਨੈਸ਼ਨਲ ਸਕੂਲ 'ਚ ਲਾਇਆ ਫਨ ਮੇਲਾ




**ਜਗਰਾਉਂ (ਸੰਜੀਵ ਅਰੋੜਾ)**
ਵਿਜ਼ਡਮ ਇੰਟਰਨੈਸ਼ਨਲ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਮੇਂ ਸਮੇਂ ਤੇ ਕੋਈ ਨਾ ਕੋਈ ਉਤਸ਼ਾਹਤ ਸਮਾਗਮ ਕਰਾਉਂਦੇ ਰਹਿੰਦੇ ਹਨ, ਜਿੱਥੇ ਇਹ ਸੰਸਥਾ ਵਿਦਿਅਕ ਗਤੀਵਿਧੀ ਵਿੱਚ ਮੋਹਰੀ ਰਹਿੰਦੀ ਹੈ, ਉਥੇ ਇਸ ਸੰਸਥਾ ਨੇ ਵਿਦਿਆਰਥੀਆਂ ਦੇ ਵਿਕਾਸ ਲਈ ਵਿਦਿਅਕ ਮਾਹੌਲ ਤੋਂ ਬਾਹਰ ਨਿਕਲ ਕੇ ਮੌਜ ਮਸਤੀ ਦਾ ਇੱਕ ਵਿਲੱਖਣ ਉਪਰਾਲਾ ਕੀਤਾ। ਇਸ ਉਪਰਾਲੇ ਸਦਕਾ ਸਕੂਲ ਵਿੱਚ ਇੱਕ ਫਨ ਮੇਲਾ ਲਾਇਆ ਗਿਆ, ਜਿਸ ਸਕੂਲ ਦੇ ਨਰਸਰੀ ਕਲਾਸ ਤੋਂ ਲੈ ਕੇ ਸੈਕਿੰਡ ਕਲਾਸ ਤੱਕ ਦੇ ਬੱਚਿਆਂ ਨੇ ਹਿਸਾ ਲਿਆ। ਇਸ ਮੇਲੇ ਵਿੱਚ ਬੱਚਿਆਂ ਦੇ ਮਨੋਰੰਜਨ ਲਈ ਅਲੱਗ-ਅਲੱਗ ਤਰ੍ਹਾਂ ਦੇ ਝੂਲੇ ਲਾਏ ਗਏ।

ਮੇਲੇ ਦੀ ਸ਼ੁਰੂਆਤ ਚੇਅਰਮੈਨ ਸਤੀਸ਼ ਕਾਲੜਾ ਤੇ ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਦੁਬਾਰਾ ਰੀਬਨ ਕੱਟਣ ਤੋਂ ਬਾਅਦ ਕੀਤੀ ਗਈ। ਮੇਲੇ ਦਾ ਆਨੰਦ ਮਾਣਦੇ ਹੋਏ ਬੱਚਿਆਂ ਦੀ ਖੁਸ਼ੀ ਉਤਸ਼ਾਹ ਦੇਖਣ ਵਾਲਾ ਸੀ। ਮੇਲੇ ਵਿੱਚ ਜੰਪਿਗ ਮਿੱਕੀ ਮਾਊਸ, ਟਰੇਨ, ਕਮਾਂਡੋ ਨੈਟ, ਵਰਮਾ ਬ੍ਰੀਜ, ਗਲੋਬਲ, ਨੈਟ ਟਰਨਲ, ਫਿਸ਼ ਰਾਈਡਸ, ਵਾਟਰ ਪੂਲ ਬੋਟਿੰਗ ਝੋਲਿਆਂ ਦੇ ਨਾਲ ਵੱਖ-ਵੱਖ ਸੰਗੀਤਕ ਧੁੰਨਾਂ 'ਤੇ ਬੱਚਿਆਂ ਨੇ ਡਾਂਸ ਦਾ ਵੀ ਆਨੰਦ ਮਾਣਿਆ ਰੰਗ ਬਰੰਗੀਆਂ ਪੁਸ਼ਾਕਾਂ ਵਿੱਚ ਸਜੇ ਵਿਦਿਆਰਥੀ ਮੇਲੇ ਦੇ ਦ੍ਰਿਸ਼ ਨੂੰ ਹੋਰ ਵੀ ਮਨੋਰੰਜਕ ਬਣਾ ਰਹੇ ਸਨ। ਛੋਟੇ ਬੱਚਿਆਂ ਦੀ ਮਸਤੀ ਦੇਖ ਕੇ ਸਕੂਲ ਮਾਹੌਲ ਬਹੁਤ ਹੀ ਅਤੇ ਰੌਣਕ ਮੇਲੇ ਵਾਲਾ ਬਣ ਗਿਆ। ਇਸ ਮੌਕੇ ਪੂਰੇ ਸਕੂਲ ਦਾ ਦ੍ਰਿਸ਼ ਵੰਡਰਲੈਂਡ ਤੋਂ ਘੱਟ ਨਹੀਂ ਲੱਗ ਰਿਹਾ ਸੀ। ਬੱਚਿਆਂ ਨੂੰ ਮੇਲੇ ਦੌਰਾਨ ਸਕੂਲ ਵੱਲੋਂ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਸਕੂਲ ਦੇ ਚੇਅਰਮੈਨ ਸਤੀਸ਼ ਕਾਲੜਾ ਤੇ ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਕਿਹਾ ਕਿ ਅਸੀਂ ਬੱਚਿਆਂ ਦੇ ਹਰ ਪੱਖ ਦੇ ਵਿਕਾਸ ਲਈ ਹਮੇਸ਼ਾ ਯਤਨ ਕਰਦੇ ਰਹਿੰਦੇ ਹਾਂ ਇਹ ਵੀ ਸਾਡੀ ਇੱਕ ਅਜਿਹੀ ਕੋਸ਼ਿਸ਼ ਸੀ, ਜਿਸ ਸਦਕਾ ਅਸੀਂ ਬੱਚਾ ਦੇ ਮਨੋਰੰਜਨ ਦਾ ਪ੍ਰਬੰਧ ਸਕੂਲ ਵਿੱਚ ਹੀ ਕਰ ਦਿੱਤਾ। ਬੱਚਿਆਂ ਨੂੰ ਇਸ ਮੇਲੇ ਦਾ ਆਨੰਦ ਮਾਣਦੇ ਦੇਖ ਕੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਮਨੋਰੰਜਕ ਸਾਧਨਾ ਦਾ ਪ੍ਰਬੰਧ ਕਰਨਾ ਵੀ ਸਾਡੀ ਇੱਕ ਵੱਡੀ ਜ਼ਿੰਮੇਵਾਰੀ ਬਣਦੀ ਹੈ।

## ਮਹਾਂਕਾਲ ਸਵਰਗ ਧਾਮ ਸੇਵਾ ਸੁਸਾਇਟੀ ਦੇ ਮੈਂਬਰਾਂ ਨੇ ਮਾਸਕ ਵੰਡੇ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**
ਵਧਦੇ ਪ੍ਰਦੂਸ਼ਣ ਕਾਰਨ ਜਿੱਥੇ ਹਵਾ ਗੰਧਲੀ ਤੇ ਜ਼ਹਿਰੀਲੀ ਹੋਈ ਪਈ ਹੈ, ਇਸ ਨੂੰ ਵੇਖਦੇ ਹੋਏ ਮਹਾਕਾਲ ਸਵਰਗ ਧਾਮ ਸੇਵਾ ਸੁਸਾਇਟੀ ਦੇ ਮੈਂਬਰਾਂ ਨੇ ਸਵੇਰੇ ਸਵੇਰੇ ਇਕੱਤਰ ਹੋ ਕੇ ਆਮ ਲੋਕਾਂ ਨੂੰ ਕਿਲਾ ਮੁਬਾਰਕ ਚੌਂਕ ਵਿਖੇ ਮਾਸਕ ਵੰਡ ਕੇ ਜਾਗਰੂਕ ਕੀਤਾ। ਪ੍ਰਧਾਨ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਨੇ ਦੱਸਿਆ ਕਿ ਜਦ ਤੱਕ ਮੌਸਮ ਇਸ ਤਰ੍ਹਾਂ ਵਿਗੜਿਆ ਹੋਇਆ ਹੈ, ਸਾਨੂੰ ਆਪਣੇ ਨੱਕ ਤੇ ਮੂੰਹ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ ਤਾਂ ਜੁ ਪ੍ਰਦੂਸ਼ਿਤ ਹਵਾ ਸਾਡੇ ਅੰਦਰ ਜਾ ਕੇ ਬਿਮਾਰੀਆਂ ਦਾ ਕਾਰਨ ਨਾ ਬਣ ਸਕੇ।ਉਨ੍ਹਾਂ ਆਮ ਲੋਕਾਂ ਨੂੰ ਵਾਤਾਵਰਣ ਦੀ ਸ਼ੁੱਧਤਾ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ ਦੇ ਪ੍ਰਧਾਨ ਡਾਕਟਰ ਬਲਜੀਤ ਕੁਮਾਰ ਸ਼ਰਮਾ ਗੋਲੇਵਾਲਾ ਨੇ ਲੋਕਾਂ ਨੂੰ ਪ੍ਰਦੂਸ਼ਣ ਤੋਂ ਬਚਣ ਤੇ ਪ੍ਰਦੂਸ਼ਣ ਨੂੰ ਰੋਕਣ ਦੇ ਉਪਾਅ ਵੀ ਦੱਸੇ ਅਤੇ ਸੁਸਾਇਟੀ ਦੇ ਨਿਯਮਾਂ ਅਨੁਸਾਰ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਵੱਧ ਤੋਂ ਵੱਧ ਹਰੇ ਭਰੇ ਰੁੱਖ ਪੌਦੇ ਲਾਉਣ ਦਾ ਵੀ ਸੰਦੇਸ਼ ਦਿੱਤਾ।

## ਵਿਅਕਤੀ ਨੂੰ ਸੱਟਾਂ ਮਾਰਨ ਵਾਲੇ ਤਿੰਨ ਨਾਮਜ਼ਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਕੈਂਟ 'ਚ ਇੱਕ ਵਿਅਕਤੀ ਨੂੰ ਕਾਪਾ ਮਾਰ ਕੇ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਥਾਣਾ ਕੈਂਟ ਫ਼ਿਰੋਜ਼ਪੁਰ ਦੀ ਪੁਲਸ ਨੇ ਤਿੰਨ ਵਿਅਕਤੀਆਂ ਖ਼ਿਲਾਫ਼ 118 (1), 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ।ਸ਼ਿਕਾਇਤਕਰਤਾ ਦਵਿੰਦਰ, ਵਾਸੀ ਇੰਦਰਾ ਕਲੋਨੀ ਨੇ ਦੱਸਿਆ ਕਿ ਉਹ ਮਿਹਨਤ ਮਜ਼ਦੂਰੀ ਕਰਦਾ ਹੈ ਤੇ 4 ਨਵੰਬਰ ਨੂੰ ਉਹ ਆਪਣੇ ਘਰ ਦੇ ਬਾਹਰ ਖੜਾ ਸੀ।ਇਸ ਦੌਰਾਨ ਪੁਨੀਤ ਉਰਫ ਨੰਨੂ, ਜਿਸ ਕੋਲ ਕਾਪਾ ਸੀ, ਅਦਿੱਤਿਆ ਉਰਫ ਐਰਿਸ ਤੇ ਕ੍ਰਿਸ ਪੁੱਤਰ ਕਾਲਾ ਨੇ ਉਸ ਉਤੇ ਹਮਲਾ ਕਰ ਦਿੱਤਾ।ਦਵਿੰਦਰ ਦੇ ਬਿਆਨ ਮੁਤਾਬਕ ਅਦਿੱਤਿਆ ਨੇ ਲਲਕਾਰਾ ਮਾਰ ਕੇ ਕਿਹਾ ਕਿ ਅੱਜ ਇਸ ਨੂੰ ਨੰਨੂ ਨਾਲ ਝਗੜੇ ਦਾ ਅਸਲ ਪਤਾ ਦੱਸ ਦੇਵਾਂਗੇ, ਜਿਸ ਤੋਂ ਬਾਅਦ ਪੁਨੀਤ ਨੇ ਕਾਪੇ ਨਾਲ ਉਸ ਦੇ ਸਿਰ ਦੇ ਖੱਬੇ ਪਾਸੇ ਵਾਰ ਕੀਤਾ।ਕ੍ਰਿਸ ਨੇ ਵੀ ਉਸ ਦੀ ਕੁੱਟਮਾਰ ਕੀਤੀ।ਜ਼ਖ਼ਮੀ ਦਵਿੰਦਰ ਨੇ ਦੱਸਿਆ ਕਿ ਇਨ੍ਹਾਂ ਨਾਲ ਰੰਜ਼ਿਸ਼ ਦਾ ਕਾਰਨ ਇਹ ਹੈ ਕਿ ਉਹ ਮੁਹੱਲੇ ਦਾ ਮਾਹੌਲ ਖਰਾਬ ਕਰਦੇ ਹਨ, ਜਿਸ ਨੂੰ ਉਸ ਨੇ ਕਈ ਵਾਰ ਰੋਕਣ ਦੀ ਕੋਸ਼ਿਸ਼ ਕੀਤੀ ਸੀ।ਦਵਿੰਦਰ ਦਾ ਇਲਾਜ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿੱਚ ਚੱਲ ਰਿਹਾ ਹੈ। ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਤਿੰਨਾਂ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਸਕੂਲੀ ਬੱਚਿਆਂ ਨੂੰ ਦੋ ਰੋਜ਼ਾ ਵਿੱਦਿਅਕ ਯਾਤਰਾ ਕਰਾਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**
ਸਿਲਵਰ ਓਕਸ ਸਕੂਲ ਰਾਮਪੁਰਾ ਰੋਡ, ਬਠਿੰਡਾ ਵੱਲੋਂ ਵਿਦਿਆਰਥੀਆਂ ਲਈ ਦੋ ਦਿਨਾਂ ਦਾ ਵਿਸ਼ੇਸ਼ ਵਿੱਦਿਅਕ ਯਾਤਰਾ ਦਾ ਪ੍ਰਬੰਧ ਕੀਤਾ ਗਿਆ।ਇਸ ਸਕੂਲੀ ਯਾਤਰਾ ਦੇ ਪ੍ਰਮੁੱਖ ਸਥਾਨ ਮੈਪਲ ਜੰਗਲ ਕੈਂਪ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਵਿਰਾਸਤ-ਏ-ਖਾਲਸਾ, ਸ੍ਰੀ ਅਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਮੰਦਰ ਸਨ।ਯਾਤਰਾ ਦੀ ਸ਼ੁਰੂਆਤ ਮੈਪਲ ਜੰਗਲ ਕੈਂਪ ਤੋਂ ਹੋਈ, ਜੋ ਹਰ ਉਮਰ ਤੇ ਹੁਨਰ ਦੇ ਪੱਧਰਾਂ ਦੇ ਲਈ ਰੋਮਾਂਚਕ ਅਤੇ ਸੁਰੱਖਿਅਤ ਗਤੀਵਿਧੀਆਂ ਦੀ ਪੇਸ਼ਕਸ਼ ਕਰਦਾ ਹੈ।ਇਸ ਦੌਰੇ ਵਿੱਚ ਰੋਮਾਂਚਕ ਸਵਾਰੀਆਂ ਤੇ ਟੀਮ-ਬਿਲਡਿੰਗ ਗਤੀਵਿਧੀਆਂ ਜਿਵੇਂ ਕਿ ਰੋਪ ਕੋਰਸ, ਜ਼ਿਪ-ਲਾਈਨਿੰਗ, ਟ੍ਰੈਕਿੰਗ, ਅਤੇ ਕੰਧ ਚੜ੍ਹਨਾ ਸ਼ਾਮਲ ਸਨ, ਜਿਸਦਾ ਉਦੇਸ਼ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ ਅਤੇ ਟੀਮ ਵਰਕ ਨੂੰ ਉਤਸ਼ਾਹਤ ਕਰਨਾ ਹੈ।ਵਿਦਿਆਰਥੀਆਂ ਲਈ ਸਵਾਦਿਸ਼ਟ ਭੋਜਨ ਪਰੋਸਿਆ ਗਿਆ, ਜਿਸ ਨਾਲ ਉਨ੍ਹਾਂ ਨੇ ਆਲੇ-ਦੁਆਲੇ ਦੇ ਮਾਹੌਲ ਦਾ ਆਨੰਦ ਮਾਣਿਆ।ਰਾਤ ਨੂੰ ਵਿਦਿਆਰਥੀਆਂ ਨੇ ਬੋਨਫਾਇਰ ਤੇ ਸੰਗੀਤ ਦਾ ਆਨੰਦ ਮਾਣਿਆ।ਪਵਿੱਤਰ ਧਾਰਮਿਕ ਸਥਾਨ ਦੇ ਦਰਸ਼ਨ ਕਰਦੇ ਹੋਏ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਅਤੇ ਅਧਿਆਪਕਾਂ ਦੇ ਨਾਲ 'ਵਿਰਾਸਤ-ਏ-ਖਾਲਸਾ' ਦੇਖਣ ਲਈ ਲਿਜਾਇਆ ਗਿਆ।ਸਕੂਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਅਤੇ ਨਾਲ ਗਏ ਅਧਿਆਪਕਾਂ ਵੱਲੋਂ ਇਸ ਅਜਾਇਬ ਘਰ ਦੇ ਪਿਛੋਕੜ ਬਾਰੇ ਦੱਸਿਆ ਗਿਆ ਕਿ ਕਿਸ ਤਰ੍ਹਾਂ ਇਹ ਅਜਾਇਬ ਘਰ ਪੰਜ ਸੌ ਸਾਲ ਪਹਿਲਾਂ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਦੀ ਜਾਣਕਾਰੀ ਦਿੰਦਾ ਹੈ।ਸ੍ਰੀ ਨੈਣਾ ਦੇਵੀ ਦੇ ਦਰਸ਼ਨ ਕਰਨ ਲਈ ਜਾਇਆ ਗਿਆ।ਹਿੰਦੂ ਧਰਮ ਦੇ ਪ੍ਰਸਿੱਧ ਸ਼ਕਤੀਪੀਠ, ਨੈਣਾ ਦੇਵੀ ਮੰਦਰ, ਜੋ ਨੈਨੀਤਾਲ ਵਿੱਚ ਮਹਾਨ ਸ਼ਰਧਾ ਦਾ ਪਵਿੱਤਰ ਸਥਾਨ ਹੈ। ਇਸ ਪਵਿੱਤਰ ਮੰਦਿਰ ਵਿੱਚ ਦੇਵੀ ਨੂੰ ਆਪਣੀਆਂ ਦੋ ਅੱਖਾਂ ਦੁਆਰਾ ਦਰਸਾਇਆ ਗਿਆ ਹੈ।ਸਕੂਲ ਵੱਲੋਂ ਵਿਦਿਆਰਥੀਆਂ ਲਈ ਵੱਖ-ਵੱਖ ਥਾਵਾਂ 'ਤੇ ਰੁਕਦੇ ਹੋਏ ਖਾਣ-ਪੀਣ ਦਾ ਪ੍ਰਬੰਧ ਵੀ ਕੀਤਾ ਗਿਆ।

## ਨਹਿਰਾਂ, ਸੂਇਆਂ ਤੇ ਸੜਕਾਂ ਨਾਲ ਲੱਗਦੀਆਂ ਜ਼ਮੀਨਾਂ ਨੂੰ ਆਪਣੀ ਜ਼ਮੀਨ 'ਚ ਮਿਲਾਉਣ 'ਤੇ ਪਾਬੰਦੀ

**ਸੰਗਰੂਰ (ਪ੍ਰਵੀਨ ਸਿੰਘ)**-ਵਧੀਕ ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਅਮਿਤ ਬੈਂਬੀ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ (ਬੀ.ਐਨ.ਐਸ.ਐਸ.) 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸੰਗਰੂਰ ਦੇ ਖੇਤਰ ਵਿੱਚ ਪੈਂਦੇ ਪਿੰਡਾਂ ਦੀਆਂ ਲਿੰਕ ਸੜਕਾਂ ਤੇ ਨਹਿਰਾਂ, ਸੂਇਆਂ ਅਤੇ ਘੱਗਰ ਦਰਿਆ ਦੇ ਨਾਲ ਲਗਦੀਆਂ ਜ਼ਮੀਨਾਂ ਦੇ ਮਾਲਕਾਂ ਵੱਲੋਂ ਨਹਿਰਾਂ, ਸੂਇਆਂ ਤੇ ਸੜਕਾਂ ਦੇ ਨਾਲ ਲਗਦੀ ਜ਼ਮੀਨ ਨੂੰ ਆਪਣੀ ਜ਼ਮੀਨ ਵਿੱਚ ਮਿਲਾਉਣ ਤੇ ਨਹਿਰਾਂ ਤੇ ਸੂਇਆਂ ਵਿੱਚੋਂ ਵੀ ਮਿੱਟੀ ਦੀ ਨਜਾਇਜ਼ ਖੁਦਾਈ ਕਰਨ 'ਤੇ ਮੁਕੰਮਲ ਪਾਬੰਦੀ ਸਬੰਧੀ ਹੁਕਮ ਜਾਰੀ ਕੀਤੇ ਹਨ।ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਸੰਗਰੂਰ ਵਿੱਚ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਨਹਿਰਾਂ, ਸੂਇਆਂ, ਘੱਗਰ ਦਰਿਆ ਦੇ ਨਾਲ ਲਗਦੀਆਂ ਜ਼ਮੀਨਾਂ ਦੇ ਮਾਲਕ ਜ਼ਮੀਨਾਂ ਨੂੰ ਕੱਟ ਕੇ ਆਪਣੀ ਜ਼ਮੀਨ ਨਾਲ ਮਿਲਾਉਂਦੇ ਹਨ। ਇਸ ਤੋਂ ਇਲਾਵਾ ਕਈ ਵਾਰ ਨਹਿਰਾਂ, ਸੂਇਆਂ 'ਚੋਂ ਨਜਾਇਜ਼ ਮਿੱਟੀ ਦੀ ਖੁਦਾਈ ਵੀ ਕਰਦੇ ਹਨ, ਜਿਸ ਦੇ ਸਿੱਟੇ ਵਜੋਂ ਨਹਿਰਾਂ, ਸੂਇਆਂ ਦੇ ਬਰਮ ਕੱਟੇ ਹੋਣ ਕਰਕੇ ਇਕੋ ਸਮੇਂ ਦੋ ਗੱਡੀਆਂ ਦਾ ਲੰਘਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਕਈ ਵਾਰ ਆਉਂਦੇ-ਜਾਂਦੇ ਲੋਕਾਂ ਅਤੇ ਵਾਹਨ ਚਾਲਕਾਂ ਨੂੰ ਦੁਰਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਮਨੁੱਖੀ ਜਾਨਾਂ ਨੂੰ ਖਤਰਾ ਪੈਦਾ ਹੋ ਜਾਂਦਾ ਹੈ।ਇਸ ਲਈ ਮਨੁੱਖੀ ਜਾਨਾਂ ਨੂੰ ਖਤਰੇ ਤੋਂ ਬਚਾਉਣ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਤੇ ਨਹਿਰਾਂ ਤੇ ਸੂਇਆਂ ਦੇ ਨਾਲ ਲੱਗਦੀਆਂ ਜ਼ਮੀਨਾਂ ਦੇ ਮਾਲਕ ਨਹਿਰਾਂ, ਸੂਇਆਂ ਅਤੇ ਸੜਕਾਂ ਦੇ ਨਾਲ ਲੱਗਦੀ ਜ਼ਮੀਨ ਨੂੰ ਕੱਟ ਕੇ ਆਪਣੀ ਜ਼ਮੀਨ ਨਾਲ ਮਿਲਾਉਣ ਤੇ ਨਹਿਰਾਂ ਵਿੱਚੋਂ ਨਜਾਇਜ਼ ਮਿੱਟੀ ਦੀ ਖੁਦਾਈ ਕਰਨ ਤੋਂ ਰੋਕਿਆ ਜਾਵੇ।ਇਹ ਹੁਕਮ 26 ਦਸੰਬਰ ਤੱਕ ਲਾਗੂ ਰਹਿਣਗੇ।

## ਭਗਤੀ ਭਾਵ ਨਾਲ ਪੂਰੀਆਂ ਹੋਈਆਂ 77ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਟਿਆਲਾ ਦੇ ਜ਼ੋਨਲ ਇੰਚਾਰਜ ਸ੍ਰੀ ਰਾਧੇ ਸ਼ਾਮ ਤੇ ਖੇਤਰੀ ਸੰਚਾਲਕ ਮਨਮੋਹਨ ਸਿੰਘ ਨੇ ਦੱਸਿਆ ਕਿ ਸੱਭਿਆਚਾਰਕ ਤੇ ਅਧਿਆਤਮਕ ਅਨੰਦ ਦਾ ਬ੍ਰਹਮ ਸਰੂਪ-77ਵੇਂ ਸਾਲਾਨਾ ਵਿਸ਼ਾਲ ਨਿਰੰਕਾਰੀ ਸੰਤ ਸਮਾਗਮ ਦਾ ਵਿਸ਼ਾਲ ਆਯੋਜਨ ਨਿਰੰਕਾਰੀ ਅਧਿਆਤਮਕ ਸਥਾਨ, ਸਮਾਲਖਾ (ਹਰਿਆਣਾ) ਵਿਖੇ 16 ਤੋਂ 18 ਨਵੰਬਰ ਤੱਕ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਸਤਿਕਾਰਯੋਗ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਪਵਿੱਤਰ ਸਰਪ੍ਰਸਤੀ ਹੇਠ ਹੋਣ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਅੰਤਮ ਪੜਾਅ 'ਤੇ ਹਨ।ਨਿਰਸੰਦੇਹ ਇਸ ਇਲਾਹੀ ਸੰਤ ਸਮਾਗਮ ਵਿੱਚ ਸਾਰੇ ਸੰਤਾਂ ਨੂੰ ਹਰ ਸਾਲ ਦੀ ਤਰ੍ਹਾਂ ਗਿਆਨ, ਪ੍ਰੇਮ ਅਤੇ ਸ਼ਰਧਾ ਦਾ ਅਨੋਖਾ ਸੰਗਮ ਦੇਖਣ ਨੂੰ ਮਿਲੇਗਾ।

ਇਸ ਸ਼ੁਭ ਮੌਕੇ ਦੀਆਂ ਤਿਆਰੀਆਂ ਸ਼ਰਧਾਲੂ ਸੰਗਤਾਂ ਵੱਲੋਂ ਪੂਰੀ ਤਨਦੇਹੀ ਅਤੇ ਚੌਕਸੀ ਨਾਲ ਕੀਤੀਆਂ ਜਾ ਰਹੀਆਂ ਹਨ।ਸਮਾਗਮ ਵਾਲੀ ਥਾਂ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਹੈ, ਜਿਸ ਵਿੱਚ ਵਿਸ਼ਾਲ ਪੰਡਾਲਾਂ ਵਿੱਚ ਸਮੂਹ ਸੰਗਤਾਂ ਦੇ ਬੈਠਣ ਦੇ ਯੋਗ ਪ੍ਰਬੰਧ ਕੀਤੇ ਗਏ ਹਨ।ਸ਼ਰਧਾਲੂਆਂ ਦੀ ਸਹੂਲਤ ਲਈ ਸਮੁੱਚੇ ਇਕੱਠ ਵਾਲੇ ਇਲਾਕੇ ਵਿਚ ਕਈ ਐਲ.ਐਲ. ਈਡੀ ਸਕਰੀਨਾਂ ਲਗਾਈਆਂ ਜਾ ਰਹੀਆਂ ਹਨ ਤਾਂ ਜੁ ਸਟੇਜ 'ਤੇ ਹੋਣ ਵਾਲੇ ਪ੍ਰੋਗਰਾਮ ਨੂੰ ਮੌਜੂਦ ਹਜ਼ਾਰਾਂ ਦਰਸ਼ਕ ਸਾਫ਼ ਦੇਖ ਸਕਣ।

ਸਮਾਗਮ ਰੂਪ-ਰੇਖਾ ਤਹਿਤ ਹਰ ਸਾਲ ਬਣਾਏ ਜਾਣ ਵਾਲੇ ਵਿਸ਼ਾਲ ਗੇਟ ਦੀ ਬਣਤਰ ਮੁੰਬਈ ਦੀ ਗੋਪੀ ਐਂਡ ਪਾਰਟੀ ਟੀਮ ਵੱਲੋਂ ਨਿਭਾਈ ਜਾਂਦੀ ਹੈ, ਜੋ ਆਪਣੀ ਕਲਾ ਅਤੇ ਸ਼ਰਧਾ ਨੂੰ ਜੀਵੰਤ ਰੂਪ ਵਿੱਚ ਪ੍ਰਦਰਸ਼ਤ ਕਰਦੀ ਹੈ। ਇਸ ਆਕਰਸ਼ਕ ਸਰੂਪ ਨੂੰ ਦੇਖ ਕੇ ਹਜ਼ਾਰਾਂ ਸ਼ਰਧਾਲੂਆਂ ਨੇ ਖੁਸ਼ੀ ਮਹਿਸੂਸ ਕਰਦੇ ਹਨ।

ਨਿਰੰਕਾਰੀ ਮਿਸ਼ਨ ਦੇ ਸਕੱਤਰ ਸ੍ਰੀ ਜੋਗਿੰਦਰ ਸੁਖੀਜਾ ਨੇ ਦੱਸਿਆ ਕਿ ਸਮਾਗਮ ਦੇ ਸਾਰੇ ਪ੍ਰਬੰਧ ਸਤਿਗੁਰੂ ਦੀ ਕ੍ਰਿਪਾ ਨਾਲ ਕਰਾਏ ਜਾ ਰਹੇ ਹਨ ਕਿਉਂਕਿ ਸਤਿਗੁਰੂ ਮਾਤਾ ਜੀ ਹਮੇਸ਼ਾ ਚਾਹੁੰਦੇ ਹਨ ਕਿ ਸੰਤ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਹਰ ਸ਼ਰਧਾਲੂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ ਅਸੁਵਿਧਾ ਬਿਨਾਂ ਸ਼ੱਕ, ਇਹ ਸਤਿਗੁਰੂ ਦੇ ਇਲਾਹੀ ਉਪਦੇਸ਼ ਦਾ ਹੀ ਸੁੰਦਰ ਨਤੀਜਾ ਹੈ ਕਿ ਇਸ ਪਵਿੱਤਰ ਸੰਤ ਸਮਾਗਮ ਵਿੱਚ ਹਰ ਪਾਸੇ ਪਿਆਰ, ਸਦਭਾਵਨਾ ਅਤੇ ਏਕਤਾ ਦਾ ਇਲਾਹੀ ਸੰਦੇਸ਼ ਹੀ ਪ੍ਰਗਟ ਹੋ ਰਿਹਾ ਹੈ।

## ਗੋਪੀ ਸ਼ਰਮਾ ਤੇ ਬਲਜੀਤ ਸਿੰਘ ਨੇ ਬੈਨਰ ਫੜ ਕੇ ਕੂੜੇ ਦੀ ਸਮੱਸਿਆ ਦੇ ਹੱਲ ਲਈ ਪ੍ਰਦਰਸ਼ਨ ਕੀਤਾ




**ਜਗਰਾਉ (ਅਮਿਤ ਖੰਨਾ)**-ਸ਼ਹਿਰ ਵਾਸੀ ਜਗ੍ਹਾ-ਜਗ੍ਹਾ 'ਤੇ ਲੱਗੇ ਕੂੜੇ ਦੇ ਢੇਰਾਂ ਨਾਲ ਜੂਝ ਰਹੇ ਹਨ, ਜਿਸ ਦਾ ਨਗਰ ਕੌਂਸਲ ਵੱਲੋਂ ਕੋਈ ਢੁੱਕਵਾਂ ਹੱਲ ਨਹੀਂ ਹੋ ਸਕਿਆ, ਜਿਸ ਕਰਕੇ ਇਹ ਸਮੱਸਿਆ ਨਾਲ ਲੋਕਾਂ ਦੇ ਨਾਲ-ਨਾਲ ਸਫਾਈ ਸੇਵਕਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਜਗਰਾਉਂ ਵਿੱਚ ਕੂੜਾ ਸੁੱਟਣ ਦੀ ਸਥਾਈ ਜਗ੍ਹਾ ਨਾ ਹੋਣ ਕਰਕੇ ਪਿਛਲੇ ਕਈ ਦਿਨਾਂ ਤੋਂ ਸਫਾਈ ਸੇਵਕ ਵੀ ਹੜਤਾਲ ਤੇ ਬੈਠੇ ਹਨ, ਜਿਸ ਦੇ ਚਲਦੇ ਪੂਰਾ ਸ਼ਹਿਰ ਕੂੜੇ 'ਚ ਤਬਦੀਲ ਹੋ ਗਿਆ ਹੈ।

ਨਗਰ ਕੌਂਸਲ ਵਿਖੇ ਹਾਊਸ ਦੀ ਮੀਟਿੰਗ ਰੱਖੀ ਗਈ ਸੀ ਤੇ ਮੀਟਿੰਗ ਹਾਲ ਦੇ ਗੇਟ ਦੇ ਸਾਹਮਣੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੋਪੀ ਸ਼ਰਮਾ ਅਤੇ ਆਪ ਵਲੰਟੀਅਰ ਬਲਜੀਤ ਸਿੰਘ ਨੇ ਇੱਕ ਬੈਨਰ ਫੜ ਕੇ ਕੂੜੇ ਦੀ ਸਮੱਸਿਆ ਦੇ ਹੱਲ ਲਈ ਪ੍ਰਦਰਸ਼ਨ ਕੀਤਾ।ਗੋਪੀ ਸ਼ਰਮਾ ਵੱਲੋਂ ਫੜੇ ਗਏ ਬੈਨਰ ਤੇ ਜਗਰਾਉਂ ਨੂੰ ਗੰਦੀ ਸਿਆਸਤ ਦੀ ਬਲੀ ਨਾ ਚੜਾਓ, ਰੌਸ਼ਨੀ ਦੇ ਸ਼ਹਿਰ ਨੂੰ ਗੰਦਗੀ ਦਾ ਸ਼ਹਿਰ ਬਣਾ ਕੇ ਜਗਰਾਉਂ ਦਾ ਨਾਂਅ ਰੌਸ਼ਨ ਨਾ ਕਰੋ, ਲਿਖਿਆ ਹੋਇਆ ਸੀ।ਜਦੋਂ ਪੱਤਰਕਾਰਾਂ ਵੱਲੋਂ ਗੋਪੀ ਸ਼ਰਮਾ ਨੂੰ ਪੁੱਛਿਆ ਗਿਆ ਕਿ ਪੰਜਾਬ ਵਿੱਚ ਤਾਂ ਤੁਹਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਤਾਂ ਫਿਰ ਤੁਸੀਂ ਪ੍ਰਦਰਸ਼ਨ ਕਿਉਂ ਕਰ ਰਹੇ ਹੋ ਤਾਂ ਉਨ੍ਹਾਂ ਕਿਹਾ ਕਿ ਮੈਂ ਇਸ ਸਮੇਂ ਕਿਸੇ ਸਰਕਾਰ ਦੇ ਨੁਮਾਇੰਦੇ ਵੱਲੋਂ ਪ੍ਰਦਰਸ਼ਨ ਨਹੀਂ ਕਰ ਰਿਹਾ, ਮੈਂ ਸਿਰਫ ਇੱਕ ਸ਼ਹਿਰ ਵਾਸੀ ਹੋਣ ਦੇ ਨਾਤੇ ਸ਼ਹਿਰ ਦੀ ਭਲਾਈ ਲਈ ਤੇ ਕੂੜੇ ਦੇ ਢੁੱਕਵੇਂ ਹੱਲ ਲਈ ਪ੍ਰਦਰਸ਼ਨ ਕਰ ਰਿਹਾ ਹਾਂ।

## ਸ੍ਰੀਮਦ ਭਾਗਵਤ ਕਥਾ ਦੀ ਸ਼ੁਰੂਆਤ ਮੌਕੇ ਪਹੁੰਚੇ ਹਨੀ ਫੱਤਣਵਾਲਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੁਰਾਣੀ ਦਾਣਾ ਮੰਡੀ ਵਿਖੇ ਸਥਿਤ ਸ੍ਰੀ ਰਘੂਨਾਥ ਮੰਦਰ 'ਚ ਸ਼ੁਰੂ ਕਰਾਈ ਗਈ ਸ੍ਰੀਮਦ ਭਾਗਵਤ ਕਥਾ ਦੌਰਾਨ ਸ੍ਰੀਮੱਦ ਭਾਗਵਤ ਕਥਾ ਸੁਸਾਇਟੀ ਦੇ ਸੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਰਨਲ ਸਕੱਤਰ ਤੇ ਮਾਰਕਿਟ ਕਮੇਟੀ ਦੀ ਸਾਬਕਾ ਚੇਅਰਮੈਨ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਕਰਤ ਕੀਤੀ, ਜਿਨ੍ਹਾਂ ਜੋਤੀ ਜਗਾਉਣ ਦੀ ਰਸਮ ਨਿਭਾਈ।ਸ੍ਰੀਮਦ ਭਾਗਵਤ ਕਥਾ ਦੀ ਸ਼ੁਰੂਆਤ ਸਮੇਂ ਕਥਾਵਾਚਕ ਸੀਤਾ ਰਾਮ ਮਥੁਰਾ ਵਾਲੇ ਵੱਲੋਂ ਪੁੱਜੀ ਹੋਈ ਸੰਗਤਾਂ ਨੂੰ ਕਥਾ ਸੁਣਾ ਕੇ ਨਿਹਾਲ ਕੀਤਾ ਤੇ ਇਸੇ ਦੌਰਾਨ ਮੂਲ ਪਾਠ ਪੰਡਿਤ ਅਤੁਲ ਸ਼ੁਕਲਾ ਵੱਲੋਂ ਕੀਤਾ ਗਿਆ।

ਹਨੀ ਫੱਤਣਵਾਲਾ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਉਦਮਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਸਾਨੂੰ ਸਮੇਂ-ਸਮੇਂ 'ਤੇ ਅਜਿਹੇ ਧਾਰਮਿਕ ਪ੍ਰੋਗਰਾਮ ਕਰਾਉਂਦੇ ਰਹਿਣਾ ਚਾਹੀਦਾ ਹੈ, ਇਸ ਨਾਲ ਜਿਥੇ ਸਾਡੀ ਭਾਈਚਾਰਕ ਸਾਂਝ ਕਾਇਮ ਰਹਿੰਦੀ ਹੈ, ਉਥੇ ਹੀ ਸਾਡੀ ਨਵੀਂ ਪੀੜ੍ਹੀ ਨੂੰ ਸਾਡੇ ਪੁਰਾਤਨ ਵਿਰਸੇ ਬਾਰੇ ਪਤਾ ਲੱਗਦਾ ਰਹਿੰਦਾ ਹੈ।

## ਪੰਜਾਬ ਗੌਰਮਿੰਟ ਐਸੋਸੀਏਸ਼ਨ ਦੀ ਹੋਈ ਮਹੀਨਾਵਾਰ ਮੀਟਿੰਗ



**ਨਿਹਾਲ ਸਿੰਘ ਵਾਲਾ (ਨਵਾਂ ਜ਼ਮਾਨਾ ਸਰਵਿਸ)**
ਗੌਰਮਿੰਟ ਪੈਨਸ਼ਨਰਜ ਐਸੋਸੀਏਸ਼ਨ ਨਿਹਾਲ ਸਿੰਘ ਵਾਲਾ ਦੀ ਮੀਟਿੰਗ ਸੀ ਪੀ ਆਈ ਦਫਤਰ ਨਿਹਾਲ ਸਿੰਘ ਵਾਲਾ ਵਿਖੇ ਬਿੱਕਰ ਸਿੰਘ ਮਾਛੀਕੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿਛੜੇ ਸਾਥੀ ਪਲਵਿੰਦਰ ਸਿੰਘ ਲੋਪੋ ਨਿਰੰਜਨ ਸਿੰਘ ਦਾਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਤੋਂ ਇਲਾਵਾ ਸਟੇਟ ਪ੍ਰਧਾਨ ਭਜਨ ਸਿੰਘ ਗਿੱਲ ਵੱਲੋਂ ਪਿਛਲੇ ਮਹੀਨੇ ਦੀਆਂ ਗਤੀਵਿਧੀਆਂ ਬਾਰੇ ਬਰਨਾਲਾ ਵਿਖੇ ਰੋਸ ਮਾਰਚ ਧਨੌਲਾ ਦੀਆਂ ਗਲੀਆਂ ਵਿੱਚੋਂ ਮੀਤ ਹੇਅਰ ਦੀ ਕੋਠੀ ਪਿੱਟ ਸਿਆਪਾ ਕਰਕੇ ਸਮਾਪਤ ਕੀਤਾ ਗਿਆ। ਜਿਸ ਵਿੱਚ ਪੈਨਸ਼ਨਰਾਂ ਤੇ ਮੁਲਾਜਮਾਂ ਨੂੰ ਵਾਰ-ਵਾਰ ਮੀਟਿੰਗ ਦੇ ਕੇ ਖੱਜਲ ਖੁਆਰ ਕਰਨਾ, ਪੈਨਸ਼ਨਰਾਂ ਦਾ 2.59 ਦਾ ਗੁਣਾਕ, ਡੀ ਏ ਦੀਆਂ ਕਿਸ਼ਤਾਂ ਦਾ ਬਕਾਇਆ, ਕੱਚੇ ਮੁਲਾਜ਼ਮ ਪੱਕੇ ਕਰਨਾ, 1/1/2016 ਤੋਂ ਬਕਾਇਆ ਨਾ ਦੇਣਾ ਆਦਿ ਮੰਗਾਂ ਦੀ ਗੱਲ ਕੀਤੀ ਗਈ। ਮੀਟਿੰਗ ਵਿੱਚ ਸਟੇਟ ਬੈਂਕ ਆਫ਼ ਇੰਡੀਆ ਬਰਾਂਚ ਨਿਹਾਲ ਸਿੰਘ ਵਾਲਾ ਦੇ ਚੀਫ਼ ਮੈਨੇਜਰ ਰੋਹਿਤ ਰੰਜਨ ਫੀਲਡ ਅਫ਼ਸਰ ਹਰਪ੍ਰੀਤ ਨੇ ਪੈਨਸ਼ਨਰਾਂ ਨੂੰ ਆਉਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਹੱਲ ਕਰਨ ਦਾ ਵਾਅਦਾ ਕੀਤਾ। ਗੁਰਮੇਲ ਸਿੰਘ ਖੋਟੇ ਚਮਕੌਰ ਸਿੰਘ ਸਰਾ ਗੁਰਮੇਲ ਸਿੰਘ ਬੌਡੇ ਨੇ ਸਰਕਾਰ ਦੀਆਂ ਮਾਰੂ ਨੀਤੀਆਂ ਦੀ ਨਿਖੇਧੀ ਕੀਤੀ। ਮੀਟਿੰਗ ਵਿੱਚ ਜੋਰਾਵਰ ਸਿੰਘ, ਗੁਰਦੇਵ ਸਿੰਘ ਕਿਰਤੀ, ਪ੍ਰਤਾਪ ਸਿੰਘ ਛਟਦਮਨ ਸਿੰਘ ਸਿਕੰਦਰ ਸਿੰਘ, ਪ੍ਰਿੰਸੀਪਲ ਸੁਖਚੈਨ ਸਿੰਘ, ਰੂਪ ਸਿੰਘ, ਮੁਕੰਦ ਸਿੰਘ, ਸੁਦਾਗਰ ਸਿੰਘ, ਮੰਗਲ ਸਿੰਘ, ਦਵਿੰਦਰ ਸਿੰਘ,ਹਿੰਮਤਪੁਰਾ ਹਰਦਿਆਲ ਸਿੰਘ, ਉਜਾਗਰ ਸਿੰਘ, ਦਰਸ਼ਨ ਸਿੰਘ ਰਜਿੰਦਰ ਸਿੰਘ, ਸੁਰਿੰਦਰ ਸਿੰਘ ਕੌਸ਼ਲ ਸ਼ਰਮਾ, ਨਛੱਤਰ ਸਿੰਘ, ਜਸਵੰਤ ਸਿੰਘ, ਜੰਗੀਰ ਸਿੰਘ, ਮੇਜਰ ਸਿੰਘ, ਗੁਰਮੇਲ ਸਿੰਘ ਨਿਹਾਲ ਸਿੰਘ ਵਾਲਾ, ਬੱਗੜ ਸਿੰਘ, ਤੇਜਾ ਸਿੰਘ ਆਦਿ ਹਾਜ਼ਰ ਸਨ।

## ਸੀ ਪੀ ਆਈ ਦੀ 100ਵੀਂ ਵਰੇਗੰਢ ਮੌਕੇ ਹੋਵੇਗੀ ਵਿਸ਼ਾਲ ਰੈਲੀ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਮਿਊਨਿਸਟ ਪਾਰਟੀ, ਜਿਸ ਦੀ ਅਗਵਾਈ ਹੇਠ ਅਨੇਕਾਂ ਘੋਲ ਦੇਸ਼ ਦੀ ਏਕਤਾ ਤੇ ਅਖੰਡਤਾ, ਸਾਂਝੀਵਾਲਤਾ, ਸਮਾਜਿਕ ਬਰਾਬਰੀ ਤੇ ਦੱਬੇ ਕੁਚਲੇ ਸਮਾਜ ਦੀ ਅਵਾਜ਼ ਨੂੰ ਬੁਲੰਦ ਕਰਨ ਸਮੇਤ ਕਿਸਾਨਾਂ, ਮਜ਼ਦੂਰਾਂ ਤੇ ਕਿਰਤੀਆਂ ਲਈ ਕੁਰਬਾਨੀਆਂ ਕਰਕੇ ਮਸਲੇ ਹੱਲ ਕੀਤੇ। ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਨੇ ਦੱਸਿਆ ਕਿ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ 30 ਦਸੰਬਰ ਨੂੰ ਵਿਸ਼ਾਲ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ ਹੈ।ਰੈਲੀ ਮੌਕੇ ਪਾਰਟੀ ਦੇ ਸੂਬਾਈ ਆਗੂਆਂ ਤੋਂ ਇਲਾਵਾ ਕੇਂਦਰ ਦੇ ਆਗੂ ਵੀ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨਗੇ। ਸੀ.ਪੀ.ਆਈ ਸ਼ਹਿਰੀ ਕਮੇਟੀ ਦੇ ਸਕੱਤਰ ਰਤਨ ਭੋਲਾ ਤੇ ਮੀਤ ਸਕੱਤਰ ਨਰੇਸ਼ ਕੁਮਾਰ ਬੁਰਜ ਹਰੀ ਨੇ ਕਿਹਾ ਕਿ ਰੈਲੀ ਦੀ ਤਿਆਰੀ ਸਬੰਧੀ ਮੀਟਿੰਗ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ 13 ਨਵੰਬਰ ਨੂੰ ਸਵੇਰੇ 11 ਵਜੇ ਹੋਵੇਗੀ।ਮੀਟਿੰਗ ਮੌਕੇ ਪਾਰਟੀ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾ. ਹਰਦੇਵ ਸਿੰਘ ਅਰਸ਼ੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।

## ਮੁਫ਼ਤ ਕਾਨੂੰਨੀ ਸਹਾਇਤਾ ਸੰਬੰਧੀ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾਵੇਗੀ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਸਮਾਜ ਦੇ ਹਰ ਲੋੜਵੰਦ ਵਿਅਕਤੀ ਤੱਕ ਕਾਨੂੰਨੀ ਸਹਾਇਤਾ ਪੁਚਾਉਣ ਲਈ ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਬਣਾਈਆਂ ਵਿਆਪਕ ਸਕੀਮਾਂ ਦੀ ਜਾਣਕਾਰੀ ਹੇਠਲੇ ਪੱਧਰ 'ਤੇ ਹਰ ਪਿੰਡ ਤੱਕ ਪੁਚਾਉਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨੈਸ਼ਨਲ ਕਾਨੂੰਨੀ ਸੇਵਾਵਾਂ ਦਿਵਸ ਨੂੰ ਸਮਰਪਤ ਕਈ ਜਾਗਰੂਕਤਾ ਪ੍ਰੋਗਰਾਮ ਉਲੀਕੇ ਗਏ ਹਨ, ਜਿਸ ਅਧੀਨ ਆਂਗਣਵਾੜੀ ਵਰਕਰ ਪਿੰਡਾਂ ਦੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨਗੇ।ਇਹ ਜਾਣਕਾਰੀ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਦੀਪਤੀ ਗੋਇਲ ਨੇ ਇਸ ਜਾਗਰੂਕਤਾ ਪ੍ਰੋਗਰਾਮ ਦੀ ਤਿਆਰੀ ਸਬੰਧੀ ਸਮਝੌਤਾ ਸਦਨ ਵਿਖੇ ਜ਼ਿਲ੍ਹੇ ਦੇ ਬਾਲ ਵਿਕਾਸ ਪ੍ਰੋਗਰਾਮ ਅਫਸਰ ਤੇ ਸੁਪਰਵਾਈਜ਼ਰਾਂ ਨਾਲ ਕੀਤੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ।

ਸਕੱਤਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਆਂਗਣਵਾੜੀ ਵਰਕਰ ਪਿੰਡਾਂ ਦੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ, ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਪੋਕਸੋ ਐਕਟ ਦੀਆਂ ਧਰਾਵਾਂ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦੇਣ।ਇਸ ਤੋਂ ਇਲਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋੜਵੰਦਾਂ ਨੂੰ ਦਿੱਤੀਆਂ ਜਾਂਦੀਆਂ ਮੁਫਤ ਕਾਨੂੰਨੀ ਸੇਵਾਵਾਂ ਸਬੰਧੀ ਵੀ ਜਾਗਰੂਕ ਕੀਤਾ ਜਾਵੇ।ਉਨ੍ਹਾਂ ਹੋਰ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ, ਬਸੀ ਪਠਾਣਾ ਵਿਖੇ ਆਯੋਜਿਤ ਸੈਮੀਨਾਰ ਦੌਰਾਨ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਲਈ ਲੜਕੀਆਂ ਦੇ ਇਸ ਵਿਸ਼ੇ 'ਤੇ ਪੇਂਟਿੰਗ ਮੁਕਾਬਲੇ ਅਤੇ ਸਲੋਗਨ ਲਿਖਣ ਦੇ ਮੁਕਾਬਲੇ ਵੀ ਕਰਾਏ ਜਾਣਗੇ।

## ਸ੍ਰੀ ਦਵਾਰਕਾਧੀਸ਼ ਮੰਦਰ ਦਾ ਉਦਘਾਟਨ ਸਮਾਰੋਹ ਧੂਮਧਾਮ ਨਾਲ ਹੋਇਆ



**ਜਗਰਾਉਂ (ਅਮਿਤ ਖੰਨਾ)**
ਸੱਤਿਅਮ ਜਵੈਲਰਜ਼ ਪਰਿਵਾਰ ਦੇ ਸਹਿਯੋਗ ਨਾਲ ਡਿਸਪੋਜ਼ਲ ਰੋਡ 'ਤੇ ਬਣੇ ਭਗਵਾਨ ਕ੍ਰਿਸ਼ਨ ਦੇ ਵਿਸ਼ਾਲ ਮੰਦਰ ਸ੍ਰੀ ਦਵਾਰਕਾਧੀਸ਼ ਮੰਦਰ ਦਾ ਉਦਘਾਟਨ ਸਮਾਰੋਹ ਐਤਵਾਰ ਨੂੰ ਬੜੀ ਧੂਮਧਾਮ ਨਾਲ ਹੋਇਆ।ਦੇਸ਼ ਭਰ ਤੋਂ ਪਹੁੰਚੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਸੰਤਾਂ ਨੇ ਮੰਤਰਾਂ ਉਚਾਰ ਕੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਮੂਰਤੀ ਦਾ ਉਦਘਾਟਨ ਕੀਤਾ।ਸ੍ਰੀ ਦਵਾਰਕਾਧੀਸ਼ ਮੰਦਿਰ ਦੇ ਮੁੱਖ ਸੇਵਾਦਾਰ ਸਤਿਅਮ ਜਵੇਲਜ਼ ਦੇ ਮਾਲਕ ਰਾਜੇਸ਼ ਕਤਿਆਲ ਤੇ ਰਮੇਸ਼ ਕਤਿਆਲ ਨੇ ਦੱਸਿਆ ਕਿ ਦਵਾਰਕਾਧੀਸ਼ ਦੇ ਵਿਸ਼ਾਲ ਮੰਦਰ ਦਾ ਉਦਘਾਟਨ ਕਰਨ ਲਈ ਮਹਾਰਾਸ਼ਟਰ, ਦਿੱਲੀ, ਦਵਾਰਕਾ ਸ਼ਹਿਰ ਅਤੇ ਪੰਜਾਬ ਭਰ ਤੋਂ ਆਏ ਹੋਏ ਸੰਤਾਂ-ਮਹਾਂਪੁਰਸ਼ਾਂ ਨੇ ਪੂਰੀ ਸ਼ਰਧਾ ਨਾਲ ਮੰਤਰਾਂ ਦਾ ਜਾਪ ਕੀਤਾ।ਰੀਤੀ ਰਿਵਾਜ ਸਮਾਗਮ ਵਿੱਚ ਸਵੇਰੇ 8 ਤੋਂ 8.30 ਵਜੇ ਤੱਕ ਗੀਤਾ ਦੇ ਪਾਠ ਹੋਏ ਤੇ ਫਿਰ ਮੰਦਰ ਦੇ ਮੁੱਖ ਗੇਟ 'ਤੇ ਝੰਡਾ ਚੜ੍ਹਾਉਣ ਦੀ ਰਸਮ ਮੁੱਖ ਮਹਿਮਾਨ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਨੇ ਨਿਭਾਈ।

ਇਸ ਉਪਰੰਤ ਸੰਤਾਂ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਗੁਣਗਾਨ ਕੀਤਾ ਤੇ ਦੀਵੇ ਜਗਾਉਣ ਦੀ ਰਸਮ ਅਦਾ ਕੀਤੀ ਤੇ ਮੁੱਖ ਮਹਿਮਾਨ ਅਸ਼ਵਨੀ ਸ਼ਰਮਾ ਵਿਧਾਇਕ ਪਠਾਨਕੋਟ, ਕੇ.ਡੀ ਭੰਡਾਰੀ ਸਾਬਕਾ ਵਿਧਾਇਕ ਜਲੰਧਰ, ਜੀਵਨ ਗੁਪਤਾ ਸੂਬਾ ਕੋਰ ਕਮੇਟੀ ਮੈਂਬਰ ਭਾਜਪਾ, ਵਿਧਾਇਕ ਸਰਬਜੀਤ ਕੌਰ ਐਸ.ਆਰ.ਕਲੇਰ ਮਾਣੂੰਕੇ ਸਨ।ਭਗਵਾਨ ਸ਼੍ਰੀ ਕ੍ਰਿਸ਼ਨ ਦੇ ਭਗਤਾਂ ਨੇ ਭਜਨ ਗਾਏ ਅਤੇ ਭਗਵਾਨ ਦੀ ਮਹਿਮਾ ਦਾ ਗਾਇਨ ਕੀਤਾ।ਫਿਰ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਆਰਤੀ ਕੀਤੀ ਗਈ ਤੇ ਉਨ੍ਹਾਂ ਨੂੰ 56 ਪ੍ਰਕਾਰ ਦੇ ਚੜ੍ਹਾਵੇ ਚੜ੍ਹਾਏ ਗਏ।ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਮਹਾਤਮਾ ਪੈਠੰਕਰ ਬਾਬਾ ਸਿੱਧਪੁਰ, ਮਹਾਤਮਾ ਯਸ਼ਰਾਜ ਸਤਕਾਰ ਕਪੂਰਥਲਾ, ਸਨਾਤਨ ਮੁਨੀ ਗੁੜਗਾਓਂ, ਮਹਾਤਮਾ ਵਿਧਾਘਰ ਪੂਣੇ, ਮਹਾਤਮਾ ਸ਼੍ਰੀਘਰ ਜਲੰਧਰ, ਮਹਾਤਮਾ ਪੁਰਸ਼ੋਤਮ ਸ਼ਾਸਤਰੀ, ਕ੍ਰਿਸ਼ਨਾ ਰਾਜ, ਹੰਸ ਰਾਜ ਬਾਬਾ ਸਤਕਾਰ, ਰਾਘਵਭੱਟ ਮੁਨੀ, ਸੰਤੋਸ਼ ਮੁਨੀ, ਸੰਤੋਸ਼ ਮੁਨੀ, ਮਹਾਤਮਾ ਪਠੰਕਰ ਬਾਬਾ ਸਤਾਰਕਰ ਆਦਿ ਹਾਜ਼ਰ ਸਨ।ਰਾਜ ਸ਼ਵਾਮਨੀਕਰ, ਗਿਰਿਘਰ ਮੁਨੀ, ਨਰਿੰਦਰ ਮੁਨੀ, ਯੁਵਰਾਜ ਸ਼ਾਸਤਰੀ, ਮੁਨੀਰਾਜ, ਜੋਗਿੰਦਰ ਮੁਨੀ, ਸੰਤਮੁਨੀ, ਵਿਵੇਕ ਮੁਨੀ, ਨਗਾਇਸਾ ਬੇਅਰ, ਸੁਨੰਦਾ ਬਾਈ, ਸ਼ਾਲਿਨੀ ਬੇਅਰ, ਨਿਰਮਲਾ ਬੇਅਰ ਤੇ ਭਾਸਕਰ ਵੇਲੁਰਕਰ, ਗੋਪਾਲ ਦਾਦਾ ਮੁੱਖ ਮਹਿਮਾਨ ਸਨ।

12-Nov-PAGE-8.qxd 11/11/2024 10:45 PM Page 1



# ਗੁਰੂ ਕੁੱਲ ਕੁਰੂਕਸ਼ੇਤਰ 'ਚ ਆਰੀਆ ਮਹਾਂਸੰਮੇਲਨ ਨੂੰ ਮੁੱਖ ਮੰਤਰੀ ਸੈਨੀ ਨੇ ਕੀਤਾ ਸੰਬੋਧਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਭਾਰਤ ਨੂੰ ਮੁੜ ਵਿਸ਼ਵ ਗੁਰੂ ਬਨਾਉਣ ਲਈ ਨੌਜੁਆਨ ਪੀੜੀ ਨੂੰ ਮਹਾਰਿਸ਼ੀ ਦਿਆਨੰਦ ਸਰਸਵਤੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚ ਧਾਰਣ ਕਰਨ ਦੀ ਜਰੂਰਤ ਹੈ। ਇਸ ਦੇ ਲਈ ਸਾਨੂੰ ਨੌਜੁਆਨਾਂ ਨੂੰ ਚੰਗੀ ਸਿੱਖਿਆ ਅਤੇ ਸੰਸਕਾਰ ਦੇਣੇ ਚਾਹੀਦੇ ਹਨ। ਇਸ ਕੰਮ ਨੂੰ ਗੁਰੂਕੁੱਲ ਕੁਰੂਕਸ਼ੇਤਰ ਦੇ ਨਾਲ-ਨਾਲ ਆਰਿਆ ਸਮਾਜ ਵੱਲੋਂ ਚਲਾਏ ਜਾ ਰਹੇ ਹੋਰ ਗੁਰੂਕੁੱਲ ਸੰਸਥਾਨਾਂ ਵੱਲੋਂ ਵੀ ਬਖੂਬੀ ਨਾਲ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਗੁਰੂਕੁੱਲ ਕੁਰੂਕਸ਼ੇਤਰ ਵਿਚ ਆਰਿਆ ਪ੍ਰਤੀਨਿਧੀ ਸਭਾ ਹਰਿਆਣਾ ਵੱਲੋਂ ਪ੍ਰਬੰਧਿਤ ਆਰਿਆ ਮਹਾਸੰਮੇਲਨ ਦੇ ਸਮਾਪਨ ਸਮਾਰੋਹ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਸੈਨੀ ਨੇ ਗੁਜਰਾਤ ਦੇ ਰਾਜਪਾਲ ਅਚਾਰਿਆ ਦੇਵਵ੍ਰਤ , ਸਾਬਕਾ ਰਾਜਮੰਤਰੀ ਸੁਭਾਸ਼ ਸੁਧਾ ਦੇ ਨਾਲ ਗੁਰੂਕੁੱਲ ਦਾ ਦੌਰਾ ਕੀਤਾ ਅਤੇ ਦੇਸੀ ਗਾਂ ਦੀ ਗਊਸ਼ਾਲਾ ਦਾ ਅਵਲੋਕਨ ਵੀ ਕੀਤਾ। ਮੁੱਖ ਮੰਤਰੀ ਨੇ ਅਰਿਆ ਸਮਾਜ ਦੇ ਪਹਿਲੇ ਸੰਸਥਾਪਕ ਮਹਾਰਿਸ਼ੀ ਦਿਆਨੰਦ ਸਰਸਵਤੀ ਦੇ 200ਵੇਂ ਜੈਯੰਤੀ ਸਾਲ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਦੇਸ਼ ਦੀ ਪ੍ਰਗਤੀ ਅਤੇ ਮਨੁੱਖ ਭਲਾਈ ਲਈ ਆਰਿਆ ਸਮਾਜ ਦੇ ਪ੍ਰਤੀਨਿਧੀਆਂ ਨੇ ਇਸ ਦੋ ਦਿਨਾਂ ਦੇ ਆਰਿਆ ਮਹਾਸੰਮੇਲਨ ਵਿਚ ਗਹਿਨ ਵਿਚਾਰ ਮੰਥਨ ਕੀਤਾ ਹੈ ਇਸ ਨਾਲ ਸਮਾਜ ਨੂੰ ਇਕ ਨਵੀ ਦਿਸ਼ਾ ਮਿਲੇਗੀ। ਇਸ ਪ੍ਰਬੰਧ ਲਈ ਆਰਿਆ ਸਮਾਜ ਦੇ ਲੋਕ ਵਧਾਈ ਯੋਗ ਹਨ।

ਪ੍ਰੋਗ੍ਰਾਮ ਵਿਚ ਗੁਜਰਾਤ ਦੇ ਰਾਜਪਾਲ ਅਚਾਰਿਆ ਦੇਵਵ੍ਰਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਅੱਜ ਪੂਰਾ ਦੇਸ਼ ਮਹਾਰਿਸ਼ੀ ਦਿਆਨੰਦ ਸਰਸਵਤੀ ਦੀ 200ਵੀਂ ਜੈਯੰਤੀ ਸਾਲ ਮਨਾ ਰਿਹਾ ਹੈ। ਇਸ ਰਾਸ਼ਟਰਵਿਆਪੀ ਮੁਹਿੰਮ ਵਿਚ ਆਰਿਆ ਸਮਾਜ ਦੇ ਪ੍ਰਤੀਨਿਧੀ ਯੁੱਧ ਪੱਧਰ 'ਤੇ ਕੰਮ ਕਰ ਰਹੇ ਹਨ ਅਤੇ ਮਹਾਰਿਸ਼ੀ ਦਿਆਨੰਦ ਸਰਸਵਤੀ ਦੀਆਂ ਸਿੱਖਿਆਵਾਂ ਨੂੰ ਜਨ-ਜਨ ਤਕ ਪਹੁੰਚਾਉਣ ਦਾ ਕੰਮ ਕਰ ਰਹੇ ਹਨ। ਅੱਜ ਸਮਾਜ ਦੇ ਪ੍ਰਤੀਨਿਧੀ ਦੇਸ਼ ਵਿਖ ਵਾਤਾਵਰਣ ਨੂੰ ਬਚਾਉਣ, ਜਲ ਸਰੰਖਣ, ਦੇਸੀ ਗਾਂ ਦਾ ਸਰੰਖਣ, ਕਿਸਾਨਾਂ ਨੂੰ ਖੁਸ਼ਹਾਲ ਬਨਾਉਣ ਲਈ ਕੁਦਰਤੀ ਖੇਤੀ ਨੂੰ ਅੰਦੋਲਨ ਦਾ ਸਵਰੂਪ ਦੇਣ ਦਾ ਕੰਮ ਕਰ ਰਹੇ ਹਨ।



ਮੁੱਖ ਮੰਤਰੀ ਭਗਵੰਤ ਮਾਨ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਵਿਖੇ ਆਰੀਆ ਪ੍ਰਤੀਨਿਧੀ ਸਭਾ ਵੱਲੋਂ ਆਯੋਜਿਤ ਮਹਾਰਿਸ਼ੀ ਦਯਾਨੰਦ ਸਰਸਵਤੀ ਦੀ 200ਵੀਂ ਜਯੰਤੀ ਦੇ ਸ਼ਾਨਦਾਰ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਲਵਲੀ ਗਰੁੱਪ ਦੇ ਚੇਅਰਮੈਨ ਰਮੇਸ਼ ਮਿੱਤਲ ਅਤੇ ਵਾਈਸ ਚੇਅਰਮੈਨ ਨਰੇਸ਼ ਮਿੱਤਲ ਵੀ ਮੌਜੂਦ ਸਨ। ਸਾਰਿਆਂ ਨੇ ਮਿਲ ਕੇ ਦੂਰਦਰਸ਼ੀ ਸਮਾਜ ਸੁਧਾਰਕ ਨੂੰ ਸ਼ਰਧਾਂਜਲੀ ਭੇਟ ਕੀਤੀ ਜਿਸ ਨੇ 1875 ਵਿੱਚ ਆਰੀਆ ਸਮਾਜ ਦੀ ਸਥਾਪਨਾ ਕੀਤੀ। (ਫੋਟੋ ਅਤੇ ਵੇਰਵਾ : ਸ਼ੈਲੀ ਐਲਬਰਟ)

## ਭਗਵਾਨ ਸ਼ਾਲੀਗ੍ਰਾਮ ਤੇ ਤੁਲਸੀ ਮਾਤਾ ਦਾ ਵਿਆਹ 14 ਨੂੰ

**ਰਾਹੋਂ ( ਕੁਲਵਿੰਦਰ ਸਿੰਘ ਰਾਹੋਂ )** ਭਾਰਗਵ ਨੇ ਦੱਸਿਆ ਕਿ ਭਗਵਾਨ ਸ੍ਰੀ ਸ਼ਾਲੀਗ੍ਰਾਮ ਅਤੇ ਤੁਲਸੀ ਮਾਤਾ ਦਾ ਵਿਆਹ 14 ਨਵੰਬਰ ਨੂੰ ਕਾਲੀ ਮਾਤਾ ਮੰਦਰ ਮੁਹੱਲਾ ਸ਼ਰਾਫਾ ਵਿਚ ਬੜੀ ਧੂਮਧਾਮ ਨਾਲ ਹੋਵੇਗਾ। 14 ਨਵੰਬਰ ਦੁਪਹਿਰ ਨੂੰ 2 ਵਜੇ ਸ਼੍ਰੀ ਰਾਧਾ ਕ੍ਰਿਸ਼ਨਾ ਸਤਸੰਗ ਘਰ ਮੁਹੱਲਾ ਸ਼ਰਾਫਾ ਤੋਂ ਬਰਾਤ ਨਿਕਲੇਗੀ ਅਤੇ ਮੁਹੱਲੇ ਦੀ ਪਰਿਕਰਮਾ ਕਰਦੀ ਹੋਈ ਵਾਪਸ ਕਾਲੀ ਮਾਤਾ ਮੰਦਰ ਮੁਹੱਲਾ ਸ਼ਰਾਫਾ ਵਿਖੇ ਪਹੁੰਚੇਗੀ ਅਤੇ ਸ਼ਾਦੀ ਦੀ ਰਸਮ ਹੋਵੇਗੀ। 5 ਵਜੇ ਤੋਂ 6 ਵਜੇ ਤੱਕ ਠਾਕੁਰ ਜੀ ਦਾ ਗੁਣਗਾਨ ਕੀਤਾ ਜਾਵੇਗਾ। ਉਪਰੰਤ ਭੰਡਾਰਾ ਅਤੁੱਟ ਵਰਤਾਇਆ ਜਾਵੇਗਾ।

## ਲੁੱਟ ਦੀ ਵਾਰਦਾਤ ਨੂੰ ਸੁਲਝਾਇਆ

**ਜਲੰਧਰ (ਸ਼ੈਲੀ ਐਲਬਰਟ)**-ਕਮਿਸ਼ਨਰੇਟ ਪੁਲਸ ਨੇ ਇੱਕ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ ਇੱਕ ਮੋਟਰਸਾਈਕਲ ਬਰਾਮਦ ਕਰਕੇ ਲੁੱਟ ਦੀ ਵਾਰਦਾਤ ਨੂੰ ਸੁਲਝਾ ਲਿਆ ਹੈ।ਪੁਲਸ ਕਮਿਸ਼ਨਰ ਨੇ ਦੱਸਿਆ ਕਿ 31 ਅਕਤੂਬਰ ਨੂੰ ਪਿੰਡ ਫੋਲੜੀਵਾਲ ਦੇ ਪਿਛਲੇ ਪਾਸੇ ਵਾਟਰ ਟ੍ਰੀਟਮੈਂਟ ਪਲਾਂਟ ਨੇੜੇ ਲੁੱਟ ਦੀ ਘਟਨਾ ਵਾਪਰੀ ਸੀ। ਉਨ੍ਹਾਂ ਦੱਸਿਆ ਕਿ ਇਸ ਲੁੱਟ ਦੀ ਵਾਰਦਾਤ ਵਿੱਚ ਅਣਪਛਾਤੇ ਵਿਅਕਤੀ ਇੱਕ ਮੋਟਰਸਾਈਕਲ ਅਤੇ ਮੋਬਾਈਲ ਫੋਨ ਖੋਹ ਕੇ ਲੈ ਗਏ ਸਨ। ਪੁਲਸ ਨੇ ਜਾਂਚ ਦੇ ਅਧਾਰ 'ਤੇ ਮੁੱਖ ਦੋਸ਼ੀ ਰਾਜਾ ਉਰਫ ਰਾਜਾ ਰਾਮ ਪੁੱਤਰ ਮੁਹੰਮਦ ਨੁਸਰਤ ਵਾਸੀ ਪਿੰਡ ਕਲਿਆਣਪੁਰ ਜਲੰਧਰ ਦੀ ਪਛਾਣ ਕੀਤੀ ਤੇ ਉਸ ਨੂੰ ਕਾਬੂ ਕਰਕੇ ਖੋਹਿਆ ਮੋਟਰਸਾਈਕਲ ਸਪਲੈਂਡਰ ਨੰਬਰ ਪੀ.ਬੀ.08-ਸੀ.ਐਨ.-1637 ਬਰਾਮਦ ਕੀਤਾ।ਘਟਨਾ ਵਿੱਚ ਸ਼ਾਮਲ ਦੋ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।



# ਮਾਰਕਿਟ ਵੈੱਲਫੇਅਰ ਐਸੋਸੀਏਸ਼ਨ ਸੈਕਟਰ 63 ਦੀ ਸਰਬਸੰਮਤੀ ਨਾਲ ਹੋਈ ਚੋਣ



**ਮੋਹਾਲੀ ( ਗੁਰਜੀਤ ਬਿੱਲਾ )** ਇਥੋਂ ਦੇ ਸੈਕਟਰ 63 (ਫੇਜ਼ 9) ਅਧੀਨ ਪੈਂਦੀ ਮਾਰਕਿਟ ਵੈਲਫੇਅਰ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਅਤੇ ਹਰਪ੍ਰੀਤ ਸਿੰਘ ਪ੍ਰਧਾਨ, ਸ਼ਿਆਮ ਸੁੰਦਰ ਕਾਂਸਲ ਚੇਅਰਮੈਨ, ਮਨੋਜ਼ ਮੱਕੜ ਵਾਇਸ ਪ੍ਰਧਾਨ, ਕੁਲਦੀਪ ਸਿੰਘ ਜਨਰਲ ਸਕੱਤਰ, ਮਨਜੀਤ ਸਿੰਘ ਸਕੱਤਰ, ਵਰਿੰਦਰ ਸਿੰਘ ਸੈਣੀ ਮੀਡੀਆ ਸਲਾਹਕਾਰ, ਅਨਿਲ ਕੁਮਾਰ ਕੈਸ਼ੀਅਰ, ਗੁਰਪ੍ਰੀਤ ਸਿੰਘ ਉਪ ਕੈਸ਼ੀਅਰ ਚੁਣੇ ਗਏ।ਪ੍ਰਧਾਨ ਹਰਪ੍ਰੀਤ ਸਿੰਘ , ਮੀਡੀਆ ਸਲਾਹਕਾਰ ਵਰਿੰਦਰ ਸਿੰਘ ਸੈਣੀ ਅਤੇ ਨਵੀਂ ਚੁਣੀ ਗਈ ਟੀਮ ਨੇ ਸਮੂਹ ਦੁਕਾਨਦਾਰਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ਼ ਦੁਆਇਆ ਕਿ ਮਾਰਕਿਟ ਐਸੋਸੀਏਸ਼ਨ ਦੀ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇਗਾ। ਜੇਕਰ ਭਵਿੱਖ ਵਿੱਚ ਦੁਕਾਨਦਾਰਾਂ ਦੀਆਂ ਮੰਗਾਂ ਪ੍ਰਤੀ ਜਾਂ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਸਾਰਿਆਂ ਨੂੰ ਨਾਲ ਲੈ ਕੇ ਮਸਲੇ ਦਾ ਹੱਲ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਮੈਂਬਰਾਂ ਦੀ ਮਹੀਨਾਵਾਰੀ ਮੀਟਿੰਗ ਸੱਦ ਕੇ ਉਨ੍ਹਾਂ ਦੇ ਵਿਚਾਰ ਸੁਣੇ ਜਾਇਆ ਕਰਨਗੇ ਤਾਂ ਜੋ ਸਮੇਂ ਸਮੇਂ ਉਤੇ ਮਾਰਕਿਟ ਦੀਆਂ ਸਮੱਸਿਆਵਾਂ ਦਾ ਪਤਾ ਚੱਲ ਸਕੇ ਅਤੇ ਉਨ੍ਹਾਂ ਨੂੰ ਸਮੇਂ ਸਿਰ ਨਿਪਟਾਇਆ ਜਾ ਸਕੇ। ਇਸ ਮੌਕੇ ਸਮੂਹ ਦੁਕਾਨਦਾਰ ਅਤੇ ਵਪਾਰੀ ਵਰਗ ਹਾਜਰ ਸੀ।

# ਏ ਜੀ ਆਈ ਆਰਟ ਮਿਊਜ਼ਿਕ ਐਂਡ ਕਲਚਰਲ ਗਰੁੱਪ ਵੱਲੋਂ ਸੰਗੀਤ ਤੰਬੋਲਾ ਸ਼ਾਮ




**ਜਲੰਧਰ (ਰਾਜੇਸ਼ ਥਾਪਾ)** ਜਲੰਧਰ ਹਾਈਟਸ 2, ਕਲੱਬ, 66 ਫੁੱਟ ਰੋਡ, ਜਲੰਧਰ ਵਿਖੇ ਇੱਕ ਸੰਗੀਤਕ ਤੰਬੋਲਾ ਸ਼ਾਮ ਵਿੱਚ ਏਜੀਆਈ ਇਨਫਰਾ ਲਿਮਟਿਡ ਪ੍ਰੋਜੈਕਟਾਂ ਦੀਆਂ ਸੁਸਾਇਟੀਆਂ ਦੇ ਲਗਭਗ ਤਿੰਨ ਹਜ਼ਾਰ ਘਰਾਂ ਦੇ ਰਿਹਾਇਸ਼ੀ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।ਏਜੀਆਈ ਆਰਟ ਮਿਊਜ਼ਿਕ ਅਤੇ ਕਲਚਰਲ ਗਰੁੱਪ ਵੱਲੋਂ ਇਹ ਸਮਾਗਮ ਗੁਆਂਢੀਆਂ ਵਿੱਚ ਆਪਸੀ ਭਾਈਚਾਰਕ ਸਾਂਝ ਵਧਾਉਣ ਲਈ ਆਯੋਜਿਤ ਕੀਤਾ ਗਿਆ ਸੀ, ਕਿਉਂਕਿ ਇਸ ਆਧੁਨਿਕ ਯੁੱਗ ਵਿੱਚ ਇੱਕ ਸਮਾਜ ਜਾਂ ਕਿਸੇ ਖਾਸ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਦਾ ਇੱਕ ਦੂਜੇ ਨਾਲ ਸਮਾਜਿਕ ਸੰਚਾਰ ਨਹੀਂ ਹੁੰਦਾ ਹੈ, ਜਿਸ ਨਾਲ ਲੋਕਾਂ ਦੇ ਜੀਵਨ ਵਿੱਚ ਹੋਰ ਵਿਅਰਥਤਾ ਪੈਦਾ ਹੋ ਜਾਂਦੀ ਹੈ।ਇਸ ਸਮਾਗਮ ਵਿੱਚ ਨੌਜਵਾਨਾਂ ਤੋਂ ਲੈ ਕੇ ਸੀਨੀਅਰ ਸਿਟੀਜ਼ਨ ਤੱਕ ਹਰ ਉਮਰ ਵਰਗ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਅਤੇ ਮੌਜ-ਮਸਤੀ ਦਾ ਬਹੁਤ ਹੀ ਦੋਸਤਾਨਾ ਮਾਹੌਲ ਬਣਾਇਆ।ਤੰਬੋਲਾ ਖੇਡਾਂ ਦੇ ਮੁੱਖ ਆਕਰਸ਼ਣ ਨੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਇੱਕ ਨੂੰ ਉਤਸ਼ਾਹਿਤ ਕੀਤਾ। ਆਟੋਮੈਟਿਕ ਵਾਸ਼ਿੰਗ ਮਸ਼ੀਨਾਂ ਵਰਗੇ ਸ਼ਾਨਦਾਰ ਇਨਾਮ ਅਤੇ ਮਹਿੰਗੇ ਤੋਹਫ਼ੇ ਖੇਡਾਂ ਦੇ ਜੇਤੂਆਂ ਨੂੰ ਇਨਾਮ ਵਜੋ ਵੰਡੇ ਗਏ।ਦੋ ਤੰਬੋਲਾ ਹਾਊਸਾਂ ਵਿਚਕਾਰ ਅੱਧੇ ਘੰਟੇ ਦੇ ਵਿਰਾਮ ਨਾਲ ਪੰਜ ਖੇਡਾਂ ਦਾ ਆਯੋਜਨ ਕੀਤਾ ਗਿਆ। ਇਸ ਅੰਤਰਾਲ ਦੌਰਾਨ ਲੋਕਾਂ ਨੇ ਡ੍ਰਿੰਕ, ਸਨੈਕਸ ਅਤੇ ਬੁਫੇ ਡਿਨਰ ਦਾ ਆਨੰਦ ਲਿਆ, ਜਿਸਦਾ ਇਸ ਸਮਾਗਮ ਲਈ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ ਸੀ।ਲੋਕਾਂ ਨੇ ਭਾਗੀਦਾਰਾਂ ਦੇ ਸ਼ੁਕੀਨ ਗਾਇਕਾਂ ਦੁਆਰਾ ਗਾਏ ਲਾਈਵ ਸੰਗੀਤ ਅਤੇ ਗੀਤਾਂ ਦਾ ਵੀ ਆਨੰਦ ਲਿਆ।ਏਜੀਆਈ ਇਨਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਅਤੇ ਏਜੀਆਈ ਆਰਟ ਸੰਗੀਤ ਅਤੇ ਸੱਭਿਆਚਾਰਕ ਗਰੁੱਪ ਦੇ ਚੇਅਰਮੈਨ ਮੁੱਖ ਮਹਿਮਾਨ ਵਜੋਂ ਤੰਬੋਲਾ ਖੇਡਾਂ ਦੇ ਜੇਤੂਆਂ ਨੂੰ ਇਨਾਮ ਵੰਡੇ।

# ਆਂਗਨਵਾੜੀ ਵਿਭਾਗ ਨੇ ਨਸ਼ਿਆਂ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ



**ਹੁਸ਼ਿਆਰਪੁਰ (ਬਲਵੀਰ ਸੈਣੀ)** ਡਾਇਰੈਕਟਰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰੋਗ੍ਰਾਮ ਅਫਸਰ ਹੁਸਿਆਰਪੁਰ ਤੇ ਸੀ ਡੀ ਪੀ ਓ ਮੈਡਮ ਸ੍ਰੀਮਤੀ ਰਾਵਿੰਦਰ ਕੌਰ ਬਲਾਕ ਹੁਸ਼ਿਆਰਪੁਰ -1 ਦੀ ਅਗਵਾਈ ਹੇਠ ਸਰਕਲ ਸੁਪਰਵਾਈਜ਼ਰ ਮੈਡਮ ਸ੍ਰੀਮਤੀ ਸ਼ਰਮੀਲਾ ਰਾਣੀ ਸਰਕਲ ਲਾਚੋਵਾਲ ਵਿੱਚ ਪੈਂਦੇ ਪਿੰਡ ਬੈਂਸ ਖੁਰਦ ਵਿੱਚ ਨਸ਼ੇ ਸਬੰਧੀ ਜਾਗਰੂਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਪਿੰਡ ਤੋਂ ਆਈਆਂ ਔਰਤਾਂ ਅਤੇ ਬਹੁਤ ਸਾਰੇ ਨੌਜਵਾਨਾਂ ਨੇ ਵੱਧ ਚੜ ਕੇ ਹਿੱਸਾ ਲਿਆ । ਆਂਗਨਵਾੜੀ ਵਰਕਰ ਹਰਭਜਨ ਕੌਰ ਨੇ ਨਸ਼ਿਆਂ ਸਬੰਧੀ ਜਾਗਰੂਕਤਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਸੁਪਰਵਾਈਜ਼ਰ ਮੈਡਮ ਸ਼ਰਮੀਲਾ ਰਾਣੀ ਨੇ ਕਿਹਾ ਕਿ ਨਸ਼ਾ ਅਸੀਂ ਜੜ ਤੋਂ ਖਤਮ ਕਰਨਾ ਹੈ ਇਸ ਕਰਕੇ ਅਸੀਂ ਅੱਜ ਇਕੱਠੇ ਹੋਏ ਹਾਂ ਤਾਂ ਜੋ ਅਸੀਂ ਨਸ਼ੇ ਪ੍ਰਤੀ ਆਪਣੇ ਬੱਚਿਆਂ ਨੂੰ ਜਾਗਰੂਕ ਕਰ ਸਕੀਏ। ਨਸ਼ਾ ਇੱਕ ਨਾ ਮੁਰਾਦ ਬਿਮਾਰੀ ਹੈ ਤੇ ਇਕ ਅਨਮਾਨ ਅਨੁਸਾਰ 80% ਨੌਜਵਾਨ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਨਸ਼ੇ ਬਰਬਾਦੀ ਦਾ ਕਾਰਨ ਬਣਦੇ ਹਨ, ਨਸ਼ਾ ਮਨੁੱਖ ਦਾ ਦੁਸ਼ਮਣ ਹੈ, ਨਸ਼ਿਆਂ ਦੀ ਸਮਾਜ ਵਿੱਚ ਜਿਆਦਾ ਵਰਤੋਂ ਚਿੰਤਾ ਦਾ ਵਿਸ਼ਾ ਬਣ ਗਿਆ ਹੈ । ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਸਥਾਪਿਤ ਕੀਤੇ ਗਏ ਹਨ ਜੋ ਕਿ ਨਸ਼ਾ ਛੁਡਾਉਣਵਿੱਚ ਮਦਦ ਕਰਦੇ ਹਨ, ਪ੍ਰੰਤੂ ਫਿਰ ਵੀ ਕਮੀ ਹੈ ਕਿ ਜੇਕਰ ਵਿਅਕਤੀ ਨਸ਼ਾ ਛੱਡਣ ਲਈ ਖੁਦ ਤਿਆਰ ਨਹੀਂ ਹੁੰਦਾ ਉਹ ਨਸ਼ਾ ਨਹੀਂ ਛੱਡ ਸਕਦਾ ਨਸ਼ਿਆਂ ਨਾਲ ਸਿਹਤ ਦਾ ਨੁਕਸਾਨ ਹੁੰਦਾ ਹੈ ਨਸ਼ਾ ਕਰਨ ਵਾਲੇ ਲੋਕ ਨਿਰੰਤਰ ਮਾਨਸਿਕ ਤਣਾਅ ਭੋਗਦੇ ਹਨ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੀ ਵੱਡੀ ਜਿੰਮੇਵਾਰੀ ਉਹਨਾਂ ਦੇ ਮਾਪਿਆਂ ਦੀ ਹੈ । ਬੱਚਿਆਂ ਨੂੰ ਖੇਡਾਂ ਵੱਲ ਪ੍ਰੋਤਸਾਹਿਤ ਕਰੋ ਤੇ ਮਾਪੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਮਾਂ ਦੇਣ ਤਾਂ ਕਿ ਉਹ ਆਪਣੇ ਬੱਚਿਆਂ ਦਾ ਖਿਆਲ ਰੱਖ ਸਕਣ ਅਤੇ ਉਹਨਾਂ ਨੂੰ ਨਸ਼ਿਆਂ ਤੋਂ ਬਚਾ ਸਕਣ।ਉਹਨਾਂ ਨੇ ਮਹਿਕਮੇ ਦੀਆਂ ਹੋਰ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ। ਆਂਗਨਵਾੜੀ ਵਰਕਰ ਹਰਭਜਨ ਕੌਰ ਨੇ ਆਏ ਹੋਏ ਲੋਕਾਂ ਨੂੰ ਪੋਸ਼ਣ ਬਾਰੇ ਦੱਸਿਆ ਅਤੇ ਆਪਣਾ ਆਲਾ ਦੁਆਲਾ ਸਾਫ ਰੱਖਣ ਲਈ ਤੇ ਬੱਚਿਆਂ ਨੂੰ ਸਾਫ ਸੁਥਰਾ ਭੋਜਨ ਦੇਣ ਲਈ ਕਿਹਾ।

# ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਤੇ ਉਤਸ਼ਾਹਪੂਰਵਕ ਮਨਾਇਆ



**ਐਸ ਏ ਐਸ ਨਗਰ (ਗੁਰਜੀਤ ਬਿੱਲਾ) :** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਿੰਦਰ ਸਿੰਘ ਭਰਤਗੜ੍ਹ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ 1710 ਈ: ਵਿੱਚ ਸਿੱਖ ਰਾਜ ਦੀ ਸਥਾਪਨਾ ਕਰਨ ਬਾਰੇ ਅਤੇ 18ਵੀਂ ਸਦੀ ਵਿੱਚ ਜਬਰ ਅਤੇ ਜ਼ੁਲਮ ਖਿਲਾਫ ਸਮੂਹ ਸ਼ਹੀਦ ਸਿੰਘਾਂ ਵੱਲੋਂ ਪ੍ਰਾਪਤ ਕੀਤੀਆਂ ਅਦੁੱਤੀ ਅਤੇ ਲਾਸਾਨੀ ਸ਼ਹਾਦਤਾਂ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਜਾਣੂ ਕਰਵਾਇਆ। ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸਿੰਘ ਸਾਹਿਬ ਭਾਈ ਗੁਰਪ੍ਰੀਤ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਦੱਸਿਆ। ਇਸ ਤੋਂ ਇਲਾਵਾ ਭਾਈ ਗੁਰਦਿਆਲ ਸਿੰਘ ਲੁਧਿਆਣੇ ਵਾਲੇ, ਭਾਈ ਦਲੀਪ ਸਿੰਘ ਪਟਿਆਲੇ ਵਾਲੇ, ਭਾਈ ਰਣਜੀਤ ਸਿੰਘ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣਾ, ਭਾਈ ਪਰਵਿੰਦਰ ਸਿੰਘ ਪਿਪਲੀ ਸਾਹਿਬ, ਮਿੱਤਰ ਪਿਆਰੇ ਨੂੰ ਕੀਤਰਨੀ ਜੱਥਾ, ਭਾਈ ਗੁਰਨਾਮ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖ਼ਸ਼ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਜਰਨੈਲ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਦਸਵੀਂ ਦਿਹਾੜੇ 'ਤੇ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ । ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ।

# ਦੇਸ਼ ਭਗਤ 'ਵਰਸਿਟੀ 'ਚ ਕਰਵਾਏ ਰਾਜ ਪੱਧਰੀ ਰੋਲ ਪਲੇਅ ਤੇ ਲੋਕ ਨਾਚ ਮੁਕਾਬਲੇ



**ਕੁਰਾਲੀ (ਮੋਹਨ ਅੱਗਰਵਾਲ)**-ਦੇਸ਼ ਭਗਤ ਯੂਨੀਵਰਸਿਟੀ ਵਿੱਚ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (ਐਸ.ਸੀ.ਈ.ਆਰ.ਟੀ.), ਪੰਜਾਬ ਵੱਲੋਂ ਰਾਜ-ਪੱਧਰੀ ਰੋਲ ਪਲੇਅ ਅਤੇ ਲੋਕ ਨਾਚ ਮੁਕਾਬਲੇ ਕਰਵਾਏ ਗਏ। ਇਹ ਸਮਾਗਮ ਐਨ.ਸੀ.ਈ.ਆਰ.ਟੀ ਦੇ ਨੈਸ਼ਨਲ ਪਾਪੂਲੇਸ਼ਨ ਐਜੂਕੇਸ਼ਨ ਪ੍ਰੋਜੈਕਟ ਤਹਿਤ ਕਰਵਾਇਆ ਗਿਆ ਜਿਸ ਵਿੱਚ ਰਾਜ ਭਰ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ।ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਰੋਲ-ਪਲੇ ਗਤੀਵਿਧੀਆਂ ਅਤੇ ਰਵਾਇਤੀ ਪੰਜਾਬੀ ਲੋਕ ਨਾਚਾਂ ਵਿੱਚ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ।ਐਸ.ਸੀ.ਈ.ਆਰ.ਟੀ. ਪੰਜਾਬ ਦੀ ਡਾਇਰੈਕਟਰ ਅਮਨਿੰਦਰ ਕੌਰ ਬਰਾੜ (ਪੀਸੀਐਸ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੂੰ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ ਤਜਿੰਦਰ ਕੌਰ ਨੇ ਫੁਲਕਾਰੀ ਅਤੇ ਡੀਬੀਯੂ ਪਲੇਕ ਦੇ ਕੇ ਸਨਮਾਨਿਤ ਕੀਤਾ। ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਇਹ ਮੁਕਾਬਲਾ ਪਲੇਟਫਾਰਮ ਪ੍ਰਦਾਨ ਕਰਕੇ ਪੰਜਾਬ ਦੇ ਨੌਜਵਾਨਾਂ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਸਰਕਾਰ ਦੀ ਵਚਨਬੱਧਤਾ ਦਾ ਸਬੂਤ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣੇ ਵਿਰਸੇ ਨਾਲ ਜੁੜ ਸਕਦੇ ਹਨ।

ਸਮਾਗਮ ਦੀ ਸਮਾਪਤੀ ਮੌਕੇ ਡੀ.ਬੀ.ਯੂ. ਦੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਭਾਗੀਦਾਰਾਂ ਨੂੰ ਦੇਸ਼ ਭਗਤ ਯੂਨੀਵਰਸਿਟੀ ਦੇ ਇਤਿਹਾਸ ਅਤੇ ਵੱਖ ਵੱਖ ਪ੍ਰੋਗਰਾਮਾਂ ਬਾਰੇ ਜਾਣੂ ਕਰਵਾਇਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਸੀ.ਈ.ਆਰ.ਟੀ. ਦੇ ਸਹਾਇਕ ਡਾਇਰੈਕਟਰ ਡਾ. ਬੂਟਾ ਸਿੰਘ, ਡੀ.ਬੀ.ਯੂ. ਦੇ ਐਜੂਕੇਸ਼ਨ ਵਿਭਾਗ ਦੀ ਡਾਇਰੈਕਟਰ ਡਾ. ਪ੍ਰੀਸ਼ਿਅਸ, ਡਾ. ਸੁਰਜੀਤ ਪਥੇਜਾ, ਡਾਇਰੈਕਟਰ ਪਰਫਾਰਮਿੰਗ ਆਰਟਸ ਐਂਡ ਮੀਡੀਆ, ਅਸਿਸਟੈਂਟ ਪ੍ਰੋਫੈਸਰ ਰਾਜਵਿੰਦਰ ਕੌਰ ਆਦਿ ਹਾਜਰ ਸਨ।

# ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ 'ਤੇ ਕੀਤੀ ਜਾਵੇਗੀ ਵੱਡੀ ਰੈਲੀ : ਕੁੱਕੜ ਮਜਾਰਾ



**ਬੰਗਾ (ਅਵਤਾਰ ਕਲੇਰ)** ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜ਼ਿਲ੍ਹਾ ਕੌਂਸਲ ਮੈਂਬਰਾਂ ਦੀ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਜੁਝਾਰ ਸਿੰਘ ਕੁੱਕੜ ਮਜਾਰਾ ਨੇ ਕੀਤੀ। ਮੀਟਿੰਗ ਵਿੱਚ ਤੈਅ ਹੋਇਆ ਕਿ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਮਨਾਉਣ ਲਈ ਉਨ੍ਹਾ ਦੇ ਜੱਦੀ ਪਿੰਡ ਸਰਾਭਾ ਵਿਖੇ 17 ਨਵੰਬਰ ਦਿਨ ਐਤਵਾਰ ਨੂੰ ਵੱਡੀ ਰੈਲੀ ਕੀਤੀ ਜਾਵੇਗੀ। ਇਸ ਰੈਲੀ ਵਿੱਚ ਲਗਾਤਾਰ ਦੇਸ਼ ਵਿੱਚ ਵੱਧ ਰਹੀ ਮਹਿੰਗਾਈ , ਬੇਰੁਜ਼ਗਾਰੀ ਅਤੇ ਕਿਸਾਨ ਵੀਰਾਂ ਦਾ ਮੰਡੀ ਵਿਚ ਰੁਲ ਰਿਹਾ ਝੋਨਾ ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਲੋਕਾਂ ਨਾਲ ਝੂਠੇ ਵਾਅਦੇ ਕਰ ਕੇ ਸੱਤਾ 'ਚ ਆਈ ਖਿਲਾਫ ਰੋਸ ਰੈਲੀ ਕੀਤੀ ਜਾਵੇਗੀ। ਇਸ ਰੈਲੀ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਹੋਣਗੇ। ਮੀਟਿੰਗ ਵਿੱਚ ਕਾਮਰੇਡ ਨਰੰਜਣ ਦਾਸ ਜਿਲ੍ਹਾ ਸਕੱਤਰ ਸੀ.ਪੀ. ਆਈ,ਕਾਮਰੇਡ ਜਸਵਿੰਦਰ ਭੰਗਲ ਕਿਸਾਨ ਆਗੂ ਕਾਮਰੇਡ ਗੁਰਬਖਸ਼ ਕੌਰ ਰਾਹੋਂ ਪ੍ਰਧਾਨ ਇਸਤਰੀ ਸਭਾ ਨਵਾਂਸ਼ਹਿਰ ,ਕਾਮਰੇਡ ਸੰਤੋਖ ਪਾਲ ਰਾਹੋਂ,ਕਾਮਰੇਡ ਜੁਝਾਰ ਸਿੰਘ ਕੁੱਕੜ ਮਜਾਰਾ,ਕਾਮਰੇਡ ਧਰਮਪਾਲ ਸਿਆਣਾ, ਕਾਮਰੇਡ ਜੋਗਿੰਦਰ ਜੋਗੀ ਤੇ ਮਨੋਹਰ ਲਾਲ ਆਦਿ ਹਾਜ਼ਰ ਸਨ।

# ਪੋਲੀਟੈਕਨਿਕ ਨੇ ਵਿਦਿਆਰਥੀਆਂ ਨੂੰ ਵੰਡੀ ਸਕਾਲਰਸ਼ਿਪ

**ਜਲੰਧਰ (ਸ਼ੈਲੀ ਐਲਬਰਟ)** ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਨੇ ਹੋਣਹਾਰ ਅਤੇ ਲੋੜੀਂਦੇ 40 ਤੋਂ ਵੱਧ ਵਿਦਿਆਰਥੀਆਂ ਨੂੰ ਇਸ ਸਮੈਸਟਰ ਵਿੱਚ ਅੱਧੀ ਟਿਊਸ਼ਨ ਫੀਸ ਮਾਫ ਕਰਦਿਆਂ ਸਕਾਲਰਸ਼ਿਪ ਦਿੱਤੀ ਹੈ ਤਾਂ ਜੋ ਉਹ ਬਿਨ੍ਹਾਂ ਕਿਸੇ ਮਾਨਸਿਕ ਬੋਝ ਅਤੇ ਦਬਾਅ ਦੇ ਆਪਣਾ ਡਿਪਲੋਮਾ ਪੂਰਾ ਕਰ ਸਕਣ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਹ ਸਕਾਲਰਸ਼ਿਪ ਪੁਰਾਣੇ ਅਲੂਮਨੀ ਵਿਦਿਆਰਥੀਆਂ ਵਲੋਂ ਦਾਨ ਦਿੱਤੀ ਗਈ ਹੈ ਤਾਂ ਜੋ ਉਹਨਾਂ ਦੇ ਛੋਟੇ ਭੈਣ ਭਰਾ ਪੜ ਸਕਣ।ਇਸ ਵਿੱਚ ਪੁਸ਼ਪਾ ਰਾਣੀ ਚੋਪੜਾ ਮੈਮੋਰੀਅਲ ਸਕਾਲਰਸ਼ਿਪ, ਹਾਰਮਨੀ 91 ਸਕਾਲਰਸ਼ਿਪ, ਹਾਰਮਨੀ 86 ਸਕਾਲਰਸ਼ਿਪ , ਸੁੱਖ-ਸ਼ਾਂਤੀ ਮੈਮੋਰੀਅਲ ਸਕਾਲਰਸ਼ਿਪ, ਪ੍ਰੋ ਕੰਵਲਜੀਤ ਢੁਡੀਕੇ ਸਕਾਲਰਸ਼ਿਪ ਆਦਿ ਪ੍ਰਮੁੱਖ ਹਨ। ਸਕਾਲਰਸ਼ਿਪ ਦੀ ਚੋਣ ਲਈ ਵਿਦਿਆਰਥੀਆਂ ਵਿੱਚ 90% ਤੋਂ ਵੱਧ ਨੰਬਰ ਲੈਣ ਵਾਲੇ, ਸਿੰਗਲ ਪੇਰੈਂਟ ਚਾਈਲਡ, ਲੜਕੀਆਂ ਅਤੇ ਉਹਨਾਂ ਵਿਦਿਆਰਥੀਆਂ ਤਰਜੀਹ ਦਿੱਤੀ ਗਈ,ਜਿਨ੍ਹਾਂ ਦੀ ਪਰਿਵਾਰਕ ਆਮਦਨ ਘੱਟ ਹੋਵੇ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਆਪਣੇ ਸਾਰੇ ਹੀ ਅਲੂਮਨੀ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਆਪਣੇ ਛੋਟੇ ਭੈਣ ਭਰਾਵਾਂ ਨੂੰ ਪੜਾਉਣ ਦਾ ਬੀੜਾ ਚੁੱਕਿਆਂ ਹੈ। ਇਸ ਮੌਕੇ ਸਕਾਲਰਸ਼ਿਪ ਕਮੇਟੀ ਦੇ ਮੈਂਬਰ ਡਾ ਰਾਜੀਵ ਭਾਟੀਆ, ਮੈਡਮ ਮੰਜੂ ਤੇ ਹੋਰ ਵਿਭਾਗ ਮੁੱਖੀ ਹਾਜ਼ਰ ਸਨ।



# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨਗਰ ਕੀਰਤਨ ਸਜਾਇਆ



**ਕਪੂਰਥਲਾ, (ਹਨੀ)**- ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ । ਨਗਰ ਕੀਰਤਨ ਵਿਚ ਨਰਸਰੀ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਸ਼ਮੂਲੀਅਤ ਕੀਤੀ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ, ਸਮੂਹ ਸਟਾਫ ਅਤੇ ਵਿਦਿਆਰਥੀਆਂ ਫੁੱਲਾਂ ਨਾਲ ਸੱਜੀ ਹੋਈ ਪਾਲਕੀ ਦਾ ਨਿੱਘਾ ਸਵਾਗਤ ਕੀਤਾ । ਅਰਦਾਸ ਰਾਹੀਂ ਗੁਰੂ ਮਹਾਰਾਜ ਤੋਂ ਨਗਰ ਕੀਰਤਨ ਦੀ ਆਰੰਭਤਾ ਦੀ ਇਜਾਜ਼ਤ ਲੈ ਕੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਦੁਆਰਾ ਪੰਜਾਂ ਪਿਆਰਿਆਂ ਨੂੰ ਸਿਰੋਪਾਓ ਭੇਂਟ ਕੀਤੇ ਗਏ । ਸਕੂਲ ਦੀ ਬੈਂਡ ਟੀਮ ਨੇ ਬੈਂਡ ਰਾਹੀਂ ਅਤੇ ਸੰਗੀਤ ਨਾਲ ਸੰਬੰਧਤ ਵਿਦਿਆਰਥੀਆਂ ਕੀਰਤਨ ਕਰਦਿਆਂ ਉਚੇਚੇ ਤੌਰ 'ਤੇ ਨਗਰ ਕੀਰਤਨ ਵਿੱਚ ਹਾਜਰੀ ਭਰੀ। ਇਸ ਦੌਰਾਨ ਚਾਹ ਪਕੌੜਿਆਂ ਦਾ ਲੰਗਰ ਵੀ ਵਰਤਾਇਆ ਗਿਆ।

# ਬਾਬਾ ਰਾਮ ਰਤਨ ਦੇ ਸਾਲਾਨਾ ਮੇਲੇ 'ਤੇ ਕਲਕਾਰਾਂ ਨੇ ਬੰਨ੍ਹਿਆ ਰੰਗ



**ਰਾਹੋਂ ( ਕੁਲਵਿੰਦਰ ਸਿੰਘ ਰਾਹੋਂ )** ਦਰਬਾਰ ਬਾਬਾ ਰਾਮ ਰਤਨ ਸੱਚ ਘਰ ਸਾਹਮਣੇ ਰੀਜੈਂਸੀ ਪਾਰਕ ਨਵਾਂਸ਼ਹਿਰ ਰੋਡ ਰਾਹੋਂ ਵਿਖੇ ਬਾਬਾ ਰਾਮ ਰਤਨ ਦਾ ਸਾਲਾਨਾ ਮੇਲਾ ਬਹੁਤ ਸ਼ਰਧਾਪੂਰਵਕ ਮਨਾਇਆ ਗਿਆ। ਮੁਖ ਮਹਿਮਾਨ ਪ੍ਰਸਿਧ ਸਮਾਜ ਸੇਵਕ ਨਰੋਆ ਪੰਜਾਬ ਦੇ ਸਰਪ੍ਰਸਤ ਬਰਜਿੰਦਰ ਸਿੰਘ ਹੁਸੈਨਪੁਰ, ਸਮਾਜ ਸੇਵਕ ਮਲਕੀਤ ਸਿੰਘ ਕਾਹਲੋਂ, ਨਗਰ ਕੌਂਸਲ ਰਾਹੋਂ ਦੇ ਸਾਬਕਾ ਪ੍ਰਧਾਨ ਦਿਨੇਸ਼ ਕੁਮਾਰ ਚੋਪੜਾ,. ਹੈਮੰਤ ਕੁਮਾਰ ਰੰਦੇਵ ਵਲੋਂ ਸਟੇਜ ਦਾ ਉਦਘਾਟਨ ਕੀਤਾ ਗਿਆ। ਪ੍ਰਸਿਧ ਕਲਾਕਰ ਮੁਕੇਸ਼ ਇਨਾਇਤ ਜਲੰਧਰ ਵਾਲੇ ਸੋਨੂੰ ਸੇਠੀ ਜ਼ੀਰਕਪੁਰ ਵਾਲਿਆਂ ਵਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਜੋਗੇਸ਼ ਕੁਮਾਰ ਜੋਗਾ ਅਸ਼ਵਨੀ ਭਾਰਗਵ ਅਸ਼ਵਨੀ ਚੋਪੜਾ ਗੌਰਵ ਗਾਬਾ ਪ੍ਰਧਾਨ ਦੁਕਨਦਾਰ ਯੂਨੀਅਨ ਡਾ. ਸੰਜੀਵ ਕੁਮਾਰ ਬਿੱਟੂ ਮੈਡੀਕਲ ਅਰੁਣ ਭਾਰਗਵ ਡਾ ਨਵੀਨ ਅਜੈ ਵਸ਼ਿਸ਼ਟ ਅਰੁਣ ਭਾਰਗ ਸੁਭਾਸ਼ ਅਰੋੜਾ ਡਾ. ਵਿਸ਼ਾਲ ਅਮਿਤ ਕੁਮਾਰ ਜੀਤ ਹੈਪੀ ਵਰਮਾ ਅਜੈ ਕੁਮਾਰ ਸਰਬਜੀਤ ਕਾਲਾ ਮੁਨੀਸ਼ ਅਰੋੜਾ ਬਲਵੀਰ ਸਿੰਘ ਰੋਹਿਤ ਕੁਮਾਰ ਆਸ਼ੂ ਬਲਵਿੰਦਰ ਸਿੰਘ ਬੱਬੂ ਭਾਰਗਵ ਬੱਬੂ ਰੈਡੀਮੇਡ ਅਸ਼ਵਨੀ ਭਾਰਗਵ ਗੌਰਵ ਡਾ. ਵਿਸ਼ਾਲ ਡਾਕਟਰ ਡਾ.ਰਿੰਪਲ ਚੋਪੜਾ ਨਵੀਨ ਕੁਮਾਰ ਤਿਲਕ ਰਾਜ ਜੀਤ ਬਲਵੀਰ ਸਿੰਘ ਕੁਲਵਿੰਦਰ ਸਿੰਘ ਹਾਜਰ ਸਨ। ਦਰਬਾਰ ਵਿੱਚ ਫਲ ਫਰੂਟ ਚਾਹ ਪਕੌੜੇ ਦਹੀਂ ਭੱਲੇ ਤੇ ਬਾਬਾ ਜੀ ਦੇ ਲੰਗਰ ਅਤੁਟ ਵਰਤਾਏ ਗਏ। ਲਿਬਾਸਾ ਹਸਪਤਾਲ ਵਲੋਂ ਫਰੀ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ।

# ਰਿਆਤ ਬਾਹਰਾ 'ਵਰਸਿਟੀ ਦੇ ਪੈਰਾ-ਮੈਡੀਕਲ ਸਾਇੰਸਜ਼ ਵਿਭਾਗ ਵੱਲੋਂ ਡੀ ਐੱਮ ਸੀ ਹਸਪਤਾਲ ਦਾ ਦੌਰਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਯੂਨੀਵਰਸਿਟੀ ਦੇ ਪੈਰਾਮੈਡੀਕਲ ਸਾਇੰਸਜ਼ ਵਿਭਾਗ ਵੱਲੋਂ ਬੀ.ਐਸ.ਸੀ (ਐਮ.ਐਲ.ਐਸ.) ਪੰਜਵੇਂ ਸਮੈਸਟਰ ਦੇ ਵਿਦਿਆਰਥੀਆਂ ਲਈ ਡੀ ਐਮ ਸੀ ਹਸਪਤਾਲ, ਲੁਧਿਆਣਾ ਦਾ ਵਿਦਿਅਕ ਦੌਰਾ ਕੀਤਾ ਗਿਆ। ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿਹਤ ਸੰਭਾਲ ਖੇਤਰ ਵਿੱਚ ਪ੍ਰੈਕਟੀਕਲ ਅਨੁਭਵ ਪ੍ਰਦਾਨ ਕਰਨਾ ਅਤੇ ਵੱਖ-ਵੱਖ ਮੈਡੀਕਲ ਪੇਸ਼ੇਵਰਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਉਣਾ ਸੀ। ਇਹ ਦੌਰਾ ਪ੍ਰਿੰਸੀਪਲ ਡਾ: ਹਰਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਕਰਵਾਇਆ ਗਿਆ। ਵਿਭਾਗ ਦੇ ਇੰਚਾਰਜ ਡਾ.ਸੁਖਮੀਤ ਬੇਦੀ ਨੇ ਦੱਸਿਆ ਕਿ ਡੀ.ਐਮ.ਸੀ ਹਸਪਤਾਲ ਵਿੱਚ ਵਿਦਿਆਰਥੀਆਂ ਨੂੰ ਹਸਪਤਾਲ ਦੇ ਵੱਖ-ਵੱਖ ਵਿਭਾਗਾਂ ਜਿਨ੍ਹਾਂ ਵਿੱਚ ਐਮਰਜੈਂਸੀ ਰੂਮ, ਆਈ.ਸੀ.ਯੂ., ਰੇਡੀਓਲਾਜੀ ਵਿਭਾਗ, ਬਾਇਓਕੈਮਿਸਟਰੀ ਲੈਬ, ਹੇਮਾਟੋਲੋਜੀ ਲੈਬ, ਮਾਈਕਰੋਬਾਇਓਲੋਜੀ ਲੈਬ, ਪੈਥੋਲੋਜੀ ਲੈਬ ਆਦਿ ਬਾਰੇ ਜਾਣਕਾਰੀ ਦਿੱਤੀ ਗਈ । ਵਿਦਿਆਰਥੀਆਂ ਨੇ ਬਲੱਡ ਬੈਂਕ ਅਤੇ ਕੁਲੈਕਸ਼ਨ ਸੈਂਟਰ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਤਜਰਬੇਕਾਰ ਡਾਕਟਰਾਂ ਵੱਲੋਂ ਵਿਦਿਆਰਥੀਆਂ ਨੂੰ ਹਰੇਕ ਵਿਭਾਗ ਦੇ ਕੰਮਕਾਜ, ਵਰਤੇ ਜਾਣ ਵਾਲੇ ਉਪਕਰਨਾਂ ਅਤੇ ਵੱਖ-ਵੱਖ ਮੈਡੀਕਲ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦਿੱਤੀ ਗਈ।ਡਾ: ਸੁਖਮੀਤ ਨੇ ਦੱਸਿਆ ਕਿ ਇਸ ਵਿੱਦਿਅਕ ਦੌਰੇ ਦਾ ਮੁੱਖ ਆਕਰਸ਼ਣ ਮੈਡੀਕਲ ਲੈਬਾਰਟਰੀਆਂ ਅਤੇ ਰੇਡੀਓਲਾਜੀ ਓਪਰੇਟਿੰਗ ਰੂਮਾਂ ਦਾ ਪ੍ਰਦਰਸ਼ਨ ਸੀ, ਜਿੱਥੇ ਵਿਦਿਆਰਥੀਆਂ ਨੂੰ ਵੱਖ-ਵੱਖ ਮੈਡੀਕਲ ਉਪਕਰਨਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਦੀ ਸਹੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਗਈ । ਇਸ ਦੌਰੇ ਨੇ ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਅਤੇ ਉਦਯੋਗ ਵਿੱਚ ਲੋੜੀਂਦੇ ਹੁਨਰਾਂ ਦਾ ਵਿਆਪਕ ਐਕਸਪੋਜਰ ਪ੍ਰਦਾਨ ਕੀਤਾ। ਇਸ ਮੌਕੇ ਪ੍ਰੋ: ਪੂਜਾ, ਪ੍ਰੋ: ਸਾਕਿਬ ਨੇ ਵੀ ਵਿਦਿਆਰਥੀਆਂ ਨਾਲ ਇਸ ਟੂਰ ਦਾ ਅਨੁਭਵ ਕੀਤਾ ।

## ਮਨਸੂਰਪੁਰ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਸ਼ੁਰੂ

**ਫਿਲੌਰ ( ਨਿਰਮਲ )** ਨਜ਼ਦੀਕੀ ਪਿੰਡ ਮਨਸੂਰਪੁਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦਾ ਆਯੋਜਨ ਕੀਤਾ ਗਿਆ। ਇਹ ਆਯੋਜਿਤ ਗੁਰਦੁਆਰਾ ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕੀਤਾ ਗਿਆ। ਸੰਗਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ। ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ। ਪ੍ਰਭਾਤ ਫੇਰੀਆਂ ਦੌਰਾਨ ਸੰਗਤਾਂ ਲਈ ਵੱਖ ਵੱਖ ਪ੍ਰਕਾਰ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਬਲਦੇਵ ਸਿੰਘ ਦੇਬੀ, ਕੁਲਦੀਪ ਸਿੰਘ ਬਿੱਟੂ, ਨਰਿੰਦਰ ਸਿੰਘ, ਹਰਕਮਲ ਸਿੰਘ, ਉਂਕਾਰ ਸਿੰਘ ਕਾਰੀ, ਡਾਕਟਰ ਨਾਇਬ ਸਿੰਘ, ਬੀਬੀ ਸੁਖਵਿੰਦਰ ਕੌਰ, ਬੀਬੀ ਪਰਮਜੀਤ ਕੌਰ, ਬੀਬੀ ਸਤਿੰਦਰ ਕੌਰ, ਹਰਮਨਜੀਤ ਕੌਰ, ਅੰਕਿਤਾ, ਦਰਸ਼ਨਾਂ ਜੰਡੂ, ਸਰਬਜੀਤ ਕੌਰ, ਦਵਿੰਦਰ ਕੌਰ, ਅਮਰਜੀਤ ਕੌਰ, ਰਮਨਜੀਤ ਕੌਰ, ਰਜਵੰਤ ਕੌਰ ਅਤੇ ਹੋਰ ਹਾਜਰ ਸਨ।



# ਬੱਚਿਆਂ ਦੇ ਭਾਸ਼ਣ, ਕਵਿਤਾ ਉਚਾਰਨ ਤੇ ਕੁਇਜ਼ ਮੁਕਾਬਲੇ ਕਰਵਾਏ




**ਕਰਤਾਰਪੁਰ (ਹਰਮੇਸ਼ ਦੱਤ )** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਵਿੱਚ ਪ੍ਰਿੰਸੀਪਲ ਕੰਵਲਜੀਤ ਕੌਰ ਦੀ ਦੇਖ-ਰੇਖ ਹੇਠ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੇ ਕਵਿਤਾ ਉਚਾਰਨ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਬੱਚਿਆਂ ਦੇ ਕੁਇਜ਼ ਮੁਕਾਬਲੇ ਕਰਵਾਏ ਗਏ ।

ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਦੇ ਚਾਰੇ ਹਾਊਸ ਦੇ ਬੱਚਿਆਂ ਨੇ ਭਾਗ ਲਿਆ। ਸਕੂਲ ਦੀ ਚੇਅਰਪਰਸਨ ਸੁਰਿੰਦਰ ਕੌਰ, ਡਾ: ਚਰਨ ਸਿੰਘ, ਡਾ: ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ ਅਤੇ ਪਲਵਿੰਦਰ ਕੌਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।

ਕਵਿਤਾ ਉਚਾਰਨ ਵਿੱਚ ਮਨਪ੍ਰੀਤ ਕੌਰ ਨੇ ਪਹਿਲਾ, ਦਮਨਜੋਤ ਸਿੰਘ ਨੇ ਦੂਜਾ ਅਤੇ ਚਹਨੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਭਾਸ਼ਣ ਮੁਕਾਬਲੇ ਵਿੱਚ ਜਸਨੀਤ ਕੌਰ ਪਹਿਲੇ, ਅਰਾਧਨਾ ਤੇ ਸਿਦਕ ਸਿੰਘ ਦੂਜੇ ਅਤੇ ਰੋਹਨ ਸ਼ਰਮਾ ਤੇ ਜੈਸਮੀਨ ਕੌਰ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੇ। ਕੁਇਜ਼ ਮੁਕਾਬਲੇ ਵਿੱਚ ਗੋਬਿੰਦ ਹਾਊਸ ਦੇ ਤਨਵੀਰ ਸਿੰਘ, ਹਰਵੀਰ ਸਿੰਘ ਅਤੇ ਪ੍ਰਭਨੂਰ ? ?ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਕੰਵਲਜੀਤ ਕੌਰ ਨੇ ਜੇਤੂਆਂ ਨੂੰ ਸਨਮਾਨਤ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲਿਆਂ ਨਾਲ ਬੱਚਿਆਂ ਵਿੱਚ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ।

# ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਨਗਰ ਕੀਰਤਨ ਭਲਕੇ ਸਜਾਇਆ ਜਾਵੇਗਾ

**ਮੋਹਾਲੀ (ਗੁਰਜੀਤ ਬਿੱਲਾ)**-ਗੁਰਦੁਆਰਾ ਤਾਲਮੇਲ ਕਮੇਟੀ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਪ੍ਰਧਾਨ ਜੋਗਿੰਦਰ ਸਿੰਘ ਸੌਂਧੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਗੋਬਿੰਦਸਰ ਸਾਹਿਬ ਪਿੰਡ ਮੋਹਾਲੀ ਵਿਖੇ ਹੋਈ । ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਨਗਰ ਕੀਰਤਨ ਮਿਤੀ 13 ਨਵੰਬਰ ਬੁੱਧਵਾਰ ਨੂੰ ਸਜਾਇਆ ਜਾਵੇਗਾ। ਜੋ ਕਿ ਗੁਰਦੁਆਰਾ ਗੋਬਿੰਦਸਰ ਸਾਹਿਬ ਤੋ ਸਵੇਰੇ 11 ਵਜੇ ਅਰੰਭ ਹੋ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਜ 1, ਪੁਰਾਣਾ ਡੀ ਸੀ ਦਫ਼ਤਰ, ਫਰੈਂਕੋ ਹੋਟਲ, ਡਿਪਲਾਸਟ ਚੌਂਕ, 2-4 ਦਾ ਚੌਂਕ, ਮਦਨਪੁਰ ਚੌਂਕ, 2-5 ਦੀਆਂ ਲਾਈਟਾਂ, ਗੁਰਦੁਆਰਾ ਸਾਚਾ ਧਨੁ ਸਾਹਿਬ, ਗੁਰਦੁਆਰਾ ਅੰਬ ਸਾਹਿਬ, 9-10 ਦੀ ਰੋਡ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਜ਼ 11 ਵਿੱਖੇ ਰਾਤ 8 ਵਜੇ ਸੰਪੂਰਨ ਹੋਵੇਗਾ। ਨਗਰ ਕੀਰਤਨ ਵਿੱਚ ਥਾਂ ਥਾਂ 'ਤੇ ਸੰਗਤਾਂ ਅਤੇ ਗੁਰਦੁਆਰਿਆਂ ਦੇ ਸਹਿਯੋਗ ਨਾਲ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਮੀਟਿੰਗ ਵਿੱਚ ਮਨਜੀਤ ਸਿੰਘ ਮਾਨ, ਕਰਮ ਸਿੰਘ ਬਬਰਾ, ਹਰਜੀਤ ਸਿੰਘ, ਅਮਰਜੀਤ ਸਿੰਘ ਪਾਹਵਾ, ਸੂਰਤ ਸਿੰਘ ਕਲਸੀ, ਜਗਜੀਤ ਸਿੰਘ, ਸਰਬਜੀਤ ਸਿੰਘ ਬਾਜਵਾ, ਸਵਿੰਦਰ ਸਿੰਘ, ਪ੍ਰੀਤਮ ਸਿੰਘ, ਸੁਰਜੀਤ ਸਿੰਘ ਮਠਾੜੂ, ਅਤੇ ਬਲਵਿੰਦਰ ਸਿੰਘ ਹੂੰਝਣ ਤੋਂ ਇਲਾਵਾ ਕਈ ਪਤਵੰਤੇ ਹਾਜਰ ਸਨ।

# ਦ ਨੌਰਵੁੱਡ ਸਕੂਲ 'ਚ ਐਨੂਅਲ ਸਪੋਰਟਸ ਚੈਂਪੀਅਨਸ ਕੁਐਸਟ ਦਾ ਆਗਾਜ਼

**ਬਲਾਚੌਰ (ਜਸਵਿੰਦਰ ਬੈਂਸ)**-ਦ ਨੌਰਵੁੱਡ ਸਕੂਲ, ਚਾਹਲ ਵਿਖੇ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਐਨੂਅਲ ਸਪੋਰਟਸ ਚੈਂਪੀਅਨਸ ਕੁਐਸਟ ਦਾ ਉਦਘਾਟਨੀ ਸਮਾਰੋਹ ਆਯੋਜਿਤ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਸ੍ਰੀਮਤੀ ਅਵਨੀਤ ਕੌਰ, ਏ.ਡੀ.ਸੀ. ਸ਼ਹੀਦ ਭਗਤ ਸਿੰਘ ਨਗਰ, ਸਤਨਾਮ ਸਿੰਘ ਚੇਚੀ, ਚੇਅਰਮੈਨ ਜਿਲਾ ਯੋਜਨਾ ਬੋਰਡ ਤੇ ਸਕੂਲ ਮੈਨੇਜਮੈਂਟ ਵੱਲੋਂ ਮੋਹਿਤ ਕੁਮਾਰ, ਚੇਅਰਮੈਨ, ਪੂਜਾ ਚੌਧਰੀ, ਡਾਇਰੈਕਟਰ, ਪ੍ਰਿੰਸੀਪਲ ਰਵਿੰਦਰ ਸਿੰਘ ਭਨੋਟ ਤੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਰਜਨੀ ਭਨੋਟ ਤੇ ਹੋਰ ਕਈ ਪਤਵੰਤੇ ਸੱਜਣ ਹਾਜਰ ਸਨ। ਇਸ ਜਸ਼ਨ ਦੀ ਸ਼ੁਰੂਆਤ ਮਸ਼ਾਲ ਜਗਾ ਕੇ ਤੇ ਸਕਲੂ ਦਾ ਝੰਡਾ ਫਹਿਰਾ ਕੇ ਕੀਤੀ ਗਈ। ਜਿਸ ਤੋਂ ਬਾਅਦ ਤੇ ਬੱਚਿਆਂ ਨੇ ਮਾਰਚ ਪਾਸਟ ਕੀਤਾ ਤੇ ਖੇਡਾਂ ਨੂੰ ਦਰਸਾਉਂਦਾ ਬਹੁਤ ਹੀ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਸਕੂਲ ਦੇ ਟੀਚਿੰਗ ਤੇ ਨਾਨ- ਟੀਚਿੰਗ ਸਟਾਫ ਮੈਂਬਰਾਂ ਨੂੰ ਸਰਵੋਤਮ ਅਧਿਆਪਕ ਤੇ ਸਰਵੋਤਮ ਸੇਵਾ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।ਬੱਚਿਆਂ ਨੇ ਰੀਲੇਅ ਰੇਸ, ਸ਼ਟਲ ਰੇਸ, ਸਪੂਨ ਅਤੇ ਲੈਮਨ ਰੇਸ ਤੇ ਫਰੋਗ ਜੰਪ ਆਦਿ ਖੇਡਾਂ ਵਿੱਚ ਭਾਗ ਲਿਆ।



# ਥਾਣਾ ਸਿਟੀ ਦੇ ਐੱਸ ਐੱਚ ਓ ਨੇ ਮੈਰਿਜ ਪੈਲੇਸ ਦੇ ਮੈਨੇਜਰਾਂ ਨਾਲ ਕੀਤੀ ਮੀਟਿੰਗ



**ਬਲਾਚੌਰ ਨਵੰਬਰ (ਜਸਵਿੰਦਰ ਬੈਂਸ)**—ਬਲਾਚੌਰ ਥਾਣਾ ਸਿਟੀ ਦੇ ਐਸ ਐਚ ਓ ਸਤਨਾਮ ਸਿੰਘ ਵੱਲੋਂ ਬਲਾਚੌਰ ਸਿਟੀ ਵਿੱਚ ਮੌਜੂਦ ਮੈਰਿਜ ਪੈਲਸਾਂ ਦੇ ਮੈਨੇਜਰਾਂ ਨਾਲ ਥਾਣਾ ਸਿਟੀ ਦੇ ਵਿੱਚ ਇੱਕ ਮੀਟਿੰਗ ਕੀਤੀ ਅਤੇ ਹਦਾਇਤਾਂ ਕਰਦਿਆਂ ਕਿਹਾ ਕਿ ਮੈਰਿਜ ਪੈਲਸਾਂ ਦੇ ਵਿੱਚ ਅਸਲੇ ਦੀ ਪੂਰਨ ਤੌਰ 'ਤੇ ਪਾਬੰਦੀ ਲਗਾਈ ਜਾਵੇ।ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਰਾਜੇਸ ਧੀਮਾਨ ਦੇ ਆਦੇਸ਼ ਹਨ ਕਿ ਮੈਰਿਜ ਪੈਲਸਾਂ ਦੇ ਵਿੱਚ ਅਸਲੇ 'ਤੇ ਪੂਰਨ ਤੌਰ 'ਤੇ ਪਾਬੰਦੀ ਲਾਈ ਜਾਵੇ। ਉਹਨਾਂ ਨੇ ਕਿਹਾ ਕਿ ਆਪਣੇ ਮੈਰਿਜ ਪੈਲੇਸ ਦੇ ਬਾਹਰ ਅਸਲਾ ਨਾ ਲਿਆਉਣ ਬਾਰੇ ਲਿਖਿਆ ਜਾਵੇ ਅਤੇ ਜੇਕਰ ਕੋਈ ਵਿਆਹ ਦੇ ਵਿੱਚ ਅਸਲਾ ਲੈ ਕੇ ਆਉਂਦਾ ਹੈ ਤਾਂ ਤੁਰੰਤ ਉਸ ਦੀ ਸੂਚਨਾ ਥਾਣਾ ਮੁਖੀ ਨੂੰ ਦਿੱਤੀ ਜਾਵੇ । ਇਸ ਮੌਕੇ 'ਤੇ ਮੈਨੇਜਰ ਹਰਪ੍ਰੀਤ ਸਿੰਘ, ਪਵਨ ਕੁਮਾਰ, ਰਣਜੀਤ ਕੁਮਾਰ, ਗੁਰਪਾਲ, ਮੁਨੀਸ਼ ਕੁਮਾਰ ਮੌਜੂਦ ਸਨ।

# ਸੰਤ ਬਾਬਾ ਭਾਗ ਸਿੰਘ 'ਵਰਸਿਟੀ ਵਿਖੇ ਵਿਸ਼ਵ ਰੇਡੀਓਲੋਜੀ ਦਿਵਸ ਮਨਾਇਆ



**ਆਦਮਪੁਰ (ਪਰਮਜੀਤ ਸਿੰਘ )**- ਲਾਈਫ ਸਾਇੰਸਜ਼ ਅਤੇ ਅਲਾਈਡ ਹੈਲਥ ਸਾਇੰਸਜ਼ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਜਲੰਧਰ ਨੇ ਵਿਸ਼ਵ ਰੇਡੀਓਲੋਜੀ ਦਿਵਸ 2024 ਮਨਾਇਆ।ਰੇਡੀਓਲੋਜੀ ਮਰੀਜ਼ਾਂ ਦੀ ਸੁਰੱਖਿਆ ਅਤੇ ਗੁਣਵੱਤਾ ਦੀ ਦੇਖਭਾਲ ਦਾ ਇੱਕ ਥੰਮ੍ਹ ਵਿਸ਼ੇ 'ਤੇ ਪਹਿਲੇ ਰਾਸ਼ਟਰੀ ਸੀ.ਐਮ.ਈ. ਚਾਂਸਲਰ ਸੰਤ ਬਾਬਾ ਮਨਮੋਹਨ ਸਿੰਘ ਅਤੇ ਵਾਈਸ ਚਾਂਸਲਰ ਡਾ: ਧਰਮਜੀਤ ਸਿੰਘ ਪਰਮਾਰ ਦੀ ਦੇਖ-ਰੇਖ ਹੇਠ ਇੰਡੀਅਨ ਸੋਸਾਇਟੀ ਆਫ਼ ਰੇਡੀਓਗ੍ਰਾਫਰਜ਼ ਐਂਡ ਟੈਕਨੋਲੋਜਿਸਟਸ ਆਈ.ਐਸ ਆਰ.ਟੀ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਸਮਾਗਮ ਦਾ ਉਦਘਾਟਨ ਵਾਈਸ-ਚਾਂਸਲਰ: ਪ੍ਰੋ.(ਡਾ.) ਧਰਮਜੀਤ ਸਿੰਘ ਪਰਮਾਰ, ਹਰਦਮਨ ਸਿੰਘ ਮਿਨਹਾਸ ਸਕੱਤਰ, ਡਾ. ਵਿਜੇ ਧੀਰ ਡੀਨ ਅਕਾਦਮਿਕ, ਡਾ. ਅਨੀਤ ਕੁਮਾਰ ਰਜਿਸਟਰਾਰ, ਡਾ: ਸ਼ਵੇਤਾ ਸਿੰਘ, ਡਾ: ਨਿਸ਼ਾ ਸ਼ਰਮਾ, ਡਾ. ਜਗਦੀਪ ਕੌਰ ਅਤੇ ਵਿਭਾਗ ਦੇ ਫੈਕਲਟੀ ਮੈਂਬਰਾਂ ਨੇ ਕੀਤਾ। ਸਮਾਗਮ ਵਿੱਚ ਨਾਮਵਰ ਮਾਹਿਰਾਂ ਵੱਲੋਂ ਸ਼ਿਰਕਤ ਕੀਤੀ ਗਈ। ਮੋਹਨ ਲਾਲ ਭਾਗਵਤ, ਪ੍ਰਧਾਨ ਆਈ.ਐਸ.ਆਰ.ਟੀ., ਕਮਾਂਡਰ ਡਾ. ਡੈਨੀਅਲ ਕਨਕਰਾਇਲ ਜੇਮਸ, ਰਾਸ਼ਟਰੀ ਸਕੱਤਰ, ਲੋਕ ਸੰਪਰਕ, ਆਈ.ਐਸ.ਆਰ.ਟੀ., ਸ੍ਰੀਮਤੀ ਮਨਜਿੰਦਰ ਧਨੋਆ, ਕੌਂਸਲ ਮੈਂਬਰ ਆਈ.ਐਸ.ਆਰ.ਟੀ., ਪੰਜਾਬ ਅਤੇ ਆਰ.ਐਸ.ਓ., ਸੀ.ਐਮ.ਸੀ., ਲੁਧਿਆਣਾ, ਰਣਧੀਰ ਸਿੰਘ ਡੋਡ, ਆਈ.ਐਸ ਆਰ.ਟੀ ਦੇ ਗਵਰਨਿੰਗ ਮੈਂਬਰ, ਖੇਤਰੀ ਕੋਆਰਡੀਨੇਟਰ ਉੱਤਰੀ-ਪੱਛਮੀ ਆਈ.ਐਸ ਆਰ.ਟੀ ਅਤੇ ਜਨਰਲ ਸਕੱਤਰ, ਆਈ.ਐਸ ਆਰ.ਟੀ ਪੰਜਾਬ ਸਾਰੇ ਮਾਹਿਰਾਂ ਨੂੰ ਧੰਨਵਾਦ ਦੇ ਚਿੰਨ੍ਹ ਵਜੋਂ ਗੁਲਦਸਤੇ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਸੀ.ਐਮ.ਈ ਵਿੱਚ 200 ਤੋਂ ਵੱਧ ਪ੍ਰਤੀਯੋਗੀਆਂ ਨੇ ਭਾਗ ਲਿਆ। ਕਾਨਫਰੰਸ ਨੇ ਰੇਡੀਓਲੋਜੀ ਦੀ ਉੱਤਮਤਾ ਨੂੰ ਉਤਸ਼ਾਹਿਤ ਕਰਨ ਅਤੇ ਸਿਹਤ ਸੰਭਾਲ ਵਿੱਚ ਸੁਰੱਖਿਆ ਅਤੇ ਗੁਣਵੱਤਾ ਦੀ ਸੰਸਕ੍ਰਿਤੀ ਦੀ ਕਾਸ਼ਤ ਕਰਨ ਦੀ ਲੋੜ ਨੂੰ ਉਜਾਗਰ ਕੀਤਾ। ਵਿਦਿਆਰਥੀਆਂ ਨੇ ਕਈ ਮੌਖਿਕ ਪੇਸ਼ਕਾਰੀ, ਪੋਸਟਰ ਅਤੇ ਮਾਡਲ ਪ੍ਰਦਰਸ਼ਿਤ ਕਰਕੇ ਆਪਣੀ ਰਚਨਾਤਮਕਤਾ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

## ਵਰ੍ਹੇਗੰਢ ਮੁਬਾਰਕ



ਸੰਦੀਪ ਤੇ ਸਿਮਰਨ ਨਿਵਾਸੀ ਦਸਮੇਸ਼ ਨਗਰ ਰੋਪੜ ਨੇ ਵਿਆਹ ਦੀ 14ਵੀਂ ਵਰ੍ਹੇਗੰਢ ਮਨਾਈ।



ਕਮੇਟੀ ਅਫਸਰ ਕਰਨਜੀਤ ਸਿੰਘ ਮੁਲਤਾਨੀ ਤੇ ਤਲਵਿੰਦਰ ਕੌਰ ਮੁਲਤਾਨੀ ਏ ਐੱਨ ਐੱਮ ਵਾਸੀ ਨਵਾਂ ਸ਼ਾਲਾ ਗੁਰਦਾਸਪੁਰ ਨੇ ਵਿਆਹ ਦੀ 33ਵੀਂ ਵਰ੍ਹੇਗੰਢ ਮਨਾਈ।

# ਗੜ੍ਹਸ਼ੰਕਰ ਵਿਖੇ ਹੋਏ 3 ਕਤਲਾਂ ਦੇ ਗਿਆਰਾਂ ਮੁਲਜ਼ਮਾਂ 'ਚੋਂ 5 ਗ੍ਰਿਫ਼ਤਾਰ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**-ਸ਼੍ਰੀ ਸੁਰੇਂਦਰ ਲਾਂਬਾ ਆਈਪੀਐੱਸ ਸੀਨੀਅਰ ਕਪਤਾਨ ਪੁਲਿਸ, ਹੁਸ਼ਿਆਰਪੁਰ ਦੇ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ 'ਤੇ ਸ਼ਿਕੰਜਾ ਕੱਸਦੇ ਹੋਏ, ਸ਼੍ਰੀ ਸਰਬਜੀਤ ਸਿੰਘ ਬਾਹੀਆ ਪੀਪੀਐਸ, ਕਪਤਾਨ ਪੁਲਸ, ਤਫਤੀਸ਼ ਹੁਸ਼ਿਆਰਪੁਰ, ਸ਼੍ਰੀ ਜਸਪ੍ਰੀਤ ਸਿੰਘ ਉਪ ਕਪਤਾਨ ਪੁਲਸ ਸਬ-ਡਵੀਜ਼ਨ ਗੜ੍ਹਸ਼ੰਕਰ ਦੀ ਯੋਗ ਨਿਗਰਾਨੀ ਹੇਠ ਐੱਸਆਈ ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਵੱਲੋਂ ਮਿਤੀ 09-11-2024 ਨੂੰ ਪਿੰਡ ਮੋਰਾਂਵਾਲੀ, ਥਾਣਾ ਗੜ੍ਹਸ਼ੰਕਰ ਵਿਖੇ ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਬਲਵੀਰ ਸਿੰਘ, ਗੁਰਸੁਖਤਿਆਰ ਸਿੰਘ ਉਰਫ ਸੁੱਖਾ ਪੁੱਤਰ ਜਗਤਾਰ ਸਿੰਘ ਵਾਸੀਆਨ ਮੋਰਾਂਵਾਲੀ, ਥਾਣਾ ਗੜ੍ਹਸ਼ੰਕਰ ਅਤੇ ਗੁਰਸ਼ਰਨ ਸਿੰਘ ਪੁੱਤਰ ਸੁਖਜਿੰਦਰ ਸਿੰਘ ਮੁਹੱਲਾ ਤੁੰਗਲ ਗੇਟ ਬੰਗਾ, ਥਾਣਾ ਸਿਟੀ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਸੀ। ਉਕਤ ਟੀਮਾਂ ਵੱਲੋਂ ਖੁਫੀਆ ਅਤੇ ਟੈਕਨੀਕਲ ਸਰੋਤਾਂ ਦੀ ਮਦਦ ਨਾਲ ਤਫਤੀਸ਼ ਕਰਦੇ ਹੋਏ ਉਕਤ ਮੁਕੱਦਮਾ ਵਿੱਚ ਲੋੜੀਂਦੇ 11 ਦੋਸ਼ੀਆਂ ਵਿੱਚੋਂ 05 ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸ਼੍ਰੀ ਸੁਰੇਂਦਰ ਲਾਂਬਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਪਿੰਡ ਮੋਰਾਂਵਾਲੀ ਵਿਖੇ ਨਸ਼ਾ ਛੁਡਾਓ ਕੇਂਦਰ ਚਲਾ ਰਿਹਾ ਹੈ, ਜੋ ਮਿਤੀ 25-10-2024 ਨੂੰ ਮ੍ਰਿਤਕ ਮਨਪ੍ਰੀਤ ਸਿੰਘ ਵੱਲੋਂ ਗੁਰਪ੍ਰੀਤ ਸਿੰਘ ਦੇ ਨਸ਼ਾ ਛੁਡਾਓ ਕੇਂਦਰ ਬਾਰੇ ਗਲਤ ਸ਼ਬਦਾਵਲੀ ਦੀ ਵਰਤੋਂ ਕਰਨ 'ਤੇ ਦੋਨਾਂ ਵਿੱਚ ਲੜਾਈ ਝਗੜਾ ਹੋਇਆ ਸੀ। ਇਸ ਸਬੰਧੀ ਥਾਣਾ ਗੜ੍ਹਸ਼ੰਕਰ ਵਿਖੇ ਦੋਨਾਂ ਧਿਰਾਂ ਨੂੰ ਤਲਬ ਕੀਤਾ ਗਿਆ ਸੀ, ਜਿੱਥੇ ਦੋਨਾਂ ਧਿਰਾਂ ਦੀ ਕੋਈ ਗੱਲਬਾਤ ਨਾ ਸਿਰੇ ਚੜ੍ਹਨ 'ਤੇ ਦੋਨਾਂ ਧਿਰਾਂ ਦੇ ਨਾਲ ਆਏ ਮੋਹਤਬਰ ਵਿਅਕਤੀਆਂ ਵੱਲੋਂ ਆਪਸੀ ਰਾਜ਼ੀਨਾਮੇ ਲਈ ਸਮਾਂ ਲਿਆ ਗਿਆ ਸੀ। ਮ੍ਰਿਤਕ ਮਨਪ੍ਰੀਤ ਸਿੰਘ ਦੀ ਐਮਐਲਆਰ ਸਬੰਧੀ ਰਪਟ ਦਰਜ ਕੀਤੀ ਗਈ ਸੀ। ਗੁਰਪ੍ਰੀਤ ਸਿੰਘ ਉਰਫ ਗੋਪੀ ਵਲੋਂ ਇਸੇ ਰੰਜਿਸ਼ ਤਹਿਤ ਆਪਣੇ ਸਾਥੀਆਂ ਸਮੇਤ ਮਨਪ੍ਰੀਤ ਸਿੰਘ ਅਤੇ ਉਸ ਦੇ 02 ਦੋਸਤਾਂ ਦਾ ਕਤਲ ਕਰ ਦਿੱਤਾ ਗਿਆ।ਗ੍ਰਿਫਤਾਰ ਕੀਤੇ ਕਥਿਤ ਦੋਸ਼ੀਆਂ ਦੇ ਨਾਮ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਦਲਜੀਤ ਸਿੰਘ ਵਾਸੀ ਮੋਰਾਂਵਾਲੀ, ਥਾਣਾ ਗੜ੍ਹਸ਼ੰਕਰ, ਦਲਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਮੋਰਾਂਵਾਲੀ, ਥਾਣਾ ਗੜ੍ਹਸ਼ੰਕਰ,ਬਲਜਿੰਦਰ ਸਿੰਘ ਉਰਫ ਬਿੱਲਾ ਪੁੱਤਰ ਸੁਰਿੰਦਰ ਸਿੰਘ ਵਾਸੀ ਮੋਰਾਂਵਾਲੀ, ਥਾਣਾ ਗੜ੍ਹਸ਼ੰਕਰ,ਇੰਦਰਜੀਤ ਸਿੰਘ ਉਰਫ ਇੰਦੂ ਭਲਵਾਨ ਪੁੱਤਰ ਜਸਵੰਤ ਸਿੰਘ ਵਾਸੀ ਪੱਦੀ ਸੂਰਾ ਸਿੰਘ, ਥਾਣਾ ਮਾਹਿਲਪੁਰ, ਦੀਪਕਪ੍ਰੀਤ ਸਿੰਘ ਦੀਪਕ ਪੁੱਤਰ ਸਰਵਣ ਸਿੰਘ ਵਾਸੀ ਖੁਵਾਸ਼ਪੁਰ, ਥਾਣਾ ਗੋਇੰਦਵਾਲ ਸਾਹਿਬ, ਜ਼ਿਲ੍ਹਾ ਤਰਨਤਾਰਨ । ਗੁਰਵਿੰਦਰ ਸਿੰਘ ਉਰਫ ਗਿੰਦਾ ਪੁੱਤਰ ਜਸਵੀਰ ਸਿੰਘ ,ਪ੍ਰਭ ਵਾਸੀ ਪੱਲੀਆਂ, ਜ਼ਿਲ੍ਹਾ ਐਸਬੀਐਸ ਨਗਰ,ਬਾਬੂ ਵਾਸੀ ਬਸਿਆਲਾ, ਥਾਣਾ ਗੜ੍ਹਸ਼ੰਕਰ,ਗੌਰਵ ਉਰਫ ਭਾਗਾ ਵਾਸੀ ਚੱਕੋਵਾਲ ਬ੍ਰਾਹਮਣਾ, ਥਾਣਾ ਬੁੱਲੋਵਾਲ, ਦਵਿੰਦਰ ਭਲਵਾਨ ਵਾਸੀ ਬੁੱਲੋਵਾਲ ਅਤੇ ਜੱਸੀ ਵਾਸੀ ਭੋਗਪੁਰ। ਨਾਮਜ਼ਦ ਦੋਸ਼ੀਆਂ ਕੋਲੋਂ ਤੇਜਧਾਰ ਹਥਿਆਰ ਬ੍ਰਾਮਦ ਕੀਤੇ ਗਏ ਹਨ ।

## ਮਹੰਤ ਲਾਲ ਸਿੰਘ ਯਾਦਗਾਰੀ ਫੁੱਟਬਾਲ ਤੇ ਵਾਲੀਬਾਲ ਟੂਰਨਾਮੈਂਟ ਦਾ ਪੋਸਟਰ ਜਾਰੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਮਹੰਤ ਲਾਲ ਸਿੰਘ ਸਪੋਰਟਸ ਕਲੱਬ ਖੁੱਡਾ ਵੱਲੋਂ ਸੱਚਖੰਡ ਵਾਸੀ ਮਹੰਤ ਲਾਲ ਸਿੰਘ ਦੀ 36ਵੀਂ ਬਰਸੀ ਨੂੰ ਸਮਰਪਿਤ ਓਪਨ ਫੁੱਟਬਾਲ ਤੇ ਪੇਂਡੂ ਪੱਧਰੀ ਵਾਲੀਵਾਲ ਟੂਰਨਾਮੈਂਟ 22 ਤੋਂ 24 ਨਵੰਬਰ ਤੱਕ ਕਰਵਾਇਆ ਜਾਵੇਗਾ। ਗ੍ਰਾਮ ਪੰਚਾਇਤ ਖੁੱਡਾ ਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਦੀ ਗਰਾਊਂਡ ਵਿੱਚ ਹੋਣ ਵਾਲੇ ਡੇਰਾ ਗੁਰੂਸਰ ਖੁਡਾ ਨੇ ਪੋਸਟਰ ਜਾਰੀ ਕੀਤਾ ਅਤੇ ਟੂਰਨਾਮੈਂਟ ਸਬੰਧੀ ਵਿਚਾਰ ਵਟਾਂਦਰਾ ਕੀਤਾ।ਇਸ ਮੌਕੇ ਕਲੱਬ ਦੇ ਪ੍ਰਧਾਨ ਪ੍ਰਿੰਸੀਪਲ ਤਰਲੋਕ ਸਿੰਘ ਖੁੱਡਾ, ਪ੍ਰਬੰਧਕ ਲਸ਼ਕਰ ਸਿੰਘ ਖੁੱਡਾ , ਪ੍ਰਵਾਸੀ ਭਾਰਤੀ ਡਾ. ਕਾਬਲ ਸਿੰਘ ਕਨੇਡਾ ਨੇ ਦੱਸਿਆ ਕਿ ਟੂਰਨਾਮੈਂਟ ਦਾ ਉਦਘਾਟਨ ਸੰਤ ਸੁਖਜੀਤ ਸਿੰਘ ਡੇਰਾ ਗੁਰੂਸਰ ਖੁੱਡਾ ਵਾਲਿਆਂ ਵੱਲੋਂ ਵੱਲੋਂ 22 ਨਵੰਬਰ ਨੂੰ ਕੀਤਾ ਜਾਵੇਗਾ ਜਦਕਿ ਟੂਰਨਾਮੈਂਟ ਦੀ ਸਮਾਪਤੀ ਤੇ 24 ਨਵੰਬਰ ਨੂੰ ਇਸ ਤੋਂ ਇਲਾਵਾ ਇਨਾਮਾ ਦੀ ਵੰਡ ਕਲੱਬ ਦੇ ਸਰਪ੍ਰਸਤ ਸੰਤ ਬਾਬਾ ਤੇਜਾ ਸਿੰਘ ਜੀ ਖੁੱਡਾ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਓਪਨ ਫੁਟਬਾਲ ਦੀ ਜੇਤੂ ਟੀਮ ਨੂੰ ਪਹਿਲਾ ਇਨਾਮ 31 ਹਜ਼ਾਰ ਰੁਪਏ ਤੇ ਦੂਸਰਾ ਇਨਾਮ 20 ਹਜ਼ਾਰ ਰੁਪਏ ਦਿੱਤਾ ਜਾਵੇਗਾ। ਇਸੇ ਤਰ੍ਹਾਂ ਹੀ ਵਾਲੀਵਾਲ ਵਿੱਚ ਜੇਤੂ ਟੀਮ ਨੂੰ 21 ਹਜ਼ਾਰ ਰੁਪਏ ਤੇ ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 11000 ਹਜਾਰ ਰੁਪਏ ਦਿੱਤੇ ਜਾਣਗੇ।ਟੂਰਨਾਮੈਂਟ ਦੌਰਾਨ ਫੁੱਟਬਾਲ ਵਿੱਚ ਅੰਡਰ 15 ਉਮਰ ਵਰਗ ਦੇ ਮੁਕਾਬਲੇ ਵੀ ਕਰਵਾਏ ਜਾਣਗੇ, ਜਿਸ ਦੌਰਾਨ ਜੇਤੂ ਟੀਮਾਂ ਨੂੰ ਆਕਰਸ਼ਕ ਇਨਾਮ ਭੇਂਟ ਕੀਤੇ ਜਾਣਗੇ।ਇਸ ਮੌਕੇ ਤਰਸੇਮ ਸਿੰਘ ਰੱਲਣ, ਨਰਿੰਦਰ ਸਿੰਘ, ਸਾਬਕਾ ਸਰਪੰਚ ਜਸਵੀਰ ਸਿੰਘ, ਸ਼ਨੀ ਅਰੋੜਾ ਰਵਿੰਦਰ ਸਿੰਘ ਪੰਚ ਸੁਰਿੰਦਰ ਸਿੰਘ ਹਰਮਿੰਦਰ ਸਿੰਘ., ਹਰਪ੍ਰੀਤ ਸਿੰਘ, ਪਰਮਜੀਤ ਸਿੰਘ ਪੰਮਾ, ਬਲਜੀਤ ਸਿੰਘ, ਜਸਵਿੰਦਰ ਸਿੰਘ, ਪਰਮਜੀਤ ਸਿੰਘ, ਰਵਿੰਦਰ ਸਿੰਘ ਵੀ ਹਾਜ਼ਰ ਸਨ।

## ਬਿੱਟੂ ਕਿਸਾਨ ਜਥੇਬੰਦੀਆਂ ਖਿਲਾਫ ਬੇ-ਬੁਨਿਆਦ ਤੇ ਭੜਕਾਊ ਬਿਆਨਬਾਜ਼ੀ ਬੰਦ ਕਰੇ : ਉਗਰਾਹਾਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਇਤਿਹਾਸਕ ਕਿਸਾਨ ਸੰਘਰਸ਼ ਦੀ ਲੀਡਰਸ਼ਿਪ ਖਿਲਾਫ ਭੜਕਾਊ ਬਿਆਨਬਾਜ਼ੀ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਕਿਹਾ ਹੈ ਕਿ ਉਹ ਵੋਟ-ਸਿਆਸਤਦਾਨਾਂ ਵੱਲੋਂ ਇੱਕ ਦੂਜੇ 'ਤੇ ਕੀਤੀ ਜਾਣ ਵਾਲੀ ਦੂਸ਼ਣਬਾਜ਼ੀ ਵਾਲਾ ਤਰੀਕਾ ਕਿਸਾਨ ਆਗੂਆਂ 'ਤੇ ਲਾਗੂ ਕਰਨ ਦੀ ਕੋਸ਼ਿਸ਼ ਨਾ ਕਰੇ। ਜਥੇਬੰਦੀ ਵੱਲੋਂ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਉਹ ਕਿਸਾਨ ਸੰਘਰਸ਼ ਰਾਹੀਂ ਜ਼ਮੀਨਾਂ ਜਾਇਦਾਦਾਂ ਬਣਾਉਣ ਦੇ ਬੇਤੁਕੇ ਇਲਜ਼ਾਮਾਂ ਵਾਲੀ ਬਿਆਨਬਾਜ਼ੀ ਰਾਹੀਂ ਸੈਂਕੜੇ ਕੁਰਬਾਨੀਆਂ ਵਾਲੇ ਇਤਿਹਾਸਕ ਕਿਸਾਨ ਸੰਘਰਸ਼ ਦਾ ਅਪਮਾਨ ਕਰਨਾ ਬੰਦ ਕਰੇ। ਅਜਿਹੀਆਂ ਜ਼ਮੀਨਾਂ ਜਾਇਦਾਦਾਂ ਰਵਨੀਤ ਬਿੱਟੂ ਵਰਗੇ ਮੌਕਾਪ੍ਰਸਤ ਸਿਆਸਤਦਾਨਾਂ ਵੱਲੋਂ ਸੱਤਾ 'ਤੇ ਬੈਠ ਕੇ ਬਣਾਈਆਂ ਗਈਆਂ ਹਨ ਅਤੇ ਹੁਣ ਵੀ ਇਸੇ ਲਾਲਚ-ਵੱਸ ਹੀ ਈਮਾਨ ਨੂੰ ਛਿੱਕੇ ਟੰਗਦਿਆਂ ਟਪੂਸੀਆਂ ਮਾਰ ਕੇ ਪਾਰਟੀਆਂ ਬਦਲੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਖੁਦ ਮੌਕਾਪ੍ਰਸਤੀ ਦੀ ਨੁਮਾਇਸ਼ ਲਾਉਣ ਵਾਲਾ ਰਵਨੀਤ ਸਿੰਘ ਬਿੱਟੂ ਆਪਣੀ ਔਕਾਤ ਵਿੱਚ ਰਹੇ ਅਤੇ ਲੋਕਾਂ ਦੇ ਮਕਬੂਲ ਸੰਘਰਸ਼ 'ਤੇ ਥੁੱਕਣ ਦੀ ਹਿਮਾਕਤ ਨਾ ਕਰੇ। ਅਜਿਹਾ ਬਿਆਨ ਦੇਣ ਤੋਂ ਪਹਿਲਾਂ ਉਸ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ ਕਿ ਉਹ ਖ਼ੁਦ ਕਿਸਾਨ ਸੰਘਰਸ਼ ਦੀ ਹਮਾਇਤ ਦੇ ਡਰਾਮੇ ਕਰਦਾ ਰਿਹਾ ਹੈ ਅਤੇ ਇਸ ਨੂੰ ਇੱਕ ਪਵਿੱਤਰ ਤੇ ਮਹਾਨ ਸੰਘਰਸ਼ ਕਰਾਰ ਦਿੰਦਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਜਦੋਂ ਦੇਸ਼ ਦੀ ਕਿਰਤੀ ਜਨਤਾ ਮੋਦੀ ਸਰਕਾਰ ਦੇ ਜਾਬਰ ਕਨੂੰਨਾਂ ਹੇਠ ਤੇ ਕਈ ਤਰ੍ਹਾਂ ਦੀ ਧੱਕੇਸ਼ਾਹੀ ਹੇਠ ਨਪੀੜੀ ਜਾ ਰਹੀ ਹੈ ਤਾਂ ਪੀੜਤ ਕਿਸਾਨਾਂ ਤੇ ਉਹਨਾਂ ਦੀਆਂ ਜਥੇਬੰਦੀਆਂ ਨੂੰ ਤਾਲਿਬਾਨ ਕਰਾਰ ਦੇਣਾ, ਹੱਥਾਂ 'ਤੇ ਸਰ੍ਹੋਂ ਜਮਾਉਣਾ ਹੈ ਤੇ ਅਜਿਹੀ ਸਰ੍ਹੋਂ ਰਵਨੀਤ ਬਿੱਟੂ ਵਰਗਾ ਸਿਰੇ ਦਾ ਮੌਕਾਪ੍ਰਸਤ ਸਿਆਸਤਦਾਨ ਹੀ ਜਮਾ ਸਕਦਾ ਹੈ।ਉਹਨਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਮੋਦੀ ਹਕੂਮਤ ਦੇ ਇਹਨਾਂ ਮਨਸੂਬਿਆਂ ਨੂੰ ਭਲੀਭਾਂਤ ਪਛਾਣਦੀ ਹੈ ਅਤੇ ਇਸ ਬੇ-ਤੁਕੀ ਬਿਆਨਬਾਜ਼ੀ ਨੂੰ ਇਕਜੁੱਟ ਹੋ ਕੇ ਰੱਦ ਕਰਦੀ ਹੈ। ਅਜਿਹੀ ਬਿਆਨਬਾਜ਼ੀ ਦਾ ਅਮਲੀ ਜਵਾਬ ਪੰਜਾਬ ਦੀ ਕਿਸਾਨੀ ਆਪਣੇ ਹੱਕੀ ਸੰਘਰਸ਼ਾਂ ਨੂੰ ਹੋਰ ਦ੍ਰਿੜ੍ਹ, ਮਜ਼ਬੂਤ ਤੇ ਵਿਸ਼ਾਲ ਕਰਨ ਦੇ ਅਮਲ ਰਾਹੀਂ ਦੇਵੇਗੀ। ਉਹਨਾਂ ਪੰਜਾਬ ਦੇ ਹੋਰਨਾਂ ਮਿਹਨਤਕਸ਼ ਵਰਗਾਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਤੇ ਲੀਡਰਸ਼ਿਪਾਂ ਨੂੰ ਅਪੀਲ ਕੀਤੀ ਹੈ ਕਿ ਉਹ ਰਵਨੀਤ ਬਿੱਟੂ ਦੇ ਅਜਿਹੇ ਬਿਆਨ ਦੀ ਜ਼ੋਰਦਾਰ ਨਿੰਦਾ ਕਰਨ ਅਤੇ ਸਾਰੇ ਕਿਰਤੀ ਵਰਗਾਂ ਦੀ ਇੱਕਜੁੱਟਤਾ ਜ਼ਾਹਰ ਕਰਨ।

## ਕੈਂਪ ਦੌਰਾਨ ਛੇ ਸੌ ਤੋਂ ਵੱਧ ਮਰੀਜ਼ਾਂ ਦੀਆਂ ਅੱਖਾਂ ਦੀ ਕੀਤੀ ਜਾਂਚ




**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**—ਜੰਡਿਆਲਾ ਲੋਕ ਭਲਾਈ ਮੰਚ ਵੱਲੋਂ ਅਮਰੀਕਾ ਵਾਸੀ ਤੇਜਾ ਸਿੰਘ ਜੌਹਲ ਦੇ ਆਰਥਿਕ ਸਹਿਯੋਗ ਨਾਲ ਲਗਾਏ ਜਾਂਦੇ ਸਾਲਾਨਾ ਅੱਖਾਂ ਦੇ ਕੈਂਪ ਮੌਕੇ ਔਕੂਲਸ ਹਸਪਤਾਲ ਜਲੰਧਰ ਦੇ ਮਾਹਰ ਡਾਕਟਰ ਮਨਦੀਪ ਸੂਦ ਦੀ ਟੀਮ ਵੱਲੋਂ ਛੇ ਸੌ ਤੋਂ ਵੱਧ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਸਵਾ ਸੌ ਤੋਂ ਵੱਧ ਮਰੀਜ਼ਾਂ ਨੂੰ ਲੈਂਨਜ ਪਾਉਣ ਲਈ ਚੁਣਿਆ ਗਿਆ। ਕੈਂਪ ਦਾ ਉਦਘਾਟਨ ਤੇਜਾ ਸਿੰਘ ਜੌਹਲ ਵੱਲੋਂ ਉਨਾਂ ਦੇ ਪ੍ਰਤਿਨਿਧ ਵਜੋਂ ਪੁੱਜੇ ਪ੍ਰਵਾਸੀ ਪੰਜਾਬੀਆਂ ਵੱਲੋਂ ਕੀਤਾ ਗਿਆ। ਮੰਚ ਦੇ ਪ੍ਰਧਾਨ ਮੱਖਣ ਪੱਲਣ ਨੇ ਮੰਚ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਪ੍ਰੋਜੈਕਟਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜਨਰਲ ਸਕੱਤਰ ਤਰਸੇਮ ਸਿੰਘ, ਮਾਸਟਰ ਸੁਖਜੀਤ ਸਿੰਘ, ਸਰਪੰਚ ਕਮਲਜੀਤ ਸਿੰਘ, ਪੰਚ ਜਸਵਿੰਦਰ ਸਿੰਘ, ਪੰਚ ਗੁਰਵਿੰਦਰ ਸਿੰਘ, ਸੁਰਜੀਤ ਸਿੰਘ ਕਾਮਰੇਡ ਕੁਲਵੰਤ ਸਿੰਘ, ਰਣਧੀਰ ਸਿੰਘ ਗੁਜਰਾਲ,ਭੁਪਿੰਦਰ ਸਿੰਘ, ਗੁਰਚੇਤਨ ਸਿੰਘ ਜੌਹਲ ਸਤਪਾਲ ਗਾਬਾ, ਸੁਖਵਿੰਦਰ ਕੌਰ ਸੀਨੀਅਰ ਫਾਰਮਾਸਿਸਟ, ਜਸਵੀਰ ਕੌਰ, ਮਾਸਟਰ ਬਲਕਾਰ ਸਿੰਘ, ਮੱਖਣ ਸਿੰਘ ਜੌਹਲ, ਮਾਸਟਰ ਅਮਰਜੀਤ ਸਿੰਘ, ਇੰਜ.ਜੋਗਿੰਦਰ ਸਿੰਘ, ਮਾਸਟਰ ਜਸਵਿੰਦਰ ਸਿੰਘ,ਮੁਖਤਿਆਰ ਸਿੰਘ, ਮਨੂੰ ਦੇਵ, ਸੁਖਵਿੰਦਰ ਸਿੰਘ ਕੈਥ, ਕਮਲਜੀਤ ਸਿੰਘ, ਮੁਹੰਮਦ ਬੂਟਾ ਆਦਿ ਵੀ ਹਾਜ਼ਰ ਸਨ।

## ਕਿਸਾਨ ਮਜਬੂਰ ਹੋ ਕੇ ਹੀ ਪਰਾਲੀ ਨੂੰ ਲਾਉਂਦਾ ਹੈ ਅੱਗ : ਡਾ. ਧੀਰ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** — ਪਰਾਲੀ ਨੂੰ ਅੱਗ ਲਾਉਣ ਦਾ ਮੁੱਦਾ ਦਿਨ ਪ੍ਰਤੀ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ ਪਰ ਫਿਰ ਵੀ ਅਸੀ ਆਪਣੇ ਫਾਇਦੇ ਲਈ ਸ਼ਰੇਆਮ ਅੱਗ ਲਾ ਰਹੇ ਹਾਂ। ਦੂਜੇ ਪਾਸੇ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਨੂੰ ਅੱਗ ਲਾਉਣ ਦੇ ਨੁਕਸਾਨ ਤੇ ਅੱਗ ਨਾ ਲਾਉਣ ਦੇ ਫਾਇਦੇ ਦੱਸ ਰਿਹਾ ਹੈ, ਤਾਂ ਕਿ ਵਾਤਾਵਰਨ ਨੂੰ ਬਚਾਇਆ ਜਾ ਸਕੇ। ਝੋਨੇ ਦੀ ਪਰਾਲੀ ਜਾਂ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਦੀ ਜਾਗਰੂਕਤਾ ਮੁਹਿੰਮ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹੇ ਅੰਦਰ ਟੀਮਾਂ ਬਣਾ ਕੇ ਕੰਮ ਕਰ ਰਿਹਾ ਹੈ। ਉਕਤ ਵਿਸ਼ੇ 'ਤੇ ਆਮ ਲੋਕਾਂ ਤੇ ਸਮਾਜਿਕ ਸ਼ਖਸੀਅਤਾਂ ਨਾਲ ਕੀਤੀ ਵਿਚਾਰ-ਚਰਚਾ ਨੂੰ ਪਾਠਕਾ ਲਈ ਛਾਪ ਰਹੇ ਹਾਂ। ਪ੍ਰਦੂਸ਼ਣ ਅਨੇਕਾਂ ਬਿਮਾਰੀਆਂ ਦੀ ਜੜ੍ਹ ਹੈ। ਨਰੋਆ ਸੰਸਥਾ ਸਮਾਜ ਸੇਵਕ ਬਰਜਿੰਦਰ ਸਿੰਘ ਹੁਸੈਨਪੁਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਝੋਨੇ ਦੀ ਪਰਾਲੀ ਜਾ ਰਹਿੰਦ-ਖੂੰਹਦ ਨੂੰ ਕਿਸਾਨਾਂ ਵੱਲੋਂ ਲਗਾਈ ਜਾਂਦੀਆਂ ਅੱਗ ਦੀਆਂ ਘਟਨਾਵਾਂ ਨੂੰ ਜ਼ੀਰੋ ਕਰਨ ਦਾ ਟੀਚਾ ਹੈ ਪਰ ਇਹ ਤਾਂ ਹੀ ਸਫ਼ਲ ਹੋਵੇਗਾ ਜੇਕਰ ਅਸੀਂ ਪਰਾਲੀ ਨੂੰ ਅੱਗ ਨਾ ਲਾਈਏ। ਉਨ੍ਹਾਂ ਕਿਹਾ ਕਿ ਇਨਸਾਨੀਅਤ ਤੌਰ 'ਤੇ ਸਾਡਾ ਫਰਜ਼ ਬਣਦਾ ਹੈ ਕਿ ਜਾਗਰੂਕਤਾ ਮੁਹਿੰਮ ਦਾ ਹਿੱਸਾ ਬਣ ਕੇ ਕਿਸਾਨ ਵੀਰਾਂ ਨੂੰ ਜਾਗਰੂਕ ਕਰੀਏ ਤਾਂ ਕਿ ਪ੍ਰਦੂਸ਼ਣ ਘੱਟ ਹੋ ਸਕੇ। ਵਾਤਾਵਰਨ ਸ਼ੁੱਧ ਰੱਖਣਾ ਸਾਡਾ ਮੁੱਢਲਾ ਫ਼ਰਜ਼ ਹੈ। ਅਕਾਲੀ ਆਗੂ ਰਮਨਦੀਪ ਸਿੰਘ ਥਿਆੜਾ ਨੇ ਕਿਹਾ ਕਿ ਪੰਜਾਬ ਦੇ ਗੰਧਲੇ ਵਾਤਾਵਰਨ ਦਾ ਹਰ ਕੋਈ ਨਤੀਜਾ ਭੁਗਤ ਰਿਹਾ ਹੈ ਪਰ ਫਿਰ ਵੀ ਅਸੀਂ ਆਪਣੇ ਨਿੱਜੀ ਮੁਫਾਦਾਂ ਲਈ ਜਾਣਬੁੱਝ ਕੇ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਕਮਜ਼ੋਰ ਤੇ ਸਮਾਜ ਨੂੰ ਭਿਆਨਕ ਬੀਮਾਰੀਆਂ ਦੇ ਰਹੇ ਹਾਂ। ਉਨ੍ਹਾਂ ਕਿਹਾ ਕਿ ਹੁਣ ਪ੍ਰਦੂਸ਼ਣ ਵਰਗੇ ਗੰਭੀਰ ਮੁੱਦੇ ਨੂੰ ਜੇਕਰ ਕਾਬੂ ਨਾ ਕੀਤਾ ਤਾਂ ਆਉਣ ਵਾਲਾ ਸਮਾਂ ਗੰਭੀਰ ਹੋਵੇਗਾ। ਡਾਕਟਰ ਅਸ਼ਵਨੀ ਧੀਰ ਨੇ ਕਿਹਾ ਕਿ ਪ੍ਰਦੂਸ਼ਣ ਫੈਲਣ ਦੇ ਕਈ ਕਾਰਨ ਹਨ ਪ੍ਰੰਤੂ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਨਿਕਲਣ ਵਾਲੇ ਜ਼ਹਿਰੀਲੇ ਧੂੰਏਂ ਨਾਲ ਤਾਂ ਕਈ ਵਾਰ ਸੜਕਾਂ 'ਤੇ ਕਾਫੀ ਹਾਦਸੇ ਹੋ ਜਾਂਦੇ ਹਨ ਤੇ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ। ਸਰਕਾਰ ਨੂੰ ਪਰਾਲੀ ਦੇ ਸਦਉਪਯੋਗ ਲਈ ਢੁੱਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ ਤਾਂ ਕਿ ਕਿਸਾਨ ਪਰਾਲੀ ਨੂੰ ਅੱਗ ਲਾਉਣ ਬਾਰੇ ਸੋਚੇ ਹੀ ਨਾ ਕਿਉਂਕਿ ਕਿਸਾਨ ਮਜਬੂਰ ਹੋ ਕੇ ਪਰਾਲੀ ਨੂੰ ਅੱਗ ਲਾਉਂਦਾ ਹੈ।ਇਸ ਲਈ ਜਾਗਰੂਕਤਾ ਹੀ ਸਭ ਤੋਂ ਵੱਡਾ ਹੱਲ ਹੈ।

## ਨਡਾਲੋਂ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਅੱਜ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਹਲਕਾ ਚੱਬੇਵਾਲ ਦੇ ਸਮੂਹ ਅਕਾਲੀ ਅਹੁਦੇਦਾਰਾਂ ਅਤੇ ਵਰਕਰਾਂ ਦੀ ਇੱਕ ਵਿਸ਼ੇਸ਼ ਮੀਟਿੰਗ 12 ਨਵੰਬਰ ਨੂੰ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਬਾਅਦ ਦੁਪਹਿਰ 3:30 ਵਜੇ ਕੀਤੀ ਜਾ ਰਹੀ ਹੈ। ਇਸ ਸਬੰਧੀ ਨਡਾਲੋਂ ਵਿਖੇ ਜਾਣਕਾਰੀ ਦਿੰਦਿਆਂ ਜਥੇਦਾਰ ਇਕਬਾਲ ਸਿੰਘ ਖੇੜਾ, ਜਥੇਦਾਰ ਪਰਮਜੀਤ ਸਿੰਘ ਪੰਜੋੜ, ਜਥੇਦਾਰ ਜਸਵੀਰ ਸਿੰਘ ਭੱਟੀ ਨਡਾਲੋਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਮੀਟਿੰਗ ਵਿੱਚ ਜਿੱਥੇ ਸ਼੍ਰੋਮਣੀ ਅਕਾਲੀ ਦਲ ਨੂੰ ਹਲਕੇ ਵਿੱਚ ਮਜ਼ਬੂਤ ਕਰਨ ਲਈ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ ਉੱਥੇ ਪਿੰਡ-ਪਿੰਡ ਤੱਕ ਇਸ ਕਾਰਜ ਸਬੰਧੀ ਪਹੁੰਚ ਕਰਨ ਲਈ ਵੱਖ-ਵੱਖ ਵਰਕਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਜਾਣਗੀਆਂ। ਇਸ ਮੌਕੇ ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਬਾਬਾ ਜਰਨੈਲ ਸਿੰਘ ਨਡਾਲੋਂ, ਬਲਜਿੰਦਰ ਸਿੰਘ ਪੰਜੋੜ, ਲਖਵਿੰਦਰ ਸਿੰਘ ਵਿੰਦਾ ਪੰਚ, ਧਰਮਿੰਦਰ ਸਿੰਘ ਸੋਨੂੰ ਆਦਿ ਹਾਜ਼ਰ ਸਨ।

## ਬਹਿਰਾਮ ਵਿਖੇ ਸੰਤ ਸੰਮੇਲਨ 25 ਨੂੰ



**ਬੰਗਾ (ਅਵਤਾਰ ਕਲੇਰ)** ਸ਼੍ਰੀ ਗੁਰੂ ਰਵਿਦਾਸ ਮਿਸ਼ਨ ਵੈੱਲਫੇਅਰ ਟਰੱਸਟ (ਰਜਿ:) ਬਹਿਰਾਮ, ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਦੇ 648ਵੇਂ ਆਗਮਨ ਪੁਰਬ ਅਤੇ ਰਵਿਦਾਸੀਆ ਧਰਮ ਨੂੰ ਸਮਰਪਿਤ108 ਸੰਤ ਨਿਰੰਜਣ ਦਾਸ ਜੀ ਗੱਦੀ ਨਸ਼ੀਨ ਸੱਚਖੰਡ ਬੱਲਾਂ ਦੀ ਰਹਿਨੁਮਾਈ ਹੇਠ ਮਹਾਨ ਸੰਤ ਸੰਮੇਲਨ 25 ਨਵੰਬਰ 2024 ਨੂੰ ਬਹਿਰਾਮ ਵਿਖੇ ਕਰਵਾਇਆ ਜਾ ਰਿਹਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਅੰਮ੍ਰਿਤ ਬਾਣੀ ਦੇ ਭੋਗ ਪਾਏ ਜਾਣਗੇ।ਵੱਖ-ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ।ਕਲਾਕਾਰ,ਢਾਡੀ ਅਤੇ ਕੀਰਤਨੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਸਬੰਧੀ ਪੋਸਟਰ ਰਿਲੀਜ਼ ਕਰਨ ਮੌਕੇ ਚਮਨ ਲਾਲ, ਰਾਮ ਸਿੰਘ, ਕੇਵਲ ਕ੍ਰਿਸ਼ਨ, ਪਿਰਥੀ ਚੰਦ ਅਤੇ ਟਰੱਸਟ ਮੈਂਬਰ ਹਾਜ਼ਰ ਸਨ ।

## ਡਾ. ਭਵਸ਼ੇਖਰ ਸੂਦ ਨੂੰ ਕੀਤਾ ਸਨਮਾਨਤ



**ਫਗਵਾੜਾ ( ਡਾ. ਰਮਨ)** — ਮੈਡੀਕਲ ਲੈਬਾਰਟਰੀ ਐਸੋਸੀਏਸ਼ਨ ਫਗਵਾੜਾ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਧਲਵਿੰਦਰ ਰਾਜ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਲੈਬਾਰਟਰੀ ਨਾਲ ਸਬੰਧਤ ਗਤੀਵਿਧੀਆ ਉੱਪਰ ਵਿਚਾਰ ਵਟਾਂਦਰਾ ਕੀਤਾ ਗਿਆ। ਸੀਨੀਅਰ ਲੈਬ ਟੈਕਨੀਸ਼ੀਅਨ ਡਾ. ਭਵਸ਼ੇਖਰ ਸੂਦ ਨੂੰ ਉਨਾਂ ਦੇ ਵਿਦੇਸ਼ ਤੋਂ ਵਾਪਿਸ ਪਰਤਣ 'ਤੇ ਸਨਮਾਨਤ ਕੀਤਾ ਗਿਆ। ਸੀਨੀਅਰ ਅਤੇ ਰਿਟਾਇਰ ਲੈਬ ਟੈਕਨੀਸ਼ੀਅਨ ਝਿਲਮਣ ਸਿੰਘ ਭਿੰਡਰ ਨੇ ਅਪਣੇ ਤਜੁਰਬੇ ਮੁਤਾਬਿਕ ਸਾਰਿਆਂ ਨੂੰ ਲੈਬਾਰਟਰੀ ਟੈਸਟਾਂ ਸਬੰਧੀ ਢੁੱਕਵੀਂ ਜਾਣਕਾਰੀ ਦਿੱਤੀ। ਇਸ ਮੌਕੇ ਡਾ ਐਮ ਪੀ ਸਿੰਘ , ਹਰਵਿੰਦਰ ਮਹਿਮੀ, ਜਤਿੰਦਰ ਮਦਾਨ, ਸੰਦੀਪ ਕੁਮਾਰ, ਕਮਲਦੀਪ, ਜਗਤਾਰ ਸਿੰਘ ਅਤੇ ਸੁਖਵਿੰਦਰ ਪਾਲ ਆਦਿ ਮੌਜੂਦ ਰਹੇ ।

## ਭਗਵਾਨ ਵਾਲਮੀਕਿ ਮੰਦਰ ਫਿਰੋਜ ਰੋਲੀਆ ਵਿਖੇ ਸਤਿਸੰਗ ਕਰਵਾਇਆ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਓਂਕਾਰ ਸਿੰਘ)**-ਭਗਵਾਨ ਵਾਲਮੀਕਿ ਮੰਦਰ ਫਿਰੋਜ ਰੋਲੀਆ ਵਿਖੇ ਸ਼ਿਵ ਸੈਨਾ ਪੰਜਾਬ ਬੇਟ ਏਰੀਆ ਪ੍ਰਧਾਨ ਗਗਨ ਪਰੋਜ, ਵਾਈਸ ਪ੍ਰਧਾਨ ਗਿੰਦਾ ਪਰੋਜ ਅਤੇ ਮੰਦਰ ਦੇ ਮੁਖ ਸੇਵਾਦਾਰ ਸੁਖਦੇਵ ਸਿੰਘ ਦੀ ਅਗਵਾਈ ਵਿੱਚ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇੱਕ ਸਤਿਸੰਗ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐਸ.ਐਚ.ਓ ਟਾਂਡਾ ਗੁਰਜਿੰਦਰ ਜੀਤ ਸਿੰਘ ਨਾਗਰਾ, ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ, ਦੋਆਬਾ ਪ੍ਰਧਾਨ ਸ਼ਿਵਮ ਵੈਦ, ਬੋਹੜਾਂ ਬਸਤੀ ਚੌਂਕੀ ਇੰਚਾਰਜ ਰਾਜਵਿੰਦਰ, ਜ਼ਿਲ੍ਹਾ ਚੇਅਰਮੈਨ ਵਿਕਾਸ ਜਸਰਾ, ਸਿਟੀ ਪ੍ਰਧਾਨ ਰਿਸ਼ੀ ਚਾਵਲਾ ਸ਼ਾਮਿਲ ਹੋਏ।ਸੰਨੀ ਸ਼ਹਿਜ਼ਾਦਾ ਹਰਸੀ ਪਿੰਡ ਵਾਲੇ ਅਤੇ ਵੀਰ ਸਰਵਣ ਦ੍ਰਾਵਿੜ ਆਧਸ ਭਜਨ ਮੰਡਲੀ ਤੱਲਾ ਮੱਦਾ ਵਾਲਿਆਂ ਨੇ ਆਪਣੇ ਭਜਨਾਂ ਰਾਹੀਂ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦੀ ਜੀਵਨੀ 'ਤੇ ਰੋਸ਼ਨੀ ਪਾਉਂਦੇ ਹੋਏ ਉਨ੍ਹਾਂ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤ ਨੂੰ ਪ੍ਰਭੂ ਚਰਨਾਂ ਦੇ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਮੁਖ ਸੇਵਾਦਾਰ ਸੁਖਦੇਵ ਸਿੰਘ ਨੇ ਕਿਹਾ ਕਿ ਭਗਵਾਨ ਸ੍ਰੀ ਵਾਲਮੀਕੀ ਜੀ ਮਹਾਰਾਜ ਨੇ ਹਰ ਇਨਸਾਨ ਨੂੰ ਨਾਮ ਸਿਮਰਨ ਨਾਲ ਜੁੜਨ ਅਤੇ ਆਪਸ ਵਿੱਚ ਪ੍ਰੇਮ ਪਿਆਰ ਨਾਲ ਰਹਿਣ ਦੀ ਪ੍ਰੇਰਨਾ ਦਿੱਤੀ ਸੀ, ਪਰ ਇਨਸਾਨ ਮੋਹ ਮਾਇਆ ਇਕੱਠੀ ਕਰਨ ਲਈ ਆਪਣੇ ਸਹੀ ਰਸਤੇ ਤੋਂ ਭਟਕ ਕੇ ਕਾਲ ਦੇ ਚੱਕਰਾਂ ਵਿੱਚ ਫਸ ਕੇ ਰਹਿ ਗਿਆ ਹੈ। ਮਿੱਕੀ ਪੰਡਿਤ ਨੇ ਕਿਹਾ ਕਿ ਜੇਕਰ ਅਸੀਂ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਚੰਗੇ ਕਰਮ ਨਹੀਂ ਕਰ ਸਕਦੇ ਤਾਂ ਸਾਡਾ ਇਹ ਇਨਸਾਨੀ ਜਾਮਾ ਵਿਅਰਥ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਰ ਵੇਲੇ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦਾ ਧਿਆਨ ਕਰਦੇ ਹੋਏ ਨਾਮ ਸਿਮਰਨ ਕਰਨਾ ਚਾਹੀਦਾ ਹੈ ਇਸ ਨਾਲ ਇਨਸਾਨ ਦੇ ਅੰਦਰੋਂ ਧੰਨ ਮੋਹ ਦੀ ਲਾਲਸਾ ਅਤੇ ਅਹਿੰਕਾਰ ਦਾ ਖਾਤਮਾ ਹੁੰਦਾ ਹੈ। ਗਗਨ ਪਰੋਜ ਨੇ ਕਿਹਾ ਕਿ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਨੇ ਸਾਰੀ ਦੁਨੀਆ ਨੂੰ ਆਪਸੀ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ ਨਾਮ ਸਿਮਰਨ ਦਾ ਜਾਪ ਕਰਨ ਦੀ ਪ੍ਰੇਰਨਾ ਦਿੱਤੀ ਸੀ ਤਾਂ ਜੋ ਜੀਵਨ ਵਿੱਚ ਕਿਰਤ ਕਮਾਈ ਕਰਦੇ ਹੋਏ ਹਰ ਵੇਲੇ ਹੋਰਾਂ ਦੇ ਭਲੇ ਦੀ ਹੀ ਅਰਦਾਸ ਕੀਤੀ ਜਾਵੇ।ਇਸ ਮੌਕੇ 'ਤੇ ਸ਼ਲਿੰਦਰ ਸਿੰਘ ਲੰਬੜਦਾਰ, ਬਲਵੀਰ ਸਿੰਘ ਤੇ ਸਮੂਹ ਮੈਂਬਰਾਂ ਨੇ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਿਰੋਪੇ ਅਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਪ੍ਰਿੰਸ ਮੱਟੂ, ਸੰਦੀਪ ਦਰੀਆ, ਗੋਪੀ ਟਾਂਡਾ, ਸੰਦੀਪ ਕੁਮਾਰ ਕਾਕਾ, ਜਸ਼ਨ ਪਰੋਜ, ਸਹਿਮ ਪਰੋਜ, ਗੁਰਮੁਖ ਮੱਟੂ, ਰਾਜੂ ਖੋਸਲਾ, ਸਾਬੀ ਟਾਂਡਾ, ਸਨਮ ਪਰੋਜ, ਗੋਰਾ ਮੱਟੂ, ਕਾਜਲ ਦਸੂਹਾ, ਦੇਬਾ ਪੁਰਤਗਾਲ, ਜਸ਼ਨ ਕੁਮਾਰ, ਸਲੀਮ ਦਬੁਰਜੀ ਅਤੇ ਹੋਰ ਸੰਗਤ ਹਾਜ਼ਰ ਸੀ।

## ਸਵੱਛਤਾ ਅਭਿਆਨ ਸੁਸਾਇਟੀ ਨੇ ਮਨਾਇਆ ਬਾਲ ਦਿਵਸ



**ਫਗਵਾੜਾ (ਡਾ. ਰਮਨ)** :- ਸਵੱਛਤਾ ਅਭਿਆਨ ਸੁਸਾਇਟੀ ਫਗਵਾੜਾ ਰਜਿਸਟਰਡ ਅਤੇ ਸ਼ਿਵਾਲਾ ਦਾਮੋਦਰ ਦਾਸ ਮੰਦਿਰ ਪ੍ਰਬੰਧਕ ਕਮੇਟੀ ਦੀ ਤਰਫੋਂ ਸ਼ਿਵਾਲਾ ਦਾਮੋਦਰ ਦਾਸ ਮੰਦਿਰ, ਸਿਨੇਮਾ ਰੋਡ, ਫਗਵਾੜਾ ਵਿਖੇ ਬਾਲ ਦਿਵਸ ਮਨਾਇਆ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਪ੍ਰਜਾਪਿਤਾ ਬ੍ਰਹਮਾ ਕੁਮਾਰੀ ਈਸ਼ਵਰਿਆ ਵਿਸ਼ਵਵਿਦਿਆਲਿਆ, ਫਗਵਾੜਾ ਸੈਂਟਰ ਦੀ ਸੰਚਾਲਿਕਾ ਭੈਣ ਸੁਮਨ ਨੇ ਨਿਭਾਈ। ਉਨ੍ਹਾਂ ਦੇ ਨਾਲ ਬ੍ਰਹਮਾ ਕੁਮਾਰੀ ਵਿਜੇ ਮਾਤਾ , ਪ੍ਰਿੰਸੀਪਲ ਰੋਮਾ ਗੁਪਤਾ, ਪ੍ਰਿੰਸੀਪਲ ਸ਼ੋਭਾ ਗੁਪਤਾ, ਮਹੇਸ਼ ਚੰਦਰ ਗੁਪਤਾ, ਡਾ: ਇੰਦਰਜੀਤ ਪਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ ਵੱਲੋਂ ਰੀਬਨ ਕੱਟ ਕੇ ਕੀਤੀ ਗਈ।ਇਸ ਤੋਂ ਬਾਅਦ ਕ੍ਰਿਏਟਿਵ ਏਜ ਅਕੈਡਮੀ ਦੀ ਵਿਦਿਆਰਥਣ ਪਰਮੀਤ ਕੌਰ ਨੇ ਸਰਸਵਤੀ ਵੰਦਨਾ ਦਾ ਡਾਂਸ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਪ੍ਰੋਗਰਾਮ ਵਿੱਚ ਬੱਚਿਆਂ ਦੇ ਅੰਤਰ ਸਕੂਲ ਭਜਨ ਗਾਇਨ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਫਗਵਾੜਾ ਦੇ ਵੱਖ-ਵੱਖ ਸਕੂਲਾਂ ਜਿਵੇਂ ਕਮਲਾ ਨਹਿਰੂ ਪਬਲਿਕ ਸਕੂਲ, ਸ਼੍ਰੀ ਮਹਾਵੀਰ ਜੈਨ ਮਾਡਲ ਸਕੂਲ, ਰਾਮਗੜ੍ਹੀਆ ਬਾਬੇ ਨਾਨਕੀ ਸੀਨੀਅਰ ਸੈਕੰਡਰੀ ਸਕੂਲ, ਪੰਜਾਬ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਐਸ. ਡੀ.ਪੁਤਰੀ ਪਾਠਸ਼ਾਲਾ ਸੀਨੀਅਰ ਸੈਕੰਡਰੀ ਸਕੂਲ, ਐਸ.ਡੀ.ਕੇ.ਐਮ.ਵੀ ਸੀਨੀਅਰ ਸੈਕੰਡਰੀ ਸਕੂਲ, ਬੀ.ਸੀ.ਐਸ. ਇੰਟਰਨੈਸ਼ਨਲ ਪਬਲਿਕ ਸਕੂਲ, ਸਰਵ ਹਿੱਤਕਾਰੀ ਵਿਦਿਆ ਮੰਦਰ ਦੇ ਵਿਦਿਆਰਥੀਆਂ ਨੇ ਭਾਗ ਲਿਆ। ਬੱਚਿਆਂ ਨੇ ਦਰਸ਼ਕਾਂ ਦੇ ਸਨਮੁੱਖ ਬਹੁਤ ਹੀ ਸੁੰਦਰ ਭਜਨ ਪੇਸ਼ ਕਰਕੇ ਮਾਹੌਲ ਨੂੰ ਰੂਹਾਨੀ ਬਣਾ ਦਿੱਤਾ। ਇਸ ਮੁਕਾਬਲੇ ਦਾ ਨਿਰੀਖਣ ਸੰਗੀਤਕਾਰ ਪ੍ਰਦੀਪ ਕੁਮਾਰ, ਲਵਪ੍ਰੀਤ ਲਵ ਅਤੇ ਭੈਣ ਸੁਸ਼ਮਾ ਨੇ ਕੀਤਾ। ਮੁਕਾਬਲੇ ਵਿੱਚ ਕਮਲਾ ਨਹਿਰੂ ਪਬਲਿਕ ਸਕੂਲ ਪਹਿਲੇ ਸਥਾਨ 'ਤੇ ਰਿਹਾ। ਸ਼੍ਰੀ ਮਹਾਵੀਰ ਜੈਨ ਮਾਡਲ ਸਕੂਲ ਨੇ ਦੂਜਾ ਅਤੇ ਐਸ.ਡੀ.ਪੁਤਰੀ ਪਾਠਸ਼ਾਲਾ ਸੀਨੀਅਰ ਸੈਕੰਡਰੀ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਰਿਧਵਿਕਾ ਨੇ ਮਾਂ ਕਾਲੀ ਤਾਂਡਵ ਦੀ ਬਹੁਤ ਹੀ ਖੂਬਸੂਰਤ ਪੇਸ਼ਕਾਰੀ ਦਿੱਤੀ। ਇਸ ਦੌਰਾਨ ਕ੍ਰਿਏਟਿਵ ਏਜ ਅਕੈਡਮੀ ਦੇ ਛੋਟੇ-ਛੋਟੇ ਵਿਦਿਆਰਥੀਆਂ ਸ਼ਿਵਾਏ, ਕਾਰਤਿਕ, ਜਸ਼ਨ, ਅਭਿਜੋਤ, ਰਵਨੀਤ ਕੌਰ ਨੇ ਧਾਰਮਿਕ ਅਤੇ ਵਾਤਾਵਰਨ ਵਿਸ਼ੇ 'ਤੇ ਵੱਖ-ਵੱਖ ਡਾਂਸ ਪੇਸ਼ਕਾਰੀਆਂ ਅਤੇ ਫੈਂਸੀ ਡਰੈੱਸਾਂ 'ਚ ਭਾਗ ਲੈ ਕੇ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੱਤਾ । ਸਵੱਛਤਾ ਅਭਿਆਨ ਸੁਸਾਇਟੀ ਦੇ ਚੇਅਰਮੈਨ ਮਦਨ ਮੋਹਨ ਖੱਟਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸੁਸਾਇਟੀ ਦੇ ਪ੍ਰਧਾਨ ਅਸ਼ੀਸ਼ ਗਾਂਧੀ ਨੇ ਕਿਹਾ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਨੂੰ ਸਹੀ ਸਿੱਖਿਆ ਅਤੇ ਕਦਰਾਂ-ਕੀਮਤਾਂ ਪ੍ਰਦਾਨ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਮੰਦਰ ਕਮੇਟੀ ਦੇ ਪ੍ਰਧਾਨ ਹਰਬੰਸ ਲਾਲ ਅਤੇ ਜਨਰਲ ਸਕੱਤਰ ਬਲਦੇਵ ਰਾਜ ਸ਼ਰਮਾ ਨੇ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਅਤੇ ਬਾਲ ਦਿਵਸ ਦੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਸੰਸਥਾ ਵੱਲੋਂ ਸਕੂਲ ਦੇ ਅਧਿਆਪਕਾਂ ਨੂੰ ਤੁਲਸੀ ਦੇ ਪੌਦੇ ਵੰਡ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਦੌਰਾਨ ਸੰਸਥਾ ਦੇ ਕੈਸ਼ੀਅਰ ਮੈਡਮ ਮੋਨਿਕਾ, ਪ੍ਰੋਜੈਕਟ ਕੋਆਰਡੀਨੇਟਰ ਅਮਰਜੀਤ ਡੰਗ, ਵਾਈਸ ਚੇਅਰਮੈਨ ਕਸ਼ਮੀਰੀ ਲਾਲ, ਸੰਦੀਪ ਚੋਪੜਾ, ਨੀਰਜ ਕੁਮਾਰ, ਅੰਜੂ ਬਾਲਾ, ਪੂਜਾ ਪੁੰਜ, ਸੀਮਾ, ਖੁਸ਼ਬੂ, ਮੋਨਿਕਾ ਬੇਦੀ, ਅਸ਼ੋਕ ਸ਼ਰਮਾ, ਬਲਵਿੰਦਰ ਠਾਕੁਰ, ਵਿਨੀਤ ਗਾਬਾ, ਕੋਰੀਓਗ੍ਰਾਫਰ ਪਵਨ , ਰਮਨ ਨਹਰਾ, ਸਾਹਿਲ, ਸਤਿਅਮ ਅਤੇ ਹੋਰ ਸ਼ਹਿਰ ਵਾਸੀ ਹਾਜ਼ਰ ਸਨ।

## ਗੁੱਜਰ ਭਾਈਚਾਰੇ ਨੇ ਡਾ. ਇਸ਼ਾਂਕ ਨੂੰ ਦਿੱਤਾ ਸਮਰਥਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਚੱਬੇਵਾਲ ਵਿਧਾਨ ਸਭਾ ਹਲਕੇ ਦੀ ਹੋਣ ਜਾ ਰਹੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ: ਇਸ਼ਾਂਕ ਨੇ ਪਿੰਡ ਠੱਕਰਵਾਲ ਵਿਖੇ ਇੱਕ ਜਨ ਸਭਾ ਨੂੰ ਸੰਬੋਧਨ ਕੀਤਾ ਜਿਸ ਵਿੱਚ ਵੱਡੀ ਗਿਣਤੀ ਵਿੱਚ ਗੁੱਜਰ ਭਾਈਚਾਰੇ ਨੇ ਸ਼ਮੂਲੀਅਤ ਕੀਤੀ। ਆਪਣੇ ਭਾਵਪੂਰਤ ਭਾਸ਼ਣ ਵਿੱਚ ਡਾ: ਇਸ਼ਾਂਕ ਨੇ ਲੋਕਾਂ ਨਾਲ ਵਿਸ਼ੇਸ਼ ਸੰਵਾਦ ਰਚਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਹਮੇਸ਼ਾ ਹੀ ਪ੍ਰਮਾਤਮਾ ਦਾ ਆਸ਼ੀਰਵਾਦ ਅਤੇ ਸਮਾਜ ਦੇ ਹਰ ਵਰਗ ਦਾ ਸਹਿਯੋਗ ਮਿਲਿਆ ਹੈ। ਉਨ੍ਹਾਂ ਗੁੱਜਰ ਭਾਈਚਾਰੇ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਦੇ ਸਾਰੇ ਵਰਗ ਉਨ੍ਹਾਂ ਦੇ ਸੰਘਰਸ਼ ਵਿੱਚ ਡਟ ਕੇ ਖੜ੍ਹੇ ਹਨ ਅਤੇ ਚੋਣ ਮੁਹਿੰਮ ਵਿੱਚ ਹਰ ਕਦਮ 'ਤੇ ਉਨ੍ਹਾਂ ਦਾ ਸਾਥ ਦੇ ਰਹੇ ਹਨ।ਗੁੱਜਰ ਭਾਈਚਾਰੇ ਨੇ ਸਾਡੀਆਂ ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸਾਡੇ ਵਿਚਾਰਾਂ ਅਤੇ ਚੋਣ ਮੁਹਿੰਮ ਨੂੰ ਬਹੁਤ ਬਲ ਪ੍ਰਦਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਉਨ੍ਹਾਂ ਦਾ ਮਨੋਬਲ ਹੋਰ ਉੱਚਾ ਹੋਇਆ ਹੈ ਅਤੇ ਉਹ ਇਸ ਸਹਿਯੋਗ ਨੂੰ ਚੱਬੇਵਾਲ ਦੇ ਵਿਕਾਸ ਵਿੱਚ ਤਬਦੀਲ ਕਰਨ ਲਈ ਵਚਨਬੱਧ ਹਨ। ਆਪਣੇ ਚੋਣ ਏਜੰਡੇ 'ਤੇ ਚਰਚਾ ਕਰਦਿਆਂ ਡਾ.ਇਸ਼ਾਂਕ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਇਲਾਕੇ ਦੇ ਹਰ ਵਰਗ ਦੀ ਭਲਾਈ ਅਤੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਉਦੇਸ਼ ਭ੍ਰਿਸ਼ਟਾਚਾਰ ਤੋਂ ਮੁਕਤ ਅਤੇ ਆਮ ਆਦਮੀ ਦੇ ਹਿੱਤਾਂ ਨੂੰ ਸਮਰਪਿਤ ਸਾਫ਼-ਸੁਥਰਾ ਪ੍ਰਸ਼ਾਸਨ ਦੇਣਾ ਹੈ। ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਡਾ.ਇਸ਼ਾਂਕ ਨਾਲ ਆਪਣੀ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ।ਮੀਟਿੰਗ ਦੀ ਸਮਾਪਤੀ ਕਰਦਿਆਂ ਡਾ.ਇਸ਼ਾਂਕ ਨੇ ਕਿਹਾ ਕਿ ਉਹ ਇਲਾਕੇ ਵਿੱਚ ਸਿੱਖਿਆ, ਸਿਹਤ, ਰੁਜ਼ਗਾਰ ਦੇ ਖੇਤਰ ਵਿੱਚ ਸੁਧਾਰ ਲਈ ਸਖ਼ਤ ਕਦਮ ਚੁੱਕਣਗੇ ਅਤੇ ਨੌਜਵਾਨਾਂ ਦੇ ਚੰਗੇ ਭਵਿੱਖ ਲਈ ਯੋਜਨਾਵਾਂ ਬਣਾਉਣਗੇ।

## ਭੂੰਗਰਨੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪ੍ਰਭਾਤ ਫੇਰੀਆਂ ਜਾਰੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਚਰਨ ਛੋਹ ਧਰਤੀ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ 555ਵੇ ਪ੍ਰਕਾਸ਼ ਪੁਰਬ ਮੌਕੇ ਮਹਾਨ ਗੁਰਮਤਿ ਸਮਾਗਮ 15 ਨਵੰਬਰ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਸਬੰਧੀ ਪ੍ਰਭਾਤ ਫੇਰੀਆਂ ਜਾਰੀ ਹਨ। ਹਰ ਰੋਜ਼ ਸੰਗਤਾਂ ਪ੍ਰਭਾਤ ਫੇਰੀਆਂ ਵਿਚ ਸ਼ਾਮਲ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ 14 ਨਵੰਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ, ਜਿਸ ਵਿੱਚ ਭਾਈ ਸੁਖਚੈਨ ਸਿੰਘ ਹੈੱਡ ਗ੍ਰੰਥੀ, ਭਾਈ ਲਖਵਿੰਦਰ ਸਿੰਘ ਨਿਮਾਣਾ ਇੰਟਰਨੈਸ਼ਨਲ ਢਾਡੀ ਜੱਥਾ, ਪ੍ਰਭਾਤ ਫੇਰੀ ਜੱਥਾ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ 15 ਨਵੰਬਰ ਨੂੰ ਪ੍ਰਕਾਸ਼ ਪੁਰਬ ਮੌਕੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਮੌਕੇ ਪ੍ਰਧਾਨ ਸੁਰਜੀਤ ਸਿੰਘ ਮਸੂਤਾ, ਬਲਬੀਰ ਸਿੰਘ ਤੰਬੜ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਬਲਵਿੰਦਰ ਸਿੰਘ ਹਰਿੰਦਰ ਸਿੰਘ ਤਜਿੰਦਰ ਸਿੰਘ, ਅਮਰੀਕ ਸਿੰਘ ਮੀਕਾ, ਦਵਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਮੀਤ ਸਿੰਘ, ਗੁਰਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਪੁਲਸ ਨੇ ਔਰਤ ਦੇ ਹੋਏ ਅੰਨ੍ਹੇ ਕਤਲ ਨੂੰ 4 ਘੰਟਿਆਂ 'ਚ ਕੀਤਾ ਟਰੇਸ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਮੁੱਖ ਅਫਸਰ ਥਾਣਾ ਟਾਂਡਾ ਵਲੋਂ ਪਿੰਡ ਸਲੇਮਪੁਰ, ਥਾਣਾ ਟਾਂਡਾ ਵਿਖੇ ਬਲਵਿੰਦਰ ਕੌਰ ਦੇ ਕਥਿਤ ਕਾਤਲ ਮਨਦੀਪ ਸਿੰਘ ਪੁੱਤਰ ਬੂਟਾ ਸਿੰਘ ਵਾਸੀ, ਤਲਵੰਡੀ ਡੱਡੀਆਂ, ਥਾਣਾ ਟਾਂਡਾ ਨੂੰ 4 ਘੰਟੇ ਦੇ ਅੰਦਰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸੁਰੇਂਦਰ ਲਾਂਬਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਸ, ਹੁਸ਼ਿਆਰਪੁਰ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮ੍ਰਿਤਕ ਬਲਵਿੰਦਰ ਕੌਰ ਦੀ ਲੜਕੀ ਪਰਮਜੀਤ ਕੌਰ ਕਥਿਤ ਦੋਸ਼ੀ ਮਨਦੀਪ ਸਿੰਘ ਦੇ ਸਕੇ ਭਰਾ ਬਲਜੀਤ ਸਿੰਘ ਨਾਲ ਵਿਆਹੀ ਹੋਈ ਹੈ ਅਤੇ ਦੋਨੋਂ ਇਸ ਸਮੇਂ ਆਪਣੇ ਬੱਚਿਆਂ ਸਮੇਤ ਵਿਦੇਸ਼ ਅਸਟ੍ਰੇਲੀਆ ਵਿਖੇ ਰਹਿ ਰਹੇ ਹਨ। ਦੋਨਾਂ ਪਤੀ-ਪਤਨੀ ਦਾ ਵਿਦੇਸ਼ ਵਿੱਚ ਆਪਸੀ ਘਰੇਲੂ ਕਲੇਸ਼ ਚੱਲ ਰਿਹਾ ਹੈ। ਕਥਿਤ ਦੋਸ਼ੀ ਮਨਦੀਪ ਸਿੰਘ ਨੂੰ ਇਹ ਸ਼ੱਕ ਸੀ ਕਿ ਮ੍ਰਿਤਕ ਬਲਵਿੰਦਰ ਕੌਰ ਆਪਣੀ ਲੜਕੀ ਪਰਮਜੀਤ ਕੌਰ ਦਾ ਉਸਦੇ ਸਕੇ ਭਰਾ ਬਲਜੀਤ ਸਿੰਘ ਨਾਲ ਝਗੜਾ ਕਰਵਾਉਂਦੀ ਹੈ ਅਤੇ ਉਸਦਾ ਘਰ ਨਹੀਂ ਵੱਸਣ ਦਿੰਦੀ। ਇਸ ਰੰਜਿਸ਼ ਤਹਿਤ ਹੀ ਉਸ ਵਲੋਂ ਆਪਣਾ ਹੁਲੀਆ ਬਦਲ ਕੇ ਮ੍ਰਿਤਕਾ ਬਲਵਿੰਦਰ ਕੌਰ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ।

## ਅਰਜਨਵਾਲ ਵਿਖੇ 10ਵਾਂ ਕੀਰਤਨ ਤੇ ਢਾਡੀ ਦਰਬਾਰ ਕਰਵਾਇਆ



**ਆਦਮਪੁਰ (ਪਰਮਜੀਤ ਸਿੰਘ)**:- ਨਜਦੀਕੀ ਪਿੰਡ ਅਰਜਨਵਾਲ ਵਿਖੇ ਭਗਤ ਧੰਨਾ ਜੱਟ ਜੀ ਨੂੰ ਸਮਰਪਿਤ ਸਰਬੱਤ ਦੇ ਭਲੇ ਲਈ ਦਸਵਾਂ ਮਹਾਨ ਕੀਰਤਨ ਦਰਬਾਰ ਅਤੇ ਢਾਡੀ ਦਰਬਾਰ ਜਲੰਧਰ - ਹੁਸ਼ਿਆਰਪੁਰ ਰੋਡ ਪਿੰਡ ਅਰਜਨਵਾਲ ਰੂਰਲ ਹਸਪਤਾਲ ਵਿਖੇ ਐਨ.ਆਰ.ਆਈ ਵੀਰਾਂ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ । ਰਾਤ ਦੇ ਦੀਵਾਨ ਤੇ ਖੁੱਲੇ ਪੰਡਾਲ ਸਜਾਏ ਗਏ ਜਿਸ ਵਿੱਚ ਸਿੱਖ ਕੌਮ ਦੇ ਮਹਾਨ ਕਥਾਵਾਚਕ ਭਾਈ ਸਰਬਜੀਤ ਸਿੰਘ ਲੁਧਿਆਣਾ,ਭਾਈ ਬਲਵਿੰਦਰ ਸਿੰਘ ਰੰਗੀਲਾ,ਢਾਡੀ ਜਥਾ ਭਾਈ ਗੁਰਪ੍ਰੀਤ ਸਿੰਘ ਲਾਂਡਰਾ,ਭਾਈ ਅਮਰਜੀਤ ਸਿੰਘ ਰਾਗੀ ਜਥਾ ਨਾਨਕਸਰ,ਗਿਆਨੀ ਜਗਜੀਵਨ ਸਿੰਘ ਢਾਡੀ ਜਥਾ ਅਰਜਨਵਾਲ,ਕਥਾਵਾਚਕ ਭਾਈ ਗੁਰਦੇਵ ਸਿੰਘ ਬਾਬਾ ਬਕਾਲਾ, ਭਾਈ ਗੁਰਨਾਮ ਸਿੰਘ ਅਰਜਨਵਾਲ ਵਲੋਂ ਹਾਜ਼ਰੀਆਂ ਭਰ ਸੰਗਤਾਂ ਨੂੰ ਗੁਰਬਾਣੀ ਦੇ ਰਸਭਿੰਨੇ ਕੀਰਤਨ, ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ । ਸਮੂਹ ਪ੍ਰਬੰਧਕ ਕਮੇਟੀ ਅਰਜਨਵਾਲ ਵਲੋਂ ਸਹਿਯੋਗੀ ਸੇਵਾਵਾਂ ਜਿਨ੍ਹਾਂ ਵਿੱਚ ਮਹਾਰਾਜਾ ਜੱਸਾ ਰਾਮਗੜ੍ਹੀਆ ਗਤਕਾ ਅਖਾੜਾ, ਭਗਤ ਨਾਮਦੇਵ ਸੇਵਾ ਸੁਸਾਇਟੀ ਬਿਆਸ ਪਿੰਡ, ਦਸ਼ਮੇਸ ਨੌਜਵਾਨ ਸਭਾ ਹਰੀਪੁਰ, ਸਮਾਜ ਸੇਵਕ ਸੁਸਾਇਟੀ ਕਾਲਾ ਬੱਕਰਾ,ਨੌਜਵਾਨ ਸਭਾ ਡੀਂਗਰੀਆਂ, ਮਾਣਕ ਰਾਈ ਸਿੰਘ ਸਭਾ ਸੁਸਾਇਟੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਮੈਬਰਾਂ ਦਾ ਸਨਮਾਨ ਕੀਤਾ। ਇਸ ਮੌਕੇ ਪ੍ਰਧਾਨ ਬਚਿੱਤਰ ਸਿੰਘ, ਅਮਰਜੀਤ ਸਿੰਘ ਨੰਬਰਦਾਰ, ਸਰਪੰਚ ਸੁਖਬੀਰ ਸਿੰਘ, ਗੁਰਦਿਆਲ ਸਿੰਘ,ਓਂਕਾਰ ਸਿੰਘ, ਸਤਨਾਮ ਸਿੰਘ, ਬਲਜੀਤ ਸਿੰਘ, ਸੇਵਾ ਸਿੰਘ ਸਮੇਤ ਕਮੇਟੀ ਮੈਂਬਰ ਅਤੇ ਪਿੰਡ ਵਾਸੀ ਹਾਜਰ ਰਹੇ।

## ਪਰਾਲੀ ਦੀ ਸੰਭਾਲ ਸੰਬੰਧੀ ਕੀਤਾ ਜਾਗਰੂਕ



**ਮਾਹਿਲਪੁਰ (ਸ.ਫ਼ਰੀ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜਪੁਰ ਭਾਈਆਂ ਵਿਖੇ ਪ੍ਰਿੰਸੀਪਲ ਜਰਨੈਲ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਕੈਰੀਅਰ ਗਾਈਡੈਂਸ ਗਤੀਵਿਧੀਆਂ ਅਧੀਨ ਵਾਤਾਵਰਨ ਦੀ ਸੰਭਾਲ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਸਕੂਲ ਇੰਚਾਰਜ ਲੈਕਚਰਾਰ ਗੁਲਸ਼ਨ ਸਿੰਘ ਅਤੇ ਕੈਰੀਅਰ ਗਾਈਡੈਂਸ ਅਧਿਆਪਕ ਰਾਜਾ ਸਿੰਘ ਦੀ ਦੇਖ-ਰੇਖ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਹੁਸ਼ਿਆਰਪੁਰ ਬਲਾਕ-2 ਵੱਲੋਂ ਪਰਾਲੀ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕਤਾ ਕੈਂਪ ਲਗਾਇਆ। ਕ੍ਰਿਸ਼ੀ ਵਿਗਿਆਨ ਕੇਂਦਰ ਹੁਸ਼ਿਆਰਪੁਰ ਦੇ ਖੇਤੀਬਾੜੀ ਵਿਕਾਸ ਅਫਸਰ ਧਰਮਵੀਰ ਸ਼ਾਰਦ ਨੇ ਵਿਦਿਆਰਥੀਆਂ ਨੂੰ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਅਤੇ ਪਰਾਲੀ ਨੂੰ ਨਾ ਸਾੜਨ ਪ੍ਰਤੀ ਜਾਗਰੂਕ ਕੀਤਾ ਅਤੇ ਕਿਹਾ ਕਿ ਸਾਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਕਿ ਹਵਾ ਦੀ ਘਟ ਰਹੀ ਗੁਣਵੱਤਾ ਵਿਚ ਸੁਧਾਰ ਆ ਸਕੇ।ਇਸ ਮੌਕੇ ਹੁਸ਼ਿਆਰਪੁਰ ਬਲਾਕ-2 ਦੇ ਖੇਤੀਬਾੜੀ ਅਫਸਰ ਦੀਪਕ ਪੁਰੀ, ਮੈਡਮ ਰਾਜਵਿੰਦਰ ਕੌਰ ਅਤੇ ਕੈਰੀਅਰ ਗਾਈਡੈਂਸ ਅਧਿਆਪਕ ਰਾਜਾ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਦੀ ਸਾਂਭ-ਸੰਭਾਲ ਕਰਕੇ ਇਸ ਤੋਂ ਬਿਜਲੀ ਆਦਿ ਪੈਦਾ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਸਾਨ ਵੀਰਾਂ ਨੂੰ ਇਸ ਨੂੰ ਸਾੜਨ ਤੋਂ ਗੁਰੇਜ ਕਰਨ ਦੀ ਗੱਲ ਕਹੀ। ਉਨ੍ਹਾਂ ਕਿਸਾਨਾਂ ਨੂੰ ਮੁਹਈਆ ਕਰਵਾਈ ਜਾਣ ਵਾਲੀ ਮਸ਼ੀਨਰੀ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਕਿਸਾਨ ਵੀਰ ਆਪਣੇ ਖੇਤੀ ਧੰਦੇ ਨਾਲ ਸਬੰਧਤ ਮਸੀਨਰੀ ਕਿਰਾਏ ਤੇ ਜਾਂ ਸਬਸਿਡੀ ਤੇ ਲੈ ਸਕਦੇ ਹਨ। ਇਸ ਮੌਕੇ ਮੈਡਮ ਨਵਜੋਤ ਕੌਰ ਮੈਡਮ, ਮੈਡਮ ਹਰਜੀਤ ਕੌਰ, ਮਾਸਟਰ ਸੰਜੀਵ ਨਰਿਆਲ, ਲੈਕਚਰਾਰ ਕਰਨੈਲ ਸਿੰਘ ਦੇ ਸਹਿਯੋਗ ਨਾਲ ਵਿਦਿਆਰਥੀਆਂ ਲੇਖ ਰਚਨਾ ਮੁਕਾਬਲੇ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਜਿਹਨਾਂ ਵਿੱਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਸਕੂਲ ਇੰਚਾਰਜ ਗੁਲਸ਼ਨ ਸਿੰਘ ਆਈ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਵਿਧਾਨ ਸਭਾ ਹਲਕਾ ਚੱਬੇਵਾਲ 'ਚ 18 ਨੂੰ ਝੰਡਾ ਮਾਰਚ ਕਰਨ ਦਾ ਐਲਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਬਰਾਂਚ ਮਾਹਿਲਪੁਰ ਦੀ ਮੀਟਿੰਗ ਬਰਾਂਚ ਪ੍ਰਧਾਨ ਟੇਕ ਚੰਦ ਈਸਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੁਮਾਰ ਨੰਗਲ ਖਿਡਾਰੀਆਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾ ਨੇ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਬਾਰੇ ਜਾਣੂ ਕਰਵਾਇਆ। ਮੀਟਿੰਗ ਵਿੱਚ ਬਰਾਚ ਸਕੱਤਰ ਗੁਰਨਾਮ ਚੰਦ ਲਕਸੀਹਾ ਅਤੇ ਮੀਤ ਪ੍ਰਧਾਨ ਸੁਰਿੰਦਰ ਸਿੰਘ ਬੱਡੋ ਨੇ ਦੱਸਿਆ ਕਿ ਜਲ ਸਪਲਾਈ ਮੰਤਰੀ ਅਤੇ ਵਿਭਾਗੀ ਮੁਖੀ ਨਾਲ ਕਈ ਵਾਰ ਮੀਟਿੰਗਾ ਕੀਤੀਆ ਗਈਆਂ, ਪ੍ਰੰਤੂ ਕਿਸੇ ਵੀ ਮੰਗ ਦਾ ਹੱਲ ਨਹੀ ਹੋਇਆ। ਇਸ ਲਈ ਸੂਬਾ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਚਾਰ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣਾ ਨੂੰ ਦੇਖਦੇ ਹੋਏ ਵਿਧਾਨਸਭਾ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਵਿੱਚ 18 ਨਵੰਬਰ ਨੂੰ ਝੰਡਾ ਮਾਰਚ ਕਰਕੇ ਪੰਜਾਬ ਸਰਕਾਰ ਦਾ ਮੁਲਾਜ਼ਮ ਵਿਰੋਧੀ ਚਿਹਰਾ ਨੰਗਾ ਕੀਤਾ ਜਾਵੇਗਾ। ਝੰਡਾ ਮਾਰਚ ਵਿੱਚ ਬਰਾਚ ਮਾਹਿਲਪੁਰ ਦੇ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।

ਇਸ ਮੌਕੇ ਹਰਕੇਸ਼ ਕੁਮਾਰ, ਸਿਮਰਨਜੀਤ ਸਿੰਘ, ਪਰਮਿੰਦਰ ਸਿੰਘ ਜਾਗਲੀਵਾਲ ਸਤਨਾਮ ਸਿੰਘ. ਕਮਲਜੀਤ ਸਿੰਘ, ਗੁਰਜੀਤ ਸਿੰਘ, ਪਰਮਿੰਦਰ ਸਿੰਘ ਮੁਗੋਵਾਲ. ਸਤਪਾਲ. ਸੋਮ ਨਾਥ ਆਦਿ ਸਾਥੀ ਹਾਜ਼ਰ ਹੋਏ।

12-NOV-PAGE-10.qxd 11/11/2024 10:34 PM Page 1



## ਕਰਨਵੀਰ ਸਿੰਘ ਨੇ ਜਿੱਤਿਆ ਗੋਲਡ ਮੈਡਲ




**ਬਰੇਟਾ (ਰੀਤਵਾਲ)**-ਪਟਿਆਲਾ ਵਿਖੇ ਸੰਪੰਨ ਹੋਈਆਂ 68ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਵਿੱਚੋਂ 10 ਆਰਚਰੀ ਕਲੱਬ ਬਰੇਟਾ ਦੇ ਕਰਨਵੀਰ ਸਿੰਘ ਨੇ ਗੋਲਡ ਮੈਡਲ ਜਿੱਤਿਆ।ਆਰਚਰੀ ਕਲੱਬ ਬਰੇਟਾ ਦੇ ਕੋਚ ਸੁਮਨ ਬਾਲਾ ਬਰੇਟਾ ਨੇ ਕਿਹਾ ਕਿ ਇਸ ਵਿਦਿਆਰਥੀ ਨੇ ਦੋ ਗੋਲਡ ਅਤੇ ਇੱਕ ਸਿਲਵਰ ਮੈਡਲ ਜਿੱਤੇ ਹਨ।ਉਨ੍ਹਾਂ ਕਿਹਾ ਕਿ ਕਰਨਵੀਰ ਸਿੰਘ ਨੈਸ਼ਨਲ ਪੱਧਰ 'ਤੇ ਹੋ ਰਹੀਆਂ 68ਵੀਆਂ ਨੈਸ਼ਨਲ ਖੇਡਾਂ ਵਿੱਚ ਪੰਜਾਬ ਦੀ ਨੁਮਾਇੰਦਗੀ ਕਰੇਗਾ।ਇਸ ਤੋਂ ਇਲਾਵਾ ਇਸ ਕਲੱਬ ਦੀ ਪਰਜੋਤੀ ਸਵਰੂਪਾਂ, ਸੌਡਿਆ, ਨੂਰ, ਰੁਪਿੰਦਰ ਸਿੰਘ, ਤਨਵੀਰ ਸ਼ਰਮਾ, ਹਰਮੀਨ, ਹਰਨੂਰ, ਸੀਯਲ, ਹਰਮਨ ਨੇ ਬਰੌਂਜ਼ ਮੈਡਲ ਜਿੱਤ ਕੇ 68 ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਵਿੱਚੋਂ ਓਵਰਆਲ ਦੂਜਾ ਸਥਾਨ ਪ੍ਰਾਪਤ ਕੀਤਾ।

## ਸ਼ੁੱਧ ਵੇਸਣ ਦੀ ਪੰਜੀਰੀ ਬਣਾ ਕੇ 21 ਲੋੜਵੰਦਾਂ ਨੂੰ ਵੰਡੀ



**ਸਾਦਿਕ (ਐਲਿਗਜੈਂਡਰ ਡਿਸੂਜਾ)**-ਪਿੰਡ ਸੰਗਤਪੁਰਾ ਦੇ ਹਲਵਾਈ ਬਲਰਾਜ ਸਿੰਘ ਅਕਸਰ ਹੀ ਲੋੜਵੰਦਾਂ ਦੀ ਸਹਾਇਤਾ ਕਰਦਾ ਰਹਿੰਦਾ ਹੈ।ਇਸ ਵਾਰ ਉਸ ਨੇ 21 ਲੋੜਵੰਦਾਂ ਨੂੰ ਛੋਲਿਆਂ ਦੀ ਦਾਲ ਨੂੰ ਕਰਿਆਨੇ ਦੀ ਦੁਕਾਨ ਤੋਂ ਖਰੀਦ ਕੇ ਖੁਦ ਬਣਾਏ ਸ਼ੁੱਧ ਵੇਸਣ ਦੀ ਪੰਜੀਰੀ ਵੰਡੀ।ਬਲਰਾਜ ਸਿੰਘ ਨੇ ਦੱਸਿਆ ਕਿ ਅਕਸਰ ਹੀ ਗਰੀਬ ਪਰਵਾਰਾਂ ਸ਼ੁੱਧ ਸਮਾਨ ਖਰੀਦਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਕਰਕੇ ਉਸ ਨੇ ਬਜ਼ੁਰਗਾਂ, ਅੰਗਹੀਣ ਤੇ ਵਿਧਵਾਂ ਪਰਵਾਰਾਂ ਲਈ ਵੇਸਣ ਬਣਾ ਕੇ ਪੰਜੀਰੀ ਵੰਡੀ।ਬਲਰਾਜ ਸਿੰਘ ਨੇ ਦੱਸਿਆ ਕਿ ਕੋਈ ਵੀ ਇਨਸਾਨ ਕਿਸੇ ਅਤਿ ਗਰੀਬ ਪ੍ਰਵਾਰ ਦੀ ਲੜਕੀ ਦੀ ਸ਼ਾਦੀ ਵਿੱਚ ਸਹਾਇਤਾ ਕਰਦਾ ਹੈ ਤਾਂ ਉਹ ਵੀ ਤਨੋਂ, ਮਨੋਂ ਆਪਣੀ ਹਲਵਾਈ ਦੀ ਸੇਵਾ ਮੁਫ਼ਤ ਕਰਦਾ ਹੈ।ਉਸ ਨੇ ਕਿਹਾ ਕਿ ਅਸਲ ਮਾਨਵਤਾ ਭਲਾਈ ਕਿਸੇ ਲੋੜਵੰਦ ਦੀ ਲੋੜ ਮੁਤਾਬਕ ਸੇਵਾ ਕਰਨ ਤੇ ਉਸ ਦੀ ਔਖੇ ਸਮੇਂ ਬਾਂਹ ਫੜਨ ਨੂੰ ਹੀ ਮਨੁੱਖਤਾ ਦੀ ਸੇਵਾ ਕਿਹਾ ਜਾ ਸਕਦਾ ਹੈ।ਉਹ ਹੁਣ ਤੱਕ 16 ਦੇ ਲਗਭਗ ਗਰੀਬ ਪਰਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਸਮੇਂ ਸਹਾਇਤਾ ਕਰ ਚੁੱਕਾ ਹੈ।

## ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਨੂੰ ਸਮਰਪਤ ਨਗਰ ਕੀਰਤਨ ਕੱਢਿਆ



**ਦੋਦਾ (ਵਕੀਲ ਬਰਾੜ)**-ਪਿੰਡ ਭੁੱਲਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਮਾਲਸਰ ਸਾਹਿਬ ਤੋਂ ਗੁਰੂ ਨਾਨਕ ਦੇਵ ਜੀ ਦੇ 555ਵੇਂ ਅਵਤਾਰ ਦਿਹਾੜੇ ਨੂੰ ਸਰਮਪਿਤ ਪੰਜ ਪਿਆਰਿਆਂ ਦੀ ਅਗਵਾਈ ਨਗਰ ਕੀਰਤਨ ਕੱਢਿਆ ਗਿਆ। ਫੁੱਲਾਂ ਨਾਲ ਸਜਾਈ ਪਾਲਕੀ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਸ਼ੋਭਤ ਕੀਤਾ ਗਿਆ। ਜਸਮੇਲ ਸਿੰਘ ਸੈਦੋਕੀ ਦੇ ਕਵੀਸ਼ਰੀ ਜਥੇ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਵਾਰਾਂ ਗਾ ਕੇ ਤੇ ਗੁਰੂ ਜੀ ਦੇ ਉਪਦੇਸ਼ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੇ ਸਿਧਾਤਾਂ ਉਤੇ ਚੱਲਣ ਲਈ ਸੰਗਤਾਂ ਨੂੰ ਅਪੀਲ ਕੀਤੀ। ਇਹ ਨਗਰ ਕੀਰਤਨ ਗੁਰੂਘਰ ਤੋਂ ਚੱਲ ਕੇ ਪਿੰਡ ਵਿੱਚ ਵੱਖ-ਵੱਖ ਪੜਾਅ ਤਹਿ ਕਰਦਾ ਹੋਇਆ ਸ਼ਾਮ ਨੂੰ ਗੁਰੂਘਰ ਵਿਖੇ ਸੰਪੰਨ ਹੋਇਆ। ਵੱਡੀ ਗਿਣਤੀ 'ਚ ਸੰਗਤਾਂ ਨਗਰ ਕੀਰਤਨ ਦੇ ਨਾਲ-ਨਾਲ ਗੁਰਬਾਣੀ ਦਾ ਜਾਪ ਕਰਦੀਆਂ ਚੱਲ ਰਹੀਆਂ ਸਨ। ਪਿੰਡ ਵਾਸੀਆਂ ਵੱਲੋਂ ਸੰਗਤਾਂ ਲਈ ਥਾਂ-ਥਾਂ 'ਤੇ ਚਾਹ, ਮਠਿਆਈਆਂ ਦੇ ਲੰਗਰ ਲਾਏ ਗਏ।

## ਬਾਲ ਦਿਵਸ ਮੌਕੇ ਮੁੱਖ ਮੰਤਰੀ ਤੋਂ ਪੁਛਾਂਗੇ ਕਿੱਥੇ ਹਨ ਬਾਲ ਅਧਿਕਾਰ ਕੇਂਦਰ : ਸੁਭਾਸ਼ ਰਾਣੀ



**ਲੁਧਿਆਣਾ (ਰਾਜ ਸਿੰਗਲਾ)**-ਆਂਗਣਵਾੜੀ ਮੁਲਾਜ਼ਮ ਪੰਜਾਬ ਸੀਟੂ ਜ਼ਿਲ੍ਹਾ ਲੁਧਿਆਣਾ ਦੀ ਇੱਕ ਮੀਟਿੰਗ ਚੱਤਰ ਸਿੰਘ ਪਾਰਕ ਸੂਬਾ ਜਨਰਲ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਸੁਭਾਸ਼ ਰਾਣੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੁਭਾਸ਼ ਰਾਣੀ ਨੇ ਕਿਹਾ ਕਿ 22 ਸਤੰਬਰ 2017 ਤੋਂ ਪੰਜਾਬ ਸਰਕਾਰ ਵੱਲੋਂ ਪ੍ਰੀ -ਪ੍ਰਾਇਮਰੀ ਦਾ ਫੈਸਲਾ ਲੈ ਕੇ 3 ਤੋਂ 6 ਸਾਲ ਦੇ ਬੱਚਿਆਂ ਨੂੰ ਸਕੂਲਾਂ ਨਾਲ ਜੋੜ ਦਿੱਤਾ ਗਿਆ ਹੈ, ਜਿਸ ਨਾਲ ਆਈਸੀਡੀਐਸ ਦੇ ਤਹਿਤ ਦਿੱਤੀਆਂ ਜਾਂਦੀਆਂ ਬਾਲ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ। ਜਦੋਂ ਕਿ ਆਈਸੀਡੀਐਸ 1975 ਤੋਂ ਬੱਚਿਆਂ ਦੇ ਚੌਹਤਰਫਾ ਵਿਕਾਸ ਲਈ ਸ਼ੁਰੂ ਕੀਤੀ ਗਈ ਸੀ। ਇਸ ਲਈ ਬਾਲਾਂ ਦੇ ਇਸ ਅਧਿਕਾਰ ਨੂੰ 14 ਨਵੰਬਰ ਬਾਲ ਦਿਵਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਕੋਲੋਂ ਜਵਾਬ ਮੰਗਿਆ ਜਾਵੇਗਾ ਅਤੇ 18 ਨਵੰਬਰ ਨੂੰ ਕੇਂਦਰੀ ਮੰਤਰੀ ਰਵਨੀਤ ਬਿੱਟੂ ਦਾ ਘਰਾਓ ਕਰਦੇ ਹੋਏ ਮੰਗ ਕੀਤੀ ਜਾਵੇਗੀ ਕਿ ਕੇਂਦਰ ਸਰਕਾਰ ਮਾਨਯੋਗ ਸੁਪਰੀਮ ਕੋਰਟ ਅਤੇ ਮਾਨਯੋਗ ਹਾਈਕੋਰਟ ਦੇ ਫੈਸਲੇ ਦਾ ਸਤਿਕਾਰ ਕਰਦੇ ਹੋਏ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਦਰਜਾ ਤਿੰਨ ਅਤੇ ਦਰਜਾ ਚਾਰ ਦਿੰਦੇ ਹੋਏ ਮੰਗਾਂ ਮੰਨੇ ਅਤੇ ਆਈਸੀਡੀਐਸ ਦੀ ਕਟੌਤੀ ਨੂੰ ਰੋਕਦੇ ਹੋਏ ਬੱਜਟ ਵਿੱਚ ਵਾਧਾ ਕਰੇ। ਇਸ ਮੀਟਿੰਗ ਵਿੱਚ ਆਸ਼ਾ ਰਾਣੀ, ਮਨਜੀਤ ਕੌਰ ਮਾਂਗਟ, ਚਰਨਜੀਤ ਕੌਰ ਮਾਛੀਵਾੜਾ, ਵਰਿੰਦਾ ਸ਼ਰਮਾ, ਰਜਨੀ ਬਾਲਾ, ਮਨਪ੍ਰੀਤ ਕੌਰ 1, ਸੁਖਵਿੰਦਰ ਡੇਹਲੋਂ, ਰਣਜੀਤ ਕੌਰ ਸਮਰਾਲਾ, ਚਰਨਜੀਤ ਕੌਰ ਜਗਰਾਓ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਮੌਜੂਦ ਸਨ।

## ਜੀ ਹੋਲੀ ਹਾਰਟ ਸਕੂਲ 'ਚ ਬੇਬੀ ਸ਼ੋਅ




**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਜੀ ਹੋਲੀ ਹਾਰਟ ਪਬਲਿਕ ਸਕੂਲ ਵਿੱਚ ਬੇਬੀ ਸ਼ੋਅ ਕਰਾਇਆ ਗਿਆ।ਇਹ ਸ਼ੋਅ ਮੈਨੇਜਿੰਗ ਡਾਇਰੈਕਟਰ ਸ਼੍ਰੀਮਾਨ ਸੁਸ਼ੀਲ ਗੋਇਲ ਜੀ ਦੇ ਦਿਸ਼ਾ-ਨਿਰਦੇਸ਼ਾਂ ਤੇ ਪ੍ਰਿੰਸੀਪਲ ਸ਼੍ਰੀਮਤੀ ਗੁਰਪ੍ਰੀਤ ਕੌਰ ਤੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਪੂਜਾ ਸ਼ਰਮਾ ਤੇ ਸੀਨੀਅਰ ਕੋਆਰਡੀਨੇਟਰ ਪ੍ਰੀਤੀ ਤਿਵਾੜੀ ਦੀ ਅਗਵਾਈ 'ਚ ਕਰਾਇਆ ਗਿਆ।ਪ੍ਰੋਗਰਾਮ ਵਿੱਚ ਦੋ ਸਾਲ ਤੋਂ ਲੈ ਕੇ ਚਾਰ ਸਾਲ ਤੱਕ ਦੇ ਬੱਚਿਆਂ ਨੇ ਹਿੱਸਾ ਲਿਆ। ਪ੍ਰੋਗਰਾਮ ਦਾ ਮੁੱਖ ਉਦੇਸ਼ ਬੱਚਿਆਂ ਅੰਦਰ ਛੁਪੀ ਹੋਈ ਕਲਾ ਨੂੰ ਉਜਾਗਰ ਕਰਨਾ ਸੀ। ਪ੍ਰੋਗਰਾਮ ਵਿੱਚ 150 ਦੇ ਲਗਭਗ ਬੱਚਿਆਂ ਨੇ ਹਿੱਸਾ ਲਿਆ।ਇਸ ਦੌਰਾਨ ਬੱਚਿਆਂ ਨੇ ਸਟੇਜ ਦੇ ਉੱਪਰ ਰੈਂਪਵਾਕ, ਫੈਂਸੀ ਡਰੈੱਸ (ਪ੍ਰੀ ਨਰਸਰੀ), ਡਾਂਸ (ਦੂਜੀ ਕਲਾਸ) ਦੁਆਰਾ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।ਇਸ ਸ਼ੋਅ ਤਹਿਤ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਤੇ ਮਾਪਿਆਂ ਨੂੰ ਇਨਾਮ ਦਿੱਤੇ ਗਏ।ਬੱਚਿਆਂ ਲਈ ਵੱਖੋ-ਵੱਖਰੀਆਂ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਗਿਆ, ਜਿਨ੍ਹਾਂ ਵਿੱਚ ਝੂਲੇ, ਖੇਡਾਂ, ਟਰੇਨ ਦੀ ਸਵਾਰੀ ਆਦਿ ਸ਼ਾਮਲ ਸਨ।ਬੱਚਿਆਂ ਦੇ ਮਾਤਾ-ਪਿਤਾ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਹੋਣੇ ਚਾਹੀਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦੇ ਬੱਚਿਆਂ ਦੀ ਪ੍ਰਤਿਭਾ ਨਿੱਖਰ ਕੇ ਸਾਹਮਣੇ ਆਉਂਦੀ ਹੈ। ਬੱਚਿਆਂ ਦੇ ਮਾਤਾ-ਪਿਤਾ ਨੇ ਕਿਹਾ ਕਿ ਅਸੀਂ ਆਪਣੇ ਬੱਚਿਆਂ ਦੇ ਦਾਖ਼ਲੇ ਜੀ ਹੋਲੀ ਹਾਰਟ ਸਕੂਲ ਵਿੱਚ ਹੀ ਕਰਾਉਣੇ ਹਨ, ਕਿਉਂਕਿ ਇਸ ਤੋਂ ਵਧੀਆ ਸਕੂਲ ਅਤੇ ਅਧਿਆਪਕ ਪੂਰੇ ਜਿਲੇ ਵਿੱਚ ਨਹੀਂ ਹੈ ।ਮੈਨੇਜਿੰਗ ਡਾਇਰੈਕਟਰ ਸ਼੍ਰੀਮਾਨ ਸੁਸ਼ੀਲ ਗੋਇਲ ਨੇ ਗੱਲਬਾਤ ਦੌਰਾਨ ਦੱਸਿਆ ਕਿ ਬੱਚਿਆਂ ਦਾ ਸਰਬਪੱਖੀ ਵਿਕਾਸ ਹੋਣਾ ਬਹੁਤ ਲਾਜ਼ਮੀ ਹੈ।

# ਵਿਆਹ ਸਮਾਗਮ 'ਚ ਗੋਲੀ ਚੱਲਣ ਨਾਲ ਵਿਆਹ ਵਾਲੀ ਲੜਕੀ ਹੋਈ ਜ਼ਖ਼ਮੀ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਪਿੰਡ ਖਾਈ ਫੇਮੇ ਕੀ ਵਿੱਚ ਵਿਆਹ ਸਮਾਗਮ ਦੌਰਾਨ ਡੋਲੀ ਤੋਰਨ ਸਮੇਂ ਹੋਏ ਹਵਾਈ ਫਾਇਰ ਦੌਰਾਨ ਵਿਆਹ ਵਾਲੀ ਲੜਕੀ ਦੇ ਮੱਥੇ ਵਿਚ ਗੋਲੀ ਲੱਗਣ ਨਾਲ ਗੰਭੀਰ ਜ਼ਖਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।

ਥਾਣਾ ਸਦਰ ਫਿਰੋਜ਼ਪੁਰ ਦੀ ਪੁਲਿਸ ਨੇ ਇਸ ਮਾਮਲੇ ਵਿੱਚ ਲੜਕੀ ਦੇ ਭਰਾ ਗੁਰਪ੍ਰੀਤ ਸਿੰਘ ਤੇ ਹੋਟਲ ਮਾਲਕ ਅਸ਼ੋਕ ਕੁਮਾਰ ਖਿਲਾਫ 223, 125 ਬੀਐੱਨਐੱਸ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।ਸ਼ਿਕਾਇਤਕਰਤਾ ਰਜਿੰਦਰ ਕੁਮਾਰ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਵਿਆਹ ਸਮਾਗਮ ਖਾਈ ਫੇਮੇ ਕੀ ਪੈਲੇਸ ਵਿੱਚ ਹੋ ਰਿਹਾ ਸੀ, ਜਿਸ ਵਿੱਚ ਲੜਕੀ ਬਲਜਿੰਦਰ ਕੌਰ ਦੀ ਬਰਾਤ ਪਿੰਡ ਸਰਹਾਲੀ ਕਲਾਂ, ਜ਼ਿਲ੍ਹਾ ਤਰਨਤਾਰਨ ਤੋਂ ਆਈ ਸੀ।ਬਲਜਿੰਦਰ ਕੌਰ ਦੇ ਵਿਆਹ ਦੀ ਖੁਸ਼ੀ ਵਿੱਚ ਉਸ ਦਾ ਭਰਾ ਗੁਰਪ੍ਰੀਤ ਸਿੰਘ ਹਵਾਈ ਫਾਇਰ ਕਰ ਰਿਹਾ ਸੀ, ਜਿਸ ਦੌਰਾਨ ਗੋਲੀ ਉਸ ਦੀ ਭੈਣ ਬਲਜਿੰਦਰ ਦੇ ਮੱਥੇ ਵਿਚ ਲੱਗ ਗਈ।ਇਸ ਘਟਨਾ ਤੋਂ ਬਾਅਦ ਉਸ ਨੂੰ ਤੁਰੰਤ ਇਲਾਜ ਲਈ ਫਿਰੋਜ਼ਪੁਰ ਦੇ ਬਾਗੀ ਹਸਪਤਾਲ ਲਿਆਇਆ ਗਿਆ ਤੇ ਉਸਦੀ ਗੰਭੀਰ ਹਾਲਤ ਦੇ ਮੱਦੇਨਜ਼ਰ, ਉਸ ਨੂੰ ਉਚੇਰੇ ਇਲਾਜ ਲਈ ਡੀਐੱਮਸੀ ਲੁਧਿਆਣਾ ਰੈਫਰ ਕਰ ਦਿੱਤਾ ਗਿਆ।ਸਬ ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਗੁਰਪ੍ਰੀਤ ਸਿੰਘ ਤੇ ਅਸ਼ੋਕ ਕੁਮਾਰ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਤੇ ਅਗਲੀ ਤਹਿਕੀਕਾਤ ਜਾਰੀ ਹੈ।

## ਜੀਪ ਤੇ ਸਕੂਟਰੀ ਦੀ ਟੱਕਰ 'ਚ ਸਕੂਟਰੀ ਸਵਾਰ ਦੀ ਮੌਤ, ਜੀਪ ਚਾਲਕ 'ਤੇ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਸਿਟੀ ਪੁਲਸ ਨੇ ਸਕੂਟਰੀ ਅਤੇ ਜੀਪ ਦੀ ਟੱਕਰ 'ਚ ਸਕੂਟਰੀ ਸਵਾਰ ਦੀ ਮੌਤ ਹੋ ਜਾਣ ਨਾਲ ਅਣਪਛਾਤੇ ਜੀਪ ਚਾਲਕ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਲਾਲ ਚੰਦ ਵਾਸੀ ਧਾਨਕ ਮੁਹੱਲਾ ਮਲੋਟ ਨੇ ਦੱਸਿਆ ਕਿ ਉਹ ਕਈ ਸਾਲਾਂ ਤੋਂ ਆੜ੍ਹਤ ਦੀ ਦੁਕਾਨ ਜੋ ਦਾਨਾ ਮੰਡੀ ਸਿੱਖਵਾਲਾ ਵਿਖੇ ਹੈ 'ਤੇ ਕੰਮ ਕਰਦਾ ਹੈ ਤੇ ਉਸਦੇ ਨਾਲ ਉਸਦਾ ਚਾਚਾ ਜੱਗਾ ਰਾਮ ਵਾਸੀ ਪਟੇਲ ਨਗਰ ਮਲੋਟ ਵੀ ਕੰਮ ਕਰਦਾ ਸੀ। ਉਸ ਨੇ ਦੱਸਿਆ ਕਿ ਉਹ ਅਤੇ ਉਸਦਾ ਚਾਚਾ ਜੱਗਾ ਰਾਮ ਸਕੂਟਰੀ 'ਤੇ ਸਵਾਰ ਹੋ ਕੇ ਦਾਨਾ ਮੰਡੀ ਮਲੋਟ ਸਿੱਖਵਾਲਾ ਤੋਂ ਮਲੋਟ ਆ ਰਹੇ ਸੀ ਤਾਂ ਜਦੋਂ ਉਨ੍ਹਾਂ ਪਿੰਡ ਅਬੁੱਲਖੁਰਾਨਾ ਤੋਂ ਅੱਗੇ ਪੈਟਰੋਲ ਪੰਪ ਲੰਘ ਕੇ ਪਿਸ਼ਾਬ ਕਰਨ ਲਈ ਸਕੂਟਰੀ ਸਾਈਡ 'ਤੇ ਖੜੀ ਕਰ ਦਿੱਤੀ ਤੇ ਜਦੋਂ ਉਹ ਪਿਸ਼ਾਬ ਕਰਨ ਤੋਂ ਬਾਅਦ ਸਕੂਟਰੀ 'ਤੇ ਬੈਠੇ ਲੱਗੇ ਤਾਂ ਪਿੱਛੇ ਤੋਂ ਇੱਕ ਲੰਡੀ ਜੀਪ ਬੜੀ ਤੇਜ਼ ਰਫ਼ਤਾਰ ਨਾਲ ਆਈ, ਜਿਸ ਦੇ ਡਰਾਇਵਰ ਨੇ ਲਾਹਪ੍ਰਵਾਹੀ ਤੇ ਅਣਗਹਿਲੀ ਨਾਲ ਜੀਪ ਚਲਾ ਕੇ ਉਨ੍ਹਾਂ ਵਿੱਚ ਮਾਰੀ ਤਾਂ ਉਹ ਦੋਵੇਂ ਜਣੇ ਸੜਕ 'ਤੇ ਡਿੱਗ ਪਏ, ਜਿਸ ਕਾਰਨ ਉਨ੍ਹਾਂ ਦੇ ਕਾਫ਼ੀ ਸੱਟਾਂ ਲੱਗੀਆਂ ਅਤੇ ਜੀਪ ਡਰਾਇਵਰ ਮੌਕੇ ਤੋਂ ਜੀਪ ਭਜਾ ਕੇ ਲੈ ਗਿਆ ਤੇ ਉਸਦਾ ਚਾਚਾ ਜੱਗਾ ਰਾਮ ਦੀ ਸੱਟਾਂ ਦੀ ਤਾਬ ਨਾ ਝੱਲਦੇ ਹੋਏ ਮੌਕੇ 'ਤੇ ਮੌਤ ਹੋ ਗਈ ਤੇ ਉਹ ਖੁਦ ਜ਼ੇਰੇ ਇਲਾਜ ਹੈ। ਪੁਲਸ ਨੇ ਜੀਪ ਚਾਲਕ 'ਤੇ ਮੁਕੱਦਮਾ ਨੰ. 172 ਧਾਰਾ 106, 281, 125 (ਏ), 125 (ਬੀ) ਬੀ.ਐਨ.ਐਸ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕੁੱਟਮਾਰ ਮਾਮਲੇ 'ਚ ਪੁਲਸ ਨੇ ਨੌਜਵਾਨ 'ਤੇ ਕੀਤਾ ਮਾਮਲਾ ਦਰਜ

**ਬਰੇਟਾ (ਰੀਤਵਾਲ)**-ਸ਼ੁੱਕਰਵਾਰ ਦੀ ਸ਼ਾਮ ਨੂੰ ਇੱਕ ਨੌਜਵਾਨ ਵੱਲੋਂ ਬਰੇਟਾ ਦੇ ਇੱਕ 55 ਸਾਲਾ ਵਿਅਕਤੀ ਨੂੰ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ ਗਿਆ ਸੀ, ਜਿਸ ਵਿੱਚ ਬਰੇਟਾ ਪੁਲਸ ਵੱਲੋਂ ਦੋਸ਼ੀ ਨੌਜਵਾਨ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।ਥਾਣਾ ਮੁਖੀ ਅਮਰੀਕ ਸਿੰਘ ਨੇ ਦੱਸਿਆ ਕਿ ਪੁਲਸ ਕੋਲ ਪੀੜਤ ਗੁਰਨਾਮ ਸਿੰਘ ਵਾਸੀ ਬਰੇਟਾ ਦੀ ਪਤਨੀ ਕਰਮਜੀਤ ਕੌਰ ਨੇ ਬਿਆਨ ਲਿਖਵਾਏ ਸਨ ਕਿ ਉਸਦਾ ਪਤੀ ਸ਼ੁੱਕਰਵਾਰ ਦੀ ਸ਼ਾਮ 4 ਵਜੇ ਦੇ ਕਰੀਬ ਘਰੋ ਬਰੇਟਾ ਕੈਚੀਆਂ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਬਰੇਟਾ ਦੇ ਭਾਈ ਘਨੱਈਆ ਗੁਰਦੁਆਰਾ ਦੇ ਗ੍ਰੰਥੀ ਜੀਵਨ ਸਿੰਘ ਨੇ ਮੋਟਰਸਾਈਕਲ 'ਤੇ ਆ ਕੇ ਮੇਰੇ ਪਤੀ ਗੁਰਨਾਮ ਸਿੰਘ ਤੇ ਤੇਜ਼ਧਾਰ ਨਾਲ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ, ਜਿਸ ਨੂੰ ਇਲਾਜ ਦੇ ਲਈ ਤੁਰੰਤ ਬੁਢਲਾਡਾ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਪੀੜਤ ਦੀ ਹਾਲਤ ਗੰਭੀਰ ਦੇਖਦੇ ਹੋਏ ਉਸਨੂੰ ਪਟਿਆਲਾ ਵਿਖੇ ਰੈਫਰ ਕਰ ਦਿੱਤਾ ਸੀ ਤੇ ਹੁਣ ਗੁਰਨਾਮ ਸਿੰਘ ਪੀ.ਜੀ.ਆਈ.ਚੰਡੀਗੜ੍ਹ ਵਿਖੇ ਜੇਰੇ ਇਲਾਜ 'ਤੇ ਹੈ। ਥਾਣਾ ਮੁਖੀ ਨੇ ਕਿਹਾ ਕਿ ਪੁਲਿਸ ਵੱਲੋਂ ਮੁਕੱਦਮਾ ਨੰਬਰ 141 ਦਰਜ ਕਰਦੇ ਹੋਏ ਇਰਾਦਾ ਕਤਲ ਦੀ ਧਾਰਾ ਸਮੇਤ ਜੀਵਨ ਸਿੰਘ ਵਾਸੀ ਬਰੇਟਾ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮੁਲਜ਼ਮ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਹੈ, ਜਿਸ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ।

# ਲਵਪ੍ਰੀਤ ਸਿੰਘ ਨੇ ਗੋਲਡ ਮੈਡਲ ਜਿੱਤਿਆ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਤ ਇੰਟਰ ਕਾਲਜ ਕੁਸ਼ਤੀ ਚੈਂਪੀਅਨਸ਼ਿਪ, ਜੋ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿਖੇ ਹੋਈ, ਜਿਸ 'ਚ ਫ਼ਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ (ਬਠਿੰਡਾ) ਦੇ ਹੋਣਹਾਰ ਖਿਡਾਰੀ ਲਵਪ੍ਰੀਤ ਸਿੰਘ ਪੁੱਤਰ ਸੁਖਪਾਲ ਸਿੰਘ ਪਿੰਡ ਭੂੰਦੜ, ਬੀਏ ਭਾਗ ਦੂਜਾ ਨੇ ਫਾਈਨਲ ਮੈਚ ਦੌਰਾਨ 86 ਕਿਲੋ ਭਾਰ ਵਰਗ ਵਿੱਚ ਬੇਲਾ ਕਾਲਜ ਦੇ ਸ਼ੌਰਿਆ ਨੂੰ ਹਰਾ ਕੇ ਗੋਲਡ ਮੈਡਲ ਜਿੱਤਿਆ।ਇਸ ਤੋਂ ਪਹਿਲਾਂ ਕੁਆਟਰ ਫਾਈਨਲ ਮੈਚ ਦੌਰਾਨ ਯੂਨੀਵਰਸਿਟੀ ਕੈਂਪਸ ਢਿੱਲਵਾਂ ਦੇ ਰੈਸਲਰ ਧਰਮ ਸਿੰਘ ਨੂੰ ਹਰਾਇਆ।ਸੈਮੀਫਾਈਨਲ ਮੈਚ ਦੌਰਾਨ ਮੋਦੀ ਕਾਲਜ ਪਟਿਆਲਾ ਦੇ ਰਾਹੁਲ ਨੂੰ ਹਰਾਇਆ। ਖੇਡ ਵਿਭਾਗ ਦੇ ਮੁਖੀ ਕੁਲਦੀਪ ਸਿੰਘ,ਅਸਿਸਟੈਂਟ ਪ੍ਰੋ. ਵਰਿੰਦਰ ਕੌਰ ਨੇ ਦੱਸਿਆ ਕਿ ਫ਼ਤਿਹ ਕਾਲਜ ਦੇ ਇੱਕ ਹੋਰ ਖਿਡਾਰੀ ਬਿਕਰਮਜੀਤ ਸਿੰਘ ਸਪੁੱਤਰ ਲਖਵੀਰ ਸਿੰਘ ਭੂੰਦੜ ਨੇ ਵੀ ਕੁਸ਼ਤੀ 57 ਭਾਰ ਵਰਗ ਮੁਕਾਬਲਿਆਂ ਦੌਰਾਨ ਖੇਡਦਿਆਂ ਚੌਥੀ ਪੁਜੀਸ਼ਨ ਹਾਸਲ ਕੀਤੀ।ਸੰਸਥਾ ਦੇ ਚੇਅਰਮੈਨ ਐਸ ਐਸ ਚੱਠਾ ਨੇ ਉਕਤ ਇਤਿਹਾਸਕ ਪ੍ਰਾਪਤੀਆਂ ਤੇ ਕਾਲਜ ਦੇ ਖੇਡ ਵਿਭਾਗ, ਕਰਮ ਸਿੰਘ ਚੌਹਾਨ ਪਹਿਲਵਾਨੀ ਅਖਾੜਾ ਭੂੰਦੜ, ਕੋਚ ਫ਼ਤਿਹਪਾਲ ਸਿੰਘ ਚੌਹਾਨ ਤੇ ਇਲਾਕਾ ਨਿਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸੰਸਥਾ ਦੇ ਮੁੰਡਿਆਂ ਦਾ ਲਗਾਤਾਰ ਖੇਡਾਂ ਵਿੱਚ ਅਥਾਹ ਉਤਸ਼ਾਹ ਤੇ ਪ੍ਰਾਪਤੀਆਂ ਇਲਾਕੇ ਲਈ ਵੱਡੇ ਮਾਣ ਦੀ ਗੱਲ ਹੈ।ਉਨ੍ਹਾਂ ਦੱਸਿਆ ਕਿ ਖੇਡਾਂ ਵਿੱਚ ਨੌਜਵਾਨ ਮੁੰਡੇ-ਕੁੜੀਆਂ ਦਾ ਰੁਝਾਨ ਵੱਡੇ ਪੱਧਰ ਤੇ ਹੋਣ ਨਾਲ ਨਸ਼ਿਆਂ ਵਰਗੀਆਂ ਅਲਾਮਤਾ ਤੋਂ ਬਚਿਆ ਜਾ ਸਕਦਾ ਹੈ। ਪ੍ਰਿੰਸੀਪਲ ਡਾ. ਜਗਵਿੰਦਰ ਸਿੰਘ ਸਿੱਧੂ ਨੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਇਤਿਹਾਸਕ ਦੱਸਦਿਆਂ ਉਨ੍ਹਾਂ ਦੀ ਮਿਹਨਤ ਨੂੰ ਸਿਜਦਾ ਕੀਤਾ।

# ਗਲੋਬਲ ਡਿਸਕਵਰੀ ਸਕੂਲ ਦੇ ਬੱਚਿਆਂ ਵੱਲੋਂ ਫੈਕਟਰੀ ਤੇ ਬੈਂਕ ਦਾ ਦੌਰਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**



ਸੀ ਬੀ ਐੱਸ ਈ ਤੋ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ, ਰਾਮਪੁਰਾ ਫੂਲ ਦੇ +1,+2 ਦੇ ਵਿਦਿਆਰਥੀਆਂ ਵੱਲੋਂ ਉਦਯੋਗਿਕ ਅਤੇ ਬੈਂਕ ਦਾ ਦੌਰਾ ਕੀਤਾ ਗਿਆ। ਇਸ ਦੌਰੇ ਦਾ ਮਕਸਦ ਬੱਚਿਆਂ ਨੂੰ ਬੈਂਕ ਅਤੇ ਉਦਯੋਗਿਕ ਖੇਤਰ ਦੇ ਕੰਮਾਂ ਅਤੇ ਦਸਤਾਵੇਜ਼ਾਂ ਸਬੰਧੀ ਜਾਣਕਾਰੀ ਦੇਣਾ ਸੀ।ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਨਾਲ 'ਸਰਾਫ ਇਲੈਕਟ੍ਰੀਕਲਜ਼ ਪ੍ਰਾਈਵੇਟ ਲਿਮਟਿਡ' ਰਾਮਪੁਰਾਫੂਲ ਇੰਡਸਟਰੀ ਦਾ ਦੌਰਾ ਕੀਤਾ। ਉਦਯੋਗ ਨਿਰਦੇਸ਼ਕ ਸ੍ਰੀ ਸਾਗਰ ਸਰਾਫ਼ ਦੀ ਅਗਵਾਈ ਹੇਠ ਬੱਚਿਆਂ ਨੂੰ ਉਦਯੋਗਾਂ ਵਿੱਚ ਬਣੀਆਂ ਵਸਤਾਂ, ਮਸ਼ੀਨਾਂ, ਕੱਚੇ ਮਾਲ ਅਤੇ ਉਨ੍ਹਾਂ ਤੋਂ ਬਣੀਆਂ ਵੱਖ-ਵੱਖ ਵਸਤੂਆਂ ਅਤੇ ਪੁਰਜ਼ਿਆਂ ਦੀ ਨਿਰਮਾਣ ਪ੍ਰਨਾਲੀ ਦਿਖਾਈ ਗਈ।ਬੱਚਿਆਂ ਨੂੰ ਉਦਯੋਗਾਂ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੇ ਦਸਤਾਵੇਜ਼ਾਂ ਦੇ ਪ੍ਰਬੰਧਨ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਬੱਚਿਆਂ ਨੂੰ ਪੰਜਾਬ ਨੈਸ਼ਨਲ ਬੈਂਕ ਰਾਮਪੁਰਾਫੂਲ ਦਾ ਦੌਰਾ ਕਰਵਾਇਆ ਗਿਆ। ਬੈਂਕ ਦੌਰੇ ਦੌਰਾਨ ਬੱਚਿਆਂ ਨੂੰ ਵਿੱਤੀ ਸਿੱਖਿਆ, ਬੈਂਕਿੰਗ ਵਿਧੀ, ਵਿੱਤੀ ਲੈਣ-ਦੇਣ, ਬੈਂਕ ਖਾਤੇ ਖੋਲ੍ਹਣ ਅਤੇ ਬੰਦ ਕਰਨ, ਵੱਖ-ਵੱਖ ਬੈਂਕਿੰਗ ਸਕੀਮਾਂ ਅਤੇ ਏ.ਟੀ.ਐਮ ਮਸ਼ੀਨਾਂ ਸਬੰਧੀ ਜਾਣਕਾਰੀ ਦਿੱਤੀ ਗਈ ।ਸਕੂਲ ਦੇ ਚੇਅਰਮੈਨ ਇੰਜਨੀਅਰ ਸ੍ਰੀ ਕਮਲੇਸ਼ ਸਰਾਫ਼ ਅਤੇ ਵਾਇਸ ਚੇਅਰਮੈਨ ਸ੍ਰੀ ਅਮਿਤ ਸਰਾਫ਼ ਨੇ ਆਪਣੇ ਅਧਿਆਪਕਾਂ ਦੀ ਅਗਵਾਈ ਹੇਠ ਬੱਚਿਆਂ ਵੱਲੋਂ ਕਰਵਾਏ ਗਏ ਟੂਰ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਇਨ੍ਹਾਂ ਪ੍ਰਤੱਖ ਟੂਰਾਂ ਤੋਂ ਜੋ ਜਾਣਕਾਰੀ ਮਿਲਦੀ ਹੈ, ਉਹ ਉਨ੍ਹਾਂ ਦੇ ਕੰਮ ਵਿੱਚ ਸਹਾਈ ਹੁੰਦੀ ਹੈ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਅੰਜੂ ਨਾਗਪਾਲ ਨੇ ਦੱਸਿਆ ਕਿ ਸਕੂਲ ਵੱਲੋਂ ਕਰਵਾਏ ਜਾਂਦੇ ਸਿੱਧੇ ਟੂਰ ਕਰਵਾਉਣ ਦਾ ਮਕਸਦ ਬੱਚਿਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਪ੍ਰੈਕਟੀਕਲ ਗਿਆਨ ਵੀ ਪ੍ਰਦਾਨ ਕਰਨਾ ਹੈ।ਸਕੂਲ ਸਮੇਂ-ਸਮੇਂ ਤੇ ਗਿਆਨ ਵਿੱਚ ਵਾਧਾ ਕਰਨ ਅਤੇ ਬੱਚਿਆਂ ਦੇ ਉੱਜਵਲ ਭਵਿੱਖ ਵੱਲ ਵਧਣ ਦੇ ਮੁੱਖ ਉਦੇਸ਼ ਨਾਲ ਵਿਦਿਅਕ ਦੌਰਿਆਂ ਦਾ ਆਯੋਜਨ ਕਰਦਾ ਹੈ।ਉਨ੍ਹਾਂ ਸ਼੍ਰੀ ਜਿੰਦਲ ਅਤੇ ਸਮੂਹ ਬੈਂਕ ਅਧਿਕਾਰੀਆਂ ਅਤੇ ਉਦਯੋਗਿਕ ਪ੍ਰਬੰਧਨ ਸ਼੍ਰੀ ਰਾਜੇਸ਼ ਸਰਾਫ ਜੀ, ਸ਼੍ਰੀ ਸਾਗਰ ਸਰਾਫ ਜੀ ਅਤੇ ਸਮੂਹ ਅਧਿਕਾਰੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਦੌਰੇ ਦੌਰਾਨ ਬੱਚਿਆਂ ਨੂੰ ਜਾਣਕਾਰੀ ਦਿੱਤੀ।

# ਸੜਕ ਹਾਦਸੇ 'ਚ ਨੌਜਵਾਨ ਦੀ ਮੌਤ, ਇੱਕ ਗੰਭੀਰ ਜ਼ਖ਼ਮੀ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਸਵਿਫਟ ਕਾਰ 'ਚ ਸਵਾਰ ਇੱਕ ਨੌਜਵਾਨ ਦੀ ਮੌਤ ਹੋ ਜਾਣ ਅਤੇ ਇੱਕ ਦੇ ਗੰਭੀਰ ਜ਼ਖ਼ਮੀ ਹੋ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਸੰਦੀਪ ਕੁਮਾਰ ਵਾਸੀ ਪਿੰਡ ਮੁਜ਼ੱਫਰਪੁਰ (ਜਲੰਧਰ) ਆਪਣੇ ਲੜਕੇ ਅਰੁਣ (17) ਅਤੇ ਆਪਣੇ ਪਿੰਡ ਦੇ ਜੋਗਿੰਦਰ ਸਿੰਘ ਅਤੇ ਰਾਜਾ ਸਮੇਤ ਸਵਿਫਟ ਕਾਰ 'ਚ ਸਵਾਰ ਹੋ ਕੇ ਪਟਿਆਲਾ ਵਿਖੇ ਇੱਕ ਵਿਆਹ ਸਮਾਗਮ ੦ਚ ਸ਼ਾਮਲ ਹੋਣ ਲਈ ਜਾ ਰਿਹਾ ਸੀ।ਕਾਰ ਨੂੰ ਜੋਗਿੰਦਰ ਸਿੰਘ ਚਲਾ ਰਿਹਾ ਸੀ, ਜਦੋਂ ਕਿ ਸੰਦੀਪ ਕੁਮਾਰ ਡਰਾਇਵਰ ਦੀ ਨਾਲ ਵਾਲੀ ਸੀਟ 'ਤੇ ਅਰੁਨ ਅਤੇ ਰਾਜਾ ਕਾਰ ਦੀ ਪਿਛਲੀ ਸੀਟ 'ਤੇ ਬੈਠੇ ਸਨ। ਜਦੋਂ ਉਨ੍ਹਾਂ ਦੀ ਕਾਰ ਜੀ.ਟੀ. ਰੋਡ 'ਤੇ ਸਰਹਿੰਦ ਦੇ ਚਾਵਲਾ ਚੌਂਕ ਵਾਲੇ ਓਵਰਬ੍ਰਿਜ 'ਤੇ ਪਹੁੰਚੀ ਤਾਂ ਪਿੱਛੋਂ ਤੇਜ਼ ਰਫਤਾਰ ਨਾਲ ਆ ਰਹੀ ਮਹਿੰਦਰਾ ਬੋਲੈਰੋ ਪਿਕਅਪ ਗੱਡੀ ਨੇ ਉਨ੍ਹਾਂ ਦੀ ਸਵਿਫਟ ਕਾਰ ਨੂੰ ਜ਼ੋਰਦਾਰ ਟੱਕਰ ਮਾਰੀ, ਜਿਸ ਕਾਰਨ ਕਾਰ 'ਚ ਅੱਗੇ ਬੈਠੇ ਸੰਦੀਪ ਕੁਮਾਰ ਅਤੇ ਜੋਗਿੰਦਰ ਸਿੰਘ ਦੇ ਗੁੱਝੀਆਂ ਸੱਟਾਂ ਲੱਗੀਆਂ, ਜਦੋਂਕਿ ਕਾਰ ਦੀਆਂ ਪਿਛਲੀਆਂ ਸੀਟਾਂ 'ਤੇ ਬੈਠੇ ਅਰੁਣ ਕੁਮਾਰ ਅਤੇ ਰਾਜਾ ਇਸ ਹਾਦਸੇ 'ਚ ਬੁਰੀ ਤਰ੍ਹਾਂ ਨਕਸਾਨੀ ਗਈ ਕਾਰ ਵਿੱਚ ਹੀ ਫਸ ਕੇ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਸਿਵਲ ਹਸਪਤਾਲ ਵਿਖੇ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਅਰੁਣ (17) ਨੂੰ ਮ੍ਰਿਤਕ ਕਰਾਰ ਦੇ ਦਿੱਤਾ, ਜਦੋਂ ਕਿ ਰਾਜਾ ਨੂੰ ਉਸਦੇ ਵਾਰਸਾਂ ਵੱਲੋਂ ਇਲਾਜ ਲਈ ਜਲੰਧਰ ਦੇ ਇੱਕ ਪ੍ਰਾਈਵੇਟ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ।ਸੰਦੀਪ ਕੁਮਾਰ ਦੇ ਬਿਆਨਾਂ 'ਤੇ ਬੋਲੈਰੋ ਪਿਕਅੱਪ ਦੇ ਕਥਿਤ ਚਾਲਕ ਨਾਜ਼ਿਮ ਵਾਸੀ ਮੇਰਠ (ਉੱਤਰ ਪ੍ਰਦੇਸ਼) ਵਿਰੁੱਧ ਅ/ਧ 281, 106, 125 (ਏ) 324 (4) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਕੋਟ ਭਾਈ ਵਿਖੇ ਡਿੰਪੀ ਢਿੱਲੋਂ ਨੂੰ ਲੱਡੂਆਂ ਤੇ ਕੇਲਿਆਂ ਨਾਲ ਤੋਲਿਆ

**ਛੱਤਿਆਣਾ (ਜਸਵੰਤ ਗਿੱਲ)**



ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਪਿੰਡ ਭਾਰੂ ਬੁੱਟਰ ਬਖੂਆ ਅਤੇ ਕੋਟਭਾਈ ਵਿਖੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਸਿਹਤ ਸਹੂਲਤਾਂ, ਚੰਗੀ ਸਿੱਖਿਆ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਗਿੱਦੜਵਾਹ ਹਲਕੇ ਦੇ ਲੋਕ ਮੇਰੇ ਪਰਵਾਰਿਕ ਮੈਂਬਰ ਹਨ ਤੇ ਮੈਂ ਇਹਨਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਹਰ ਸਮੇਂ ਤੱਤਪਰ ਰਹਿੰਦਾ ਹਾਂ ਕਿਉਂਕਿ ਮੈਂ ਹਰ ਸਮੇਂ ਇਹਨਾਂ ਲੋਕਾਂ ਦੇ ਵਿੱਚ ਰਹਿ ਰਿਹਾ ਹਾਂ ਤੇ ਬਾਕੀ ਉਮੀਦਵਾਰ ਬਾਹਰ ਦੇ ਰਹਿਣ ਵਾਲੇ ਹਨ। ਉਹਨਾਂ ਨੂੰ ਹਲਕੇ ਦੇ ਲੋਕਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਉਹ ਤਾਂ ਸਿਰਫ ਵੋਟਾਂ ਲੈਣ ਲਈ ਵੱਡੇ ਵੱਡੇ ਝੂਠ ਅਤੇ ਲਾਰੇ ਲਾ ਕੇ ਲੋਕਾਂ ਨੂੰ ਲਭਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਮੌਕੇ ਹਰਦੀਪ ਸਿੰਘ ਡਿੰਪੀ ਢਿੱਲੋ ਨੂੰ ਸਮਰਥਕਾਂ ਨੇ ਲੱਡੂਆਂ ਅਤੇ ਕੇਲਿਆਂ ਨਾਲ ਤੋਲਿਆ ਗਿਆ ਇਸ ਮੌਕੇ ਕਈ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਇਸ ਮੌਕੇ ਸੁਖਮੰਦਰ ਸਿੰਘ ਹਰਮਿੰਦਰ ਸਿੰਘ ਮਲਕੀਤ ਸਿੰਘ ਜਗਜੀਤ ਸਿੰਘ ਬੇਅੰਤ ਸਿੰਘ ਹਰਮੀਤ ਸਿੰਘ ਜਗਜੀਤ ਸਿੰਘ ਮੁਨਸੀ ਸਿੰਘ ਸ਼ਿੰਪੀ ਬੰਸਲ ਜਗਸੀਰ ਸਿੰਘ ਸੀਰਾ ਸਰਪੰਚ ਕੋਲ ਭਾਈ ਰਣਧੀਰ ਸਿੰਘ ਧੀਰਾ ਕੋਠੇ ਦਸ਼ਮੇਸ਼ ਨਗਰ ਪਵਨ ਕੁਮਾਰ ਸ਼ਰਮਾ ਮਨਪ੍ਰੀਤ ਸ਼ਰਮਾ ਅਮਨਦੀਪ ਸਿੰਘ ਕਸ਼ਮੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਤੇ ਆਗੂ ਹਾਜ਼ਰ ਸਨ।

# ਜ਼ੀਰੋ ਫ਼ੀਸਦੀ ਪਰਾਲੀ ਨਾ ਸਾੜਨ ਵਾਲੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਦਿੱਤੀ ਜਾਵੇਗੀ 5 ਲੱਖ ਰੁਪਏ ਦੀ ਸਪੈਸ਼ਲ ਗਰਾਂਟ : ਡੀ ਸੀ

**ਬਠਿੰਡਾ (ਰਾਜੀਵ ਗੋਇਲ)**



ਜ਼ਿਲ੍ਹੇ ਦੀਆਂ ਜ਼ੀਰੋ ਫੀਸਦੀ ਪਰਾਲੀ ਨਾ ਸੜਨ ਵਾਲੇ ਪਿੰਡਾਂ ਦੀਆਂ ਪੰਚਾਇਤਾਂ ਨੂੰ 5 ਲੱਖ ਰੁਪਏ ਦੀ ਸਪੈਸ਼ਲ ਗ੍ਰਾਂਟ ਦਿੱਤੀ ਜਾਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਪਿੰਡ ਰਾਮਨਗਰ ਤੇ ਭਗਵਾਨਪੁਰਾ ਦੇ ਪਿੰਡਾਂ ਦੇ ਖੇਤਾਂ ਦਾ ਦੌਰਾ ਕਰਨ ਮੌਕੇ ਕੀਤਾ। ਉਨ੍ਹਾਂ ਨਾਲ ਜ਼ਿਲ੍ਹਾ ਪੁਲਸ ਮੁਖੀ ਮੈਡਮ ਅਮਨੀਤ ਕੌਂਡਲ ਵਿਸ਼ੇਸ਼ ਹਾਜ਼ਰ ਰਹੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸੁਪਰ ਸੀਡਰ ਅਤੇ ਹੈਪੀ ਸੀਡਰ ਵਰਗੀਆਂ ਆਧੁਨਿਕ ਮਸ਼ੀਨਾਂ ਦੀ ਵਰਤੋਂ ਕਰਨ ਵਾਲੇ ਜ਼ਿਲ੍ਹੇ ਦੇ ਸੂਝਵਾਨ ਕਿਸਾਨਾਂ ਦੀ ਸ਼ਲਾਘਾ ਕੀਤੀ। ਉਹਨਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਆਧੁਨਿਕ ਮਸ਼ੀਨਰੀ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਤੋਂ ਸੇਧ ਲੈਣ ਤੇ ਪਰਾਲੀ ਨੂੰ ਅੱਗ ਨਾ ਲਾਉਣ। ਇਸ ਤਰ੍ਹਾਂ ਕਰਨ ਦੇ ਨਾਲ ਜਿੱਥੇ ਉਹ ਵਾਤਾਵਰਣ ਦੀ ਸਾਂਭ-ਸੰਭਾਲ ਵਿੱਚ ਆਪਣਾ ਪੂਰਨ ਯੋਗਦਾਨ ਪਾਉਣਗੇ, ਉਥੇ ਹੀ ਉਹ ਆਪਣੀ ਫ਼ਸਲ ਦੇ ਝਾੜ ਵਿੱਚ ਮੁਨਾਫ਼ਾ ਵੀ ਕਰਨਗੇ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਕੇ ਪੰਜਾਬ ਸਰਕਾਰ ਵੱਲੋਂ ਸਬਸਿਡੀ 'ਤੇ ਮੁਹੱਈਆ ਕਰਾਈਆਂ ਜਾਣ ਵਾਲੀ ਆਧੁਨਿਕ ਮਸ਼ੀਨਰੀ ਦੀ ਵਰਤੋਂ ਕਰਨੀ ਲਾਜ਼ਮੀ ਬਣਾਉਣ ਤੇ ਵਾਤਾਵਰਣ ਦੀ ਸ਼ੁੱਧਤਾ ਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਜ਼ਰੂਰ ਸੋਚਣ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਾਉਣ ਵਾਲੇ ਕਿਸਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਅੰਦਰ ਸਾਰੇ ਤਰ੍ਹਾਂ ਦੀ ਆਧੁਨਿਕ ਮਸ਼ੀਨਰੀ ਵੀ ਉਪਲਬਧ ਹੈ, ਜਿਸ ਕਿਸੇ ਵੀ ਕਿਸਾਨ ਨੂੰ ਮਸ਼ੀਨਰੀ ਦੀ ਲੋੜ ਹੈ ਤਾਂ ਉਹ ਖੇਤੀਬਾੜੀ ਵਿਭਾਗ ਨਾਲ ਰਾਬਤਾ ਕਾਇਮ ਕਰਕੇ ਮਸ਼ੀਨਰੀ ਲੈ ਸਕਦਾ ਹੈ।

## ਪਟਿਆਲਾ ਪੁਲਸ ਨਸ਼ਿਆਂ ਵਿਰੁੱਧ ਹਾਫ ਮੈਰਾਥਨ 'ਚ ਦੇਵੇਗੀ ਸਹਿਯੋਗ : ਐੱਸ ਪੀ ਸਿਟੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜਨ ਹਿੱਤ ਸੰਮਤੀ ਵੱਲੋਂ 11ਵੀਂ ਹਾਫ਼ ਮੈਰਾਥਨ, ਜੋ 17 ਨਵੰਬਰ ਨੂੰ ਪ੍ਰਧਾਨ ਐਸ ਕੇ ਗੌਤਮ ਤੇ ਜਨਰਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਕਰਾਈ ਜਾ ਰਹੀ ਨਸ਼ਿਆਂ ਵਿਰੁੱਧ ਹਾਫ਼ ਮੈਰਾਥਨ ਦੌਰਾਨ ਸ਼ਮੂਲੀਅਤ ਕਰਨ ਲਈ ਐਸ.ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ ਨੂੰ ਸੱਦਾ ਪੱਤਰ ਦਿੰਦੇ ਹੋਏ ਚਮਨ ਲਾਲ ਗਰਗ ਮੀਤ ਪ੍ਰਧਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੀਤ ਪ੍ਰਧਾਨ, ਸ਼ਹੀਦ ਏ ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰੈਸ ਸਕੱਤਰ, ਵਿਨੇ ਸ਼ਰਮਾ, ਇੰਸਪੈਕਟਰ ਅਮਨਦੀਪ ਸਿੰਘ ਬਰਾੜ ਐਸ ਐਚ ਓ ਥਾਣਾ ਅਰਬਨ ਅਸਟੇਟ, ਰੀਡਰ ਇੰਸਪੈਕਟਰ ਮੈਹਿਲ ਸਿੰਘ ਸਿੱਧੂ, ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੀ ਹਾਜ਼ਰ ਸਨ। ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ ਨੇ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਨਸ਼ਿਆਂ ਵਿਰੁੱਧ ਕਰਵਾਈ ਜਾ ਰਹੀ ਹਾਫ ਮੈਰਾਥਨ ਵਿਚ ਪਟਿਆਲਾ ਪੁਲਿਸ ਹਰ ਸੰਭਵ ਸਹਿਯੋਗ ਕਰੇਗੀ ਅਤੇ ਵੱਧ ਚੜ੍ਹ ਕੇ ਭਾਗ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਮੈਰਾਥਨ ਦਾ ਆਯੋਜਨ ਕਰਕੇ ਨੌਜਵਾਨਾਂ ਨੂੰ ਖੇਡਾਂ ਵੱਲ ਰੁਚੀ ਲੈਣ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਹੀ ਸਾਡੇ ਨਰੋਏ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ।

# ਵਾਤਾਵਰਣ ਨੂੰ ਹੋ ਰਹੇ ਨੁਕਸਾਨ ਕਾਰਨ ਖਤਰਨਾਕ ਨਤੀਜੇ ਭੁਗਤਣੇ ਪੈਣਗੇ : ਐੱਸ ਡੀ ਐੱਮ



**ਮੂਣਕ (ਰਾਜਪਾਲ ਸਿੰਗਲਾ)**

ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਦੀਆਂ ਹਦਾਇਤਾਂ ਅਨੁਸਾਰ ਪਰਾਲੀ ਸਾੜਨ ਦੇ ਮਾੜੇ ਰੁਝਾਨ ਨੂੰ ਰੋਕਣ ਲਈ ਵਿੱਢੀ ਮੁਹਿੰਮ ਦੀ ਸਬ ਡਵੀਜ਼ਨ ਮੂਣਕ ਤੇ ਲਹਿਰਾਂ ਵਿੱਚ ਐਸ.ਡੀ.ਐਮ. ਸੂਬਾ ਸਿੰਘ ਨੇ ਖੁਦ ਪਿੰਡਾਂ ਅਤੇ ਖੇਤਾਂ ਵਿੱਚ ਪਹੁੰਚ ਕੇ ਪ੍ਰਸ਼ਾਸਨਿਕ ਅਤੇ ਪੁਲਸ ਟੀਮਾਂ ਦੀ ਅਗਵਾਈ ਕਰ ਰਹੇ ਹਨ।ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਮੌਕੇ ਐਸ.ਡੀ.ਐਮ. ਸੂਬਾ ਸਿੰਘ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਣ ਨੂੰ ਹੋ ਰਹੇ ਨੁਕਸਾਨ ਕਾਰਨ ਸਾਨੂੰ ਸਭ ਨੂੰ ਭਵਿੱਖ ਵਿੱਚ ਖਤਰਨਾਕ ਨਤੀਜੇ ਭੁਗਤਣੇ ਪੈਣਗੇ।

ਐਸ.ਡੀ.ਐਮ ਸੂਬਾ ਸਿੰਘ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਵਿਰੁੱਧ ਸਖਤ ਰਵੱਈਆ ਅਪਣਾਉਂਦਿਆਂ ਹੋਇਆਂ ਪੁਲਸ ਪ੍ਰਸ਼ਾਸ਼ਨ ਵੱਲੋਂ ਪਰਚੇ ਦਰਜ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਮਾਲ ਮਹਿਕਮਾ ਤੇ ਖੇਤੀਬਾੜੀ ਮਹਿਕਮੇ ਦੀਆਂ ਸਾਂਝੀਆਂ ਟੀਮਾਂ ਵੱਲੋਂ ਪਰਾਲੀ ਨੂੰ ਸਾੜਨ ਵਾਲੇ ਕਿਸਾਨਾਂ ਦਾ ਪ੍ਰਤੀ ਏਕੜ ਪੰਜ ਹਜ਼ਾਰ ਰੁਪਏ ਦਾ ਚਾਲਾਨ ਵੀ ਕੀਤਾ ਜਾ ਰਿਹਾ ਹੈ।ਐਸ ਡੀ ਐਮ ਨੇ ਦੱਸਿਆ ਕਿ ਸਬ ਡਵੀਜ਼ਨਾਂ ਦੇ ਸਾਰੇ ਪਿੰਡਾਂ ਵਿੱਚ ਕਲੱਸਟਰ ਕੋਆਰਡੀਨੇਟਰ ਤੇ ਨੋਡਲ ਅਸਿਸਟੈਂਟ ਲਾਏ ਗਏ ਹਨ, ਜਿਨ੍ਹਾਂ ਨੂੰ ਫੀਲਡ ਵਿੱਚ ਪੂਰੀ ਤਰ੍ਹਾਂ ਚੌਕਸ ਰਹਿਣ ਦੇ ਹੁਕਮ ਦਿੱਤੇ ਗਏ ਹਨ।

# ਬੀ ਕੇ ਯੂ ਉਗਰਾਹਾਂ ਦੇ ਆਗੂਆਂ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਘੇਰਿਆ

**ਬਿਨਾਂ ਕੋਈ ਜੁਆਬ ਦੇ ਗੱਡੀ ਵਿਚ ਬੈਠ ਚਲਦੇ ਬਣੇ !**



**ਦੋਦਾ (ਵਕੀਲ ਬਰਾੜ)**-ਵਿਧਾਨ ਸਭਾ ਗਿੱਦੜਬਹਾ ਦੇ ਪਿੰਡ ਧੂਲਕੋਟ ਵਿਖੇ ਆਪਣਾ ਚੋਣ ਪ੍ਰਚਾਰ ਕਰਨ ਆਏ ਮਨਪ੍ਰੀਤ ਸਿੰਘ ਬਾਦਲ ਨੂੰ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਬਿੱਟੂ ਮੱਲਣ ਅਤੇ ਉਨ੍ਹਾਂ ਦੀ ਟੀਮ ਵੱਲੋਂ ਘੇਰ ਕੇ ਬੀਜੇਪੀ ਦੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਜਾ ਰਹੇ ਵਤੀਰੇ ਬਾਰੇ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹਨਾਂ ਕਿਸਾਨ ਆਗੂਆਂ ਅੱਗੇ ਚੋਣਾਂ ਵਾਲੇ ਲਾਰਿਆਂ ਦੀ ਪੰਡ ਖੋਲ੍ਹ ਦਿੱਤੀ ਕਿ ਉਹ ਕੇਂਦਰ ਤੋਂ ਛੋਟੇ ਕਿਸਾਨਾਂ ਲਈ ਸੋਲਰ ਮੋਟਰਾਂ, ਹਲਕੇ ਸਾਰੇ ਖਾਲ ਪੱਕੇ ਅਤੇ ਆਰਥਿਕ ਪੱਖੋਂ ਕਮਜ਼ੋਰ ਹਰ ਘਰ ਨੂੰ ਪੱਕਾ ਮਕਾਨ ਬਣਾ ਕੇ ਦੇਣਗੇ।

ਜਦੋਂ ਕਿਸਾਨਾਂ ਨੇ ਉਨ੍ਹਾਂ ਨੂੰ ਵਿਚਾਲੇ ਰੋਕ ਕੇ ਕਿਸਾਨੀ ਸੰਘਰਸ਼ ਦੌਰਾਨ ਕੇਂਦਰ ਅਤੇ ਹਰਿਆਣਾ ਬੀਜੇਪੀ ਦੇ ਵਤੀਰੇ, ਲਖੀਮਪੁਰਖੀਰੀ ਘਟਨਾ ਦੀ ਗੱਲ ਕਰਨੀ ਚਾਹੀ ਅਤੇ ਕਿਸਾਨ ਸ਼ੁਭਕਰਨ ਦੇ ਕਤਲ ਬਾਰੇ ਅਤੇ ਪੰਜਾਬ ਦਾ ਕਿਸਾਨ ਮੰਡੀਆਂ ਵਿਚ ਰੁਲ ਰਿਹਾ ਆਦਿ ਸਵਾਲ ਖੜੇ ਕੀਤੇ ਤਾਂ ਉਹ ਕਹਿੰਦੇ ਇਹ ਦੇ ਬਾਰੇ ਮੈਨੂੰ ਕੋਈ ਪਤਾ ਨਹੀ ਅਤੇ ਹੱਥ ਜੋੜਕੇ ਬਨਾਂ ਕੋਈ ਤਸੱਲੀਬਖਸ਼ ਜਵਾਬ ਦਿੱਤਿਆਂ ਆਪਣੀ ਗੱਡੀ ਵਿਚ ਬੈਠ ਚੱਲਦੇ ਬਣੇ।

# ਰੌਂਗਲਾ ਵਿਖੇ ਡੇਅਰੀ ਵਿਕਾਸ ਵਿਭਾਗ ਨੇ ਲਗਾਇਆ ਦੁੱਧ ਉਤਪਾਦਕ ਜਾਗਰੂਕਤਾ ਕੈਂਪ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਡੇਅਰੀ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਦੁੱਧ ਤੇ ਦੁੱਧ ਤੋਂ ਬਣਨ ਵਾਲੇ ਪਦਾਰਥਾਂ ਦੀ ਗੁਣਵੱਤਾ ਸਬੰਧੀ ਜਾਗਰੂਕ ਕਰਨ ਤੇ ਪੰਜਾਬ ਸਰਕਾਰ ਵੱਲੋਂ ਡੇਅਰੀ ਫਾਰਮ ਦਾ ਕਿੱਤਾ ਸ਼ੁਰੂ ਕਰਨ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਜਾਣਕਾਰੀ ਦੇਣ ਲਈ ਜ਼ਿਲ੍ਹੇ ਭਰ ਵਿੱਚ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ ਵਿਭਾਗ ਵੱਲੋਂ ਡਿਪਟੀ ਡਾਇਰੈਕਟਰ ਦਲਬੀਰ ਕੁਮਾਰ ਦੀ ਅਗਵਾਈ ਵਿੱਚ ਪਿੰਡ ਰੌਂਗਲਾ ਵਿਖੇ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਦਲਬੀਰ ਕੁਮਾਰ ਵੱਲੋਂ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਜਿਵੇਂ ਕਿ ਦੋ ਹਫ਼ਤੇ ਤੇ ਚਾਰ ਹਫ਼ਤੇ ਦੀ ਸਿਖਲਾਈ, 2 ਤੋਂ 20 ਪਸ਼ੂਆਂ ਤੱਕ ਡੀਡੀ-8 ਕਰਜ਼ਾ ਸਕੀਮ ਤਹਿਤ ਸਬਸਿਡੀ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕੀਤਾ ਗਿਆ। ਮਿਲਕਫੈੱਡ ਦੇ ਸਾਬਕਾ ਖਰੀਦ ਮੈਨੇਜਰ ਗੁਰਮੇਲ ਸਿੰਘ ਰਠੌਰ ਵੱਲੋਂ ਦੁੱਧ ਦੀ ਫੈਟ, ਐੱਸਐੱਨਐੱਫ਼ ਦੇ ਘਟਣ-ਵਧਣ ਬਾਰੇ ਦੁੱਧ ਉਤਪਾਦਕਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਦੁੱਧ ਤੋਂ ਪਦਾਰਥ ਬਣਾਉਣ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਡੇਅਰੀ ਵਿਕਾਸ ਇੰਸਪੈਕਟਰ ਕੁਲਵਿੰਦਰ ਸਿੰਘ ਨੇ ਪਸ਼ੂ ਬੀਮਾ ਸਕੀਮ, ਫੀਡ ਅਤੇ ਫੌਡਰ ਸਕੀਮ ਅਤੇ ਸਾਰਾ ਸਾਲ ਹਰੇ ਚਾਰੇ ਦੀ ਵਿਉਂਤਬੰਦੀ ਬਾਰੇ ਜਾਣਕਾਰੀ ਦਿੱਤੀ।ਡਾ. ਮੋਹਨ ਸ਼ਰਮਾ ਨੇ ਪਸ਼ੂਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਕੱਟੀਆਂ ਵੱਛੀਆਂ ਦੀ ਸਾਂਭ-ਸੰਭਾਲ ਬਾਰੇ ਦੁੱਧ ਉਤਪਾਦਕਾਂ ਨੂੰ ਜਾਣਕਾਰੀ ਦਿੱਤੀ।ਡੇਅਰੀ ਵਿਕਾਸ ਇੰਸਪੈਕਟਰ ਲਖਮੀਰ ਸਿੰਘ ਵੱਲੋਂ ਸਾਫ਼ ਦੁੱਧ ਦੀ ਪੈਦਾਵਾਰ ਅਤੇ ਕੈਟਲਸ਼ੈੱਡ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਕੈਂਪ ਦਾ ਇੰਤਜ਼ਾਮ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਵਿਭਾਗ ਦੀ ਦੋ ਹਫ਼ਤੇ ਦੀ ਸਿਖਲਾਈ ਮਿਤੀ 09-12-2024 ਨੂੰ ਚਲਾਈ ਜਾਵੇਗੀ। ਚਾਹਵਾਨ ਲਾਭਪਾਤਰੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਵਿਖੇ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਪਿੰਡ ਰੌਂਗਲਾ ਦੇ ਮੁਹਤਬਰ ਵਿਅਕਤੀਆਂ ਨੇ ਡੇਅਰੀ ਵਿਕਾਸ ਵਿਭਾਗ ਦੇ ਕੰਮਾਂ ਦੀ ਸ਼ਲਾਘਾ ਕੀਤੀ।

# ਭਾਜਪਾ ਦੀ ਨਫ਼ਰਤੀ ਜੰਗ ਨੂੰ ਠੱਲ੍ਹ ਪਾਉਣ ਲਈ ਕਿਸਾਨਾਂ-ਮਜ਼ਦੂਰਾਂ ਦੇ ਘੋਲ ਹੀ ਇੱਕੋ-ਇੱਕ ਹੱਲ : ਮਨਜੀਤ ਧਨੇਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਭਾਕਿਯੂ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਅਤੇ ਹੋਰ ਸੂਬਾਈ ਆਗੂਆਂ ਦੀ ਅਗਵਾਈ ਹੇਠ ਵਰਕਰਾਂ ਦੇ ਕਾਫ਼ਲੇ ਸਮੇਤ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਗਦਰੀ ਬਾਬਿਆਂ ਦੇ 33ਵੇਂ ਮੇਲੇ ਵਿੱਚ ਸ਼ਮੂਲੀਅਤ ਕੀਤੀ। ਗਦਰੀ ਬਾਬਿਆਂ ਨੂੰ ਨਤਮਸਤਕ ਹੁੰਦੇ ਹੋਏ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਲੋਕਾਂ ਨੂੰ ਆਪਸ ਵਿੱਚ ਲੜਾਉਣ ਲਈ ਨਫ਼ਰਤੀ ਜੰਗ ਵਿੱਢੀ ਹੋਈ ਹੈ। ਧਰਮਾਂ ਦੇ ਆਧਾਰ 'ਤੇ ਭੜਕਾਈ ਜਾ ਰਹੀ ਨਫ਼ਰਤੀ ਜੰਗ ਦਾ ਅਸਲੀ ਮਕਸਦ ਕਾਰਪੋਰੇਟ ਘਰਾਣਿਆਂ ਨੂੰ ਸਾਰੇ ਦੇਸ਼ ਦੇ ਮਾਲ ਖ਼ਜ਼ਾਨੇ ਲੁਟਾ ਦੇਣਾ ਹੀ ਹੈ। ਇਸ ਤੋਂ ਇਲਾਵਾ ਇਸ ਪ੍ਰਚਾਰ ਦਾ ਦੂਜਾ ਉਦੇਸ਼ ਸਿਆਸੀ ਵਿਰੋਧੀਆਂ ਤੇ ਜ਼ਬਰ ਦਾ ਰਾਹ ਪੱਧਰਾ ਕਰਨਾ ਹੈ। ਉਨ੍ਹਾਂ ਕਿਹਾ ਕਿ ਗਦਰੀ ਬਾਬਿਆਂ ਦਾ ਇਹੋ ਹੀ ਸੁਨੇਹਾ ਹੈ ਕਿ ਲੋਕਾਂ ਨੂੰ ਇੱਕਜੁੱਟ ਹੋ ਕੇ ਆਜ਼ਾਦੀ-ਬਰਾਬਰੀ ਤੇ ਭਾਈਚਾਰਾ ਕਾਇਮ ਕਰਦਿਆਂ ਸਾਮਰਾਜ ਖਿਲਾਫ਼ ਆਪਣੀ ਲੜਾਈ ਹੋਰ ਤੇਜ਼ ਕਰਨੀ ਪਵੇਗੀ। ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਰਵਨੀਤ ਬਿੱਟੂ ਵੱਲੋਂ ਕੀਤੀ ਜਾ ਰਹੀ ਨਫ਼ਰਤੀ ਬਿਆਨਬਾਜ਼ੀ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਰਵਨੀਤ ਬਿੱਟੂ ਦਾ ਆਪਣਾ ਕੋਈ ਵਿਚਾਰ ਨਹੀਂ ਹੈ। ਉਹ ਸਿਰਫ਼ ਆਪਣੇ ਮਾਲਕਾਂ ਦੇ ਸੁੱਟੇ ਹੋਏ ਟੁਕੜਿਆਂ ਦਾ ਮੁੱਲ ਮੋੜਨ ਲਈ ਆਰਐੱਸਐੱਸ ਦੀ ਬੋਲੀ ਬੋਲ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਕਿਸਾਨ ਜਥੇਬੰਦੀਆਂ ਬਾਰੇ ਕੋਈ ਭੁਲੇਖਾ ਨਹੀਂ ਅਤੇ ਨਾ ਹੀ ਰਵਨੀਤ ਬਿੱਟੂ ਬਾਰੇ ਕੋਈ ਭੁਲੇਖਾ ਹੈ। ਭੁਲੇਖਾ ਸਿਰਫ ਰਵਨੀਤ ਬਿੱਟੂ ਨੂੰ ਹੈ। ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿਸਾਨਾਂ ਨੂੰ ਮੰਡੀਆਂ ਵਿੱਚ ਰੋਲਣਾ, ਪਰਾਲੀ ਫੂਕਣ ਵਾਲੇ ਕਿਸਾਨਾਂ 'ਤੇ ਕੇਸ ਦਰਜ ਕਰਨੇ ਅਤੇ ਕੇਂਦਰ ਸਰਕਾਰ ਵੱਲੋਂ ਜ਼ੁਰਮਾਨਾ ਦੁੱਗਣਾ ਕਰਨਾ ਅਸਲ ਵਿੱਚ ਪੰਜਾਬ ਦੀਆਂ ਮੰਡੀਆਂ ਨੂੰ ਫੇਲ੍ਹ ਕਰਨ ਅਤੇ ਖੇਤੀ ਖੇਤਰ ਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣ ਦੀ ਸਾਂਝੀ ਸਾਜ਼ਿਸ ਹੈ ਅਤੇ ਉਹ ਪੰਜਾਬ ਦੀ ਸਮੁੱਚੀ ਆਰਥਿਕਤਾ ਨੂੰ ਤਬਾਹ ਕਰਨ ਤੋਂ ਵੀ ਬਾਜ਼ ਨਹੀਂ ਆ ਰਹੇ। ਮੀਤ ਪ੍ਰਧਾਨ ਹਰੀਸ਼ ਨੱਢਾ ਅਤੇ ਸੂਬਾ ਪ੍ਰੈੱਸ ਸਕੱਤਰ ਅੰਗਰੇਜ਼ ਸਿੰਘ ਭਦੌੜ ਨੇ ਕਿਹਾ ਕਿਹਨੇ ਕਿਹਾ ਹੈ ਕਿ ਰਵਨੀਤ ਬਿੱਟੂ ਵੱਲੋਂ ਕਿਸਾਨਾਂ ਖਿਲਾਫ਼ ਕੀਤੀ ਜਾ ਰਹੀ ਗਲਤ ਬਿਆਨਬਾਜ਼ੀ ਲਈ ਸਿਰਫ ਬਿੱਟੂ ਹੀ ਜ਼ਿੰਮੇਵਾਰ ਨਹੀਂ ਹੈ ਸਗੋਂ ਇਸ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਭਾਰਤੀ ਜਨਤਾ ਪਾਰਟੀ ਅਤੇ ਉਹਨਾਂ ਨੂੰ ਵਿਚਾਰਧਾਰਕ ਸੇਧ ਦੇਣ ਵਾਲੀ ਆਰਐੱਸਐੱਸ ਦੀ ਮਨੂੰਵਾਦੀ ਵਿਚਾਰਧਾਰਾ ਹੈ। ਉਨ੍ਹਾਂ ਕਿਹਾ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਦੇ ਆਬਾਦਕਾਰ ਮਾਲਕ ਕਿਸਾਨਾਂ ਦੀ ਜ਼ਮੀਨ ਜਬਰਦਸਤੀ ਖੋਹਣ ਦੀ ਕੋਸ਼ਿਸ਼ ਕਰਨਾ, ਡੀਏਪੀ ਦੀ ਘਾਟ, ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਰੋਲਣਾ, ਪਰਾਲੀ ਦੇ ਕੇਸ ਪਾਉਣੇ ਅਤੇ ਪਰਾਲੀ ਫੂਕਣ ਵਾਲੇ ਕਿਸਾਨਾਂ 'ਤੇ ਦੁੱਗਣਾ ਜ਼ੁਰਮਾਨਾ ਲਾਉਣਾ ਦੱਸਦਾ ਹੈ ਕਿ ਆਮ ਆਦਮੀ ਪਾਰਟੀ ਅਤੇ ਭਾਜਪਾ ਆਪਣੀ ਕਬਰ ਪੁੱਟਣ ਦੇ ਰਾਹ ਪੈ ਗਈਆਂ ਹਨ। ਲੋਕ ਇਸ ਤਰ੍ਹਾਂ ਦੇ ਜ਼ਬਰ ਨੂੰ ਅਤੇ ਆਪਣੇ ਖਿਲਾਫ ਸਾਜਿਸ਼ਾਂ ਨੂੰ ਕਦੇ ਵੀ ਬਰਦਾਸ਼ਤ ਨਾ ਕਰਦੇ ਹੋਏ ਆਪਣੀ ਇੱਕਜੁਟ ਤਾਕਤ ਰਾਹੀਂ ਮੂੰਹ ਤੋੜਵਾਂ ਜਵਾਬ ਦੇਣਗੇ।

**ਰਵਨੀਤ ਬਿੱਟੂ ਆਰ ਐੱਸ ਐੱਸ ਦੀ ਬੋਲੀ ਬੋਲ ਰਿਹਾ : ਰਾਮਪੁਰਾ**

# ਪੰਜਾਬ ਸਰਕਾਰ ਦੀਆਂ ਨੀਤੀਆਂ ਖਿਲਾਫ ਪੈਨਸ਼ਨਰ 17 ਨੂੰ ਹਲਕਾ ਡੇਰਾ ਬਾਬਾ ਨਾਨਕ ਵਿਖੇ ਕਰਨਗੇ ਝੰਡਾ ਮਾਰਚ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਜ਼ਿਲਾ ਅੰਮ੍ਰਿਤਸਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ 'ਤੇ ਹਲਕਾ ਡੇਰਾ ਬਾਬਾ ਨਾਨਕ ਵਿਖੇ ਜ਼ਿਮਨੀ ਚੋਣ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਪੈਨਸ਼ਨਰ ਕਿਸਾਨ ਮਜ਼ਦੂਰ ਮਾਰੂ ਨੀਤੀਆਂ ਦੇ ਖਿਲਾਫ ਝੰਡਾ ਮਾਰਚ ਕਰਨਗੇ ਜਿਸ ਦੀ ਅਗਵਾਈ ਡਿਪਟੀ ਜਨਰਲ ਸਕੱਤਰ ਪੰਜਾਬ ਸਤਿਆਪਾਲ, ਗੁਪਤਾ ਵਿੱਤ ਸਕੱਤਰ ਬਲਰਾਜ ਸਿੰਘ ਭੰਗੂ ,ਹਰਜੀਤ ਸਿੰਘ ਉੱਪਲ, ਕੁਲਵੰਤ ਸਿੰਘ ਤੋਲਾ ਨੰਗਲ, ਕੁਲਦੀਪ ਸਿੰਘ ਬੱਲ, ਕੁਲਵੰਤ ਸਿੰਘ ਘੁਕੇਵਾਲੀ ਅਤੇ ਬਲਦੇਵ ਰਾਜ ਸ਼ਰਮਾ ਕਰਨਗੇ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਨਰਲ ਸਕੱਤਰ ਸਤਿਆਪਾਲ ਨੇ ਕਿਹਾ ਕਿ ਝੰਡਾ ਮਾਰਚ ਕਰਦੇ ਸਮੇਂ ਇਲਾਕਾ ਨਿਵਾਸੀਆਂ ਨੂੰ ਪੁੱਛਣਗੇ ਕਿ ਜੋ ਪੰਜਾਬ ਸਰਕਾਰ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਗਰੰਟੀਆਂ ਦਿੱਤੀਆਂ ਸਨ, ਉਨ੍ਹਾਂ ਵਿੱਚੋਂ ਕਿਹੜੀ ਗਰੰਟੀ ਪੂਰੀ ਕੀਤੀ ਗਈ ਹੈ। ਜੇ ਨਸ਼ੇ ਦੀ ਗੱਲ ਕੀਤੀ ਜਾਵੇ ਤਾਂ ਪਿਛਲੀਆਂ ਸਰਕਾਰਾਂ ਨੂੰ ਵੀ ਇਸ ਸਰਕਾਰ ਨੇ ਮਾਤ ਦੇ ਦਿੱਤੀ ਹੈ ਨਸ਼ਾ ਧੜੱਲੇ ਨਾਲ ਵਿਕ ਰਿਹਾ ਹੈ। ਰੋਜ਼ ਕਿਸੇ ਮਾਂ ਪਿਓ ਦਾ ਪੁੱਤਰ ਕਿਸੇ ਭੈਣ ਦਾ ਭਰਾ ਕਿਸੇ ਦਾ ਪਤੀ ਕਿਸੇ ਬੱਚੇ ਦਾ ਪਿਓ ਨਸ਼ੇ ਦੀ ਭੇਟ ਚੜ੍ਹ ਰਿਹਾ ਹੈ। ਦੂਸਰੀ ਗਰੰਟੀ ਨੌਕਰੀਆਂ ਦੇਣ ਦੀ ਸੀ ਇੱਕ ਵੀ ਪੱਕੀ ਨੌਕਰੀ ਨਹੀਂ ਦਿੱਤੀ ਗਈ, ਪੰਜਾਬ ਦੀ ਜਵਾਨੀ ਲੱਖਾਂ ਰੁਪਏ ਖਰਚ ਕਰਕੇ ਜ਼ਮੀਨ ਜਾਇਦਾਦ ਵੇਚ ਕੇ ਬਾਹਰਲੇ ਦੇਸ਼ਾਂ ਵਿੱਚ ਜਾਣ ਲਈ ਮਜਬੂਰ ਹੈ। ਰੇਤ ਮਾਫੀਆ ਅੱਗੇ ਨਾਲੋਂ ਵੀ ਸਰਗਰਮ ਨਜ਼ਰ ਆ ਰਿਹਾ ਹੈ ਸ਼ਰਾਬ ਘੁਟਾਲੇ ਵਿੱਚ ਦਿੱਲੀ ਦੇ ਆਪ ਸਰਕਾਰ ਦੇ ਸੀਨੀਅਰ ਲੀਡਰ ਜੇਲਾਂ ਵਿੱਚੋਂ ਜ਼ਮਾਨਤ ਕਰਵਾ ਕੇ ਬਾਹਰ ਆਏ ਹਨ। ਪੰਜਾਬ ਸਰਕਾਰ ਦੇ ਵਿੱਚ ਵੀ ਉਹੀ ਨੀਤੀ ਅਪਣਾਈ ਗਈ ਹੈ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਨੂੰ ਵੀ ਦਿੱਲੀ ਦੇ ਮੰਤਰੀਆਂ ਵਾਂਗ ਜੇਲਾਂ ਦੀ ਹਵਾ ਖਾਣੀ ਪਏਗੀ ਇਸੇ ਤਰ੍ਹਾਂ ਮੁਲਾਜ਼ਮ ਅਤੇ ਪੈਨਸ਼ਨਰ ਇਹਨਾਂ ਦੇ ਝੂਠੇ ਵਾਅਦਿਆਂ ਤੋਂ ਬਹੁਤ ਨਾਰਾਜ਼ ਹਨ। ਇਨ੍ਹਾਂ ਨਾਲ ਵੀ ਸੱਤਾ ਤੋਂ ਪਹਿਲਾਂ ਵਾਅਦਾ ਕੀਤਾ ਗਿਆ ਸੀ ਕਿ ਅਸੀਂ ਤੁਹਾਡੀਆਂ ਹੱਕੀ ਮੰਗਾਂ ਦੋ ਤਿੰਨ ਮਹੀਨੇ ਦੇ ਵਿੱਚ ਪੂਰੀਆਂ ਕਰਾਂਗੇ ਪਰ ਢਾਈ ਸਾਲ ਬੀਤ ਜਾਣ ਤੋਂ ਬਾਅਦ ਵੀ ਇੱਕ ਵੀ ਮੰਗ ਪੂਰੀ ਨਹੀਂ ਕੀਤੀ ਗਈ ਜਿਸ ਵਿੱਚ ਪੇ ਕਮਿਸ਼ਨ ਵੱਲੋਂ ਰਿਕਮੈਂਡ ਕੀਤਾ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਇਕ ਜਨਵਰੀ 20 16 ਤੋਂ ਲੈ ਕੇ 30 ਜੂਨ 2021 ਤੱਕ ਦਾ ਸਾਢੇ ਪੰਜ ਸਾਲ ਦਾ ਬਕਾਇਆ ਸਰਕਾਰ ਦੱਬੀ ਬੈਠੀ ਹੈ ਕੇਂਦਰ ਸਰਕਾਰ ਅਤੇ ਗੁਆਂਢੀ ਸੂਬਿਆਂ ਦੀਆਂ ਸਰਕਾਰਾਂ ਨੇ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 53% ਡੀਏ ਲਾਗੂ ਕਰ ਦਿੱਤਾ ਹੈ ਪਰ ਪੰਜਾਬ ਸਰਕਾਰ ਇਕ ਜਨਵਰੀ 2023 ਦੀ 4% ਡੀਏ ਦੀ ਕਿਸਤ ਦੇ ਕੇ 42% ਡੀਏ ਦੇ ਕੇ ਸੋਸ਼ਲ ਮੀਡੀਆ ਤੇ ਦਮਗਜੇ ਮਾਰ ਰਹੀ ਹੈ ਕਿ ਅਸੀਂ ਮੁਲਾਜ਼ਮਾਂ ਨੂੰ ਦਿਵਾਲੀ ਦਾ ਤੋਹਫਾ ਦਿੱਤਾ ਹੈ ਪੰਜਾਬ ਸਰਕਾਰ ਨੂੰ ਇਹ ਕਹਿਣ ਲੱਗੇ ਬਿਲਕੁਲ ਸ਼ਰਮ ਨਹੀਂ ਆ ਰਹੀ, ਬਾਕੀ ਮੰਗਾਂ ਦੀ ਗੱਲ ਤਾਂ ਬਹੁਤ ਦੂਰ ਦੀ ਹੈ। ਸੋ ਮੁਲਾਜ਼ਮ ਅਤੇ ਪੈਨਸ਼ਨਰ ਡੇਰਾ ਬਾਬਾ ਨਾਨਕ ਦੇ ਇਲਾਕ ਨਿਵਾਸੀਆਂ ਨੂੰ ਬੇਨਤੀ ਕਰਦੇ ਹਨ ਕਿ ਇਸ ਝੂਠੀ ਸਰਕਾਰ ਨੂੰ ਜ਼ਿਮਨੀ ਚੋਣਾਂ ਵਿੱਚ ਵੋਟ ਪਾਉਣ ਦੀ ਭੁੱਲ ਕੇ ਵੀ ਗਲਤੀ ਨਾ ਕਰਨ।

ਮੀਟਿੰਗ ਵਿੱਚ ਚਮਨ ਲਾਲ ਸ਼ਰਮਾ, ਬਲਵੰਤ ਸਿੰਘ ਐੱਸ ਐੱਸ, ਹਰਪਾਲ ਸਿੰਘ, ਤਿਲਕਰਾਜ, ਰਾਮ ਮੂਰਤੀ ਸ਼ਰਮਾ, ਬਲਦੇਵ ਸਿੰਘ ਭੋਮਾ, ਸਲਵਿੰਦਰ ਪਾਲ, ਪ੍ਰੇਮ ਪਾਲ ਸਿੰਘ, ਪ੍ਰਿਥੀਪਾਲ ਸਿੰਘ, ਅੰਚਲ ਕੁਮਾਰ, ਸਰਦਾਰ ਮਸੀਹ, ਮੇਜਰ ਸਿੰਘ, ਗੁਰਮੇਜ ਸਿੰਘ, ਸੱਜਣ ਸਿੰਘ, ਤੀਰਥ ਰਾਮ, ਭਵਾਨੀ ਫੇਰ, ਕੇਵਲ ਸਿੰਘ, ਨਰ ਬਹਾਦਰ, ਬਲਦੇਵ ਸਿੰਘ, ਮੁਖਤਾਰ ਸਿੰਘ ,ਹਰਦੀਪ ਸਿੰਘ, ਅਵਤਾਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।

## ਧਰਮ ਪ੍ਰਚਾਰ ਕਮੇਟੀ ਵੱਲੋਂ ਧਾਰਮਿਕ ਪ੍ਰੀਖਿਆ 19 ਤੇ 20 ਨੂੰ ਲਈ ਜਾਵੇਗੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਸਿੱਖ ਧਰਮ, ਇਤਿਹਾਸ ਤੇ ਵਿਰਸੇ ਨਾਲ ਜੋੜਨ ਹਰ ਸਾਲ ਧਾਰਮਿਕ ਪ੍ਰੀਖਿਆ ਕਰਵਾਈ ਜਾਂਦੀ ਹੈ। ਇਸ ਵਾਰ ਲਈ ਜਾਣ ਵਾਲੀ ਇਹ ਧਾਰਮਿਕ ਪ੍ਰੀਖਿਆ 19 ਅਤੇ 20 ਨਵੰਬਰ 2024 ਨੂੰ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸਾਲ 2024-25 ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਦਰਜਾ ਪਹਿਲਾ ਅਤੇ ਦੂਜਾ ਦੀ ਕਰਵਾਈ ਜਾ ਰਹੀ ਧਾਰਮਿਕ ਪ੍ਰੀਖਿਆ ਲਈ ਦੇਸ਼ ਭਰ ਦੇ ਵੱਖ-ਵੱਖ ਸਕੂਲਾਂ/ਕਾਲਜਾਂ ਵਿਚ ਸੈਂਟਰ ਨਿਰਧਾਰਤ ਕੀਤੇ ਜਾ ਚੁੱਕੇ ਹਨ ਅਤੇ ਸਟਾਫ਼ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 19 ਅਤੇ 20 ਨਵੰਬਰ ਨੂੰ ਹੋਣ ਵਾਲੀ ਇਸ ਧਾਰਮਿਕ ਪ੍ਰੀਖਿਆ ਵਿਚ 55 ਹਜ਼ਾਰ ਦੇ ਕਰੀਬ ਵਿਦਿਆਰਥੀ ਹਿੱਸਾ ਲੈ ਰਹੇ ਹਨ, ਜਿਨ੍ਹਾਂ ਨੂੰ ਰੋਲ ਨੰਬਰ ਤੇ ਡੇਟਸ਼ੀਟ ਭੇਜੀ ਜਾ ਚੁੱਕੀ ਹੈ। ਉਨ੍ਹਾਂ ਸਕੂਲਾਂ/ਕਾਲਜਾਂ ਦੇ ਪ੍ਰਿੰਸੀਪਲਾਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਧਾਰਮਿਕ ਪ੍ਰੀਖਿਆ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਦਫ਼ਤਰ ਧਰਮ ਪ੍ਰਚਾਰ ਕਮੇਟੀ ਅਤੇ ਦਫ਼ਤਰ ਦੇ 0183-2553956, 2553957-58, ਐਕਸਟੈਨਸ਼ਨ 305, ਮੋਬਾਇਲ ਨੰਬਰ 98148-51513, 62841-17221 'ਤੇ ਸੰਪਰਕ ਕਰ ਸਕਦੇ ਹਨ।

## ਆਰ ਐੱਮ ਪੀ ਆਈ ਨੇ ਪੁਲਸ ਚੌਕੀ ਫਤਿਹਾਬਾਦ ਅੱਗੇ ਦਿੱਤਾ ਧਰਨਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਭਾਰਤੀ ਇਨਕਲਾਬੀ ਮਾਰਸਵਾਦੀ ਪਾਰਟੀ (ਆਰਐੱਮਪੀਆਈ) ਨੇ ਪੁਲਸ ਚੌਕੀ ਫਤਿਹਾਬਾਦ ਮੂਹਰੇ ਧਰਨਾ ਦਿੱਤਾ।ਇਸ ਧਰਨੇ ਦੀ ਅਗਵਾਈ ਕਰਦੇ ਹੋਏ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਸੁਲੱਖਣ ਸਿੰਘ ਤੁੜ, ਮਨਜੀਤ ਸਿੰਘ ਬੱਗੂ ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਪ੍ਰਧਾਨ, ਔਰਤ ਮੁਕਤੀ ਮੋਰਚੇ ਦੇ ਆਗੂ ਕੁਲਵਿੰਦਰ ਕੌਰ ਖਡੂਰ ਸਾਹਿਬ ਇਹਨਾਂ ਆਗੂਆਂ ਨੇ ਦੱਸਿਆ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਲਟਕ ਰਹੀਆਂ ਦਰਖਾਸਤਾਂ ਜਿਨਾਂ ਤੇ ਚੌਕੀ ਇੰਚਾਰਜ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਜਿਸ ਤੋਂ ਰੋਹ ਵਿੱਚ ਆਏ ਕਿਸਾਨਾਂ ਮਜ਼ਦੂਰਾਂ ਨੌਜਵਾਨਾਂ ਚਾਰ ਘੰਟੇ ਚੌਕੀ ਫਤਿਹਾਬਾਦ ਨੂੰ ਘੇਰਦਿਆਂ ਮੰਗ ਕੀਤੀ ਕੇ ਲੋਕਾਂ ਨੂੰ ਇਨਸਾਫ ਦਿੱਤਾ ਜਾਵੇ, ਦੋਸ਼ੀਆਂ ਤੇ ਬਨਦੀ ਕਾਰਵਾਈ ਕੀਤੀ ਜਾਵੇ।ਨਸ਼ਾ ਇਲਾਕੇ ਵਿੱਚ ਸ਼ਰੇਆਮ ਵਿਕ ਰਿਹਾ ਹੈ।ਐੱਸਐੱਚਓ ਗੋਇੰਦਵਾਲ ਸਾਹਿਬ ਬਲਜਿੰਦਰ ਸਿੰਘ ਬਾਜਵਾ ਨੇ ਧਰਨਾਕਾਰੀਆਂ ਨੂੰ ਇੱਕ ਹਫਤੇ ਵਿੱਚ ਬਕਾਇਆ ਪਈਆਂ ਦਰਖਾਸਤਾਂ ਤੇ ਕਾਰਵਾਈ ਕੀਤੀ ਜਾਵੇਗੀ ਤੇ ਫਿਰ ਧਰਨਾ ਸਮਾਪਤ ਕਰਵਾਇਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਾਰਾ ਸਿੰਘ ਮੰਡਾਪਿੰਡ, ਮਾਸਟਰ ਸਰਬਜੀਤ ਸਿੰਘ ਭਰੋਵਾਲ, ਤਰਸੇਮ ਸਿੰਘ ਭਰੋਵਾਲ, ਜਗੀਰ ਸਿੰਘ ਚੰਡੀਗੜ੍ਹ , ਤਰਸੇਮ ਸਿੰਘ ਚੰਡੀਗੜ੍ਹ , ਸ਼ੈਂਕਰ ਸਿੰਘ ਧੂੰਦਾ, ਸੁਖਦੇਵ ਸਿੰਘ ਦੋਜੀ ਛਾਪੜੀ ਸਾਹਿਬ, ਜਸਬੀਰ ਸਿੰਘ ਛਾਪੜੀ ਸਾਹਿਬ, ਨਛੱਤਰ ਸਿੰਘ, ਇੰਦਰ ਸਿੰਘ ਤੁੜ ਆਦਿ ਹਾਜ਼ਰ ਸਨ।

## ਰੰਧਾਵਾ ਵੱਲੋਂ ਪੰਚਾਂ-ਸਰਪੰਚਾਂ ਤੇ ਮੋਹਤਬਰ ਆਗੂਆਂ ਨਾਲ ਅਹਿਮ ਵਿਚਾਰ-ਵਟਾਂਦਰਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਆਪ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਵੱਲੋਂ ਆਪਣੇ ਦਫਤਰ ਪਿੰਡ ਸ਼ਾਹਪਰ ਜਾਜਨ ਵਿਖੇ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ ਦੇ ਪੰਚਾਂ ਸਰਪੰਚਾਂ ਤੇ ਮੋਹਤਬਰ ਆਗੂਆਂ ਨਾਲ ਜ਼ਿਮਨੀ ਚੋਣਾਂ ਨੂੰ ਲੈ ਕੇ ਵਿਚਾਰਾ ਕੀਤੀਆਂ ਗਈਆਂ।

ਇਸ ਮੌਕੇ ਗੁਰਦੀਪ ਰੰਧਾਵਾ ਵੱਲੋਂ ਇਕੱਤਰ ਹੋਏ ਪੰਚਾਂ ਸਰਪੰਚਾਂ ਤੇ ਹੋਰ ਸੀਨੀਅਰ ਆਗੂਆਂ ਤੋਂ ਚੋਣਾਂ ਨੂੰ ਲੈ ਕੇ ਸੁਝਾਅ ਲਏ, ਇਸ ਮੌਕੇ ਹਲਕੇ ਦੇ ਸਰਪੰਚਾਂ ਨੇ ਰੰਧਾਵਾ ਨੂੰ ਵਿਸ਼ਵਾਸ ਦਵਾਇਆ ਕਿ ਜ਼ਿਮਨੀ ਚੋਣਾਂ ਦਿਨ ਰਾਤ ਮਿਹਨਤ ਕਰਕੇ ਆਪੋ ਆਪਣੇ ਬੂਥ ਵੱਡੀ ਲੀਡ ਨਾਲ ਜਿਤਾਉਣਗੇ।ਇਸ ਮੌਕੇ ਰੰਧਾਵਾ ਵੱਲੋਂ ਸਰਪੰਚਾਂ ਦੀਆਂ ਡਿਊਟੀਆਂ ਲਾਈਆਂ ਗਈਆਂ ਤਗੜੇ ਹੋ ਕੇ ਆਪਣੇ ਪਿੰਡਾਂ ਚ ਕੰਮ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ।ਪ੍ਰਿਤਪਾਲ ਸਿੰਘ ਸਰਪੰਚ, ਰਛਪਾਲ ਸਿੰਘ ਸਰਪੰਚ, ਰਵੀ ਸਰਪੰਚ ਮੰਮਣ, ਸੁਖਵਿੰਦਰ ਸਿੰਘ ਸਰਪੰਚ ਕੋਟਲੀ ਸੂਰਤ ਮੱਲੀ, ਜੱਗਾ ਭਲਵਾਨ ਸਰਪੰਚ ਦਲੋਵਾਲ, ਦਵਿੰਦਰਪਾਲ ਸਿੰਘ ਹੈਪੀ ਸਰਪੰਚ ਮਲਿਕਪੁਰ, ਦਲਬੀਰ ਸਿੰਘ ਭਿੱਲਾ ਸਰਪੰਚ ਕੋਟਲੀ ਸੂਰਤ ਮੱਲੀ, ਗਗਨ ਸਰਪੰਚ ਭਗਵਾਨਪੁਰ, ਰਣਜੀਤ ਸਿੰਘ ਭੱਟੀ ਸਰਪੰਚ ਦਰਗਾਬਾਦ ਮਹਿੰਦਰ ਸਿੰਘ ਸਰਪੰਚ ਨਿੱਕੋਸਰਾਂ, ਨਿਰਮਲ ਸਿੰਘ ਸਰਪੰਚ ਮੋਹਲੋਵਾਲੀ ਅਤੇ ਹੋਰ ਇਲਾਕੇ ਦੇ ਮੋਹਤਬਰ ਆਗੂ ਹਾਜ਼ਰ ਸਨ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ 55ਵਾਂ ਸਥਾਪਨਾ ਦਿਵਸ 24 ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਪਣਾ 55ਵਾਂ ਸਥਾਪਨਾ ਦਿਵਸ 24 ਨਵੰਬਰ, 2024 (ਐਤਵਾਰ) ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਵਾਈਸ-ਚਾਂਸਲਰ ਪ੍ਰੋ. ਡਾ. ਜਸਪਾਲ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾ ਹੇਠ ਵੱਖ-ਵੱਖ ਸਥਾਪਕ ਕਮੇਟੀਆਂ ਵੱਲੋ ਕਾਰਜ ਆਰੰਭੇ ਗਏ ਹਨ। ਇਸ ਦਿਨ ਦੇ ਜਸ਼ਨਾਂ ਦਾ ਆਰੰਭ 24 ਨਵੰਬਰ, 2024 ਸਵੇਰੇ 8.15 ਵਜੇ ਗੁਰਦੁਆਰਾ ਸਾਹਿਬ ਵਿਖੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਸ਼ਬਦ ਕੀਰਤਨ ਅਤੇ ਅਰਦਾਸ ਨਾਲ ਹੋਵੇਗਾ।

ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਨੇ ਇਸ ਸਬੰਧੀ ਦੱਸਿਆ ਕਿ ਇਸ ਮੌਕੇ ਵਿਦਵਾਨ ਮਹਿਮਾਨ ਵਿੱਦਿਅਕ ਭਾਸ਼ਣ ਦੇਣਗੇ। ਇਸੇ ਤਰ੍ਹਾਂ ਯੂਨੀਵਰਸਿਟੀ ਦਾ ਗੈਲਰੀ-ਹਿਸਟਰੀ ਐਂਡ ਡਰੀਮਜ਼ ਵਿਖੇ ਪੇਂਟਿੰਗ ਪ੍ਰਦਰਸ਼ਨੀ ਅਤੇ ਭਾਈ ਗੁਰਦਾਸ ਲਾਇਬ੍ਰੇਰੀ ਦੇ ਨਜ਼ਦੀਕ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵੱਲੋਂ ਲੋਕ ਕਲਾ ਪ੍ਰਦਰਸ਼ਨੀ ਵੀ ਲੱਗੇਗੀ। ਇਸ ਦਿਨ ਗੁਰੂ-ਕਾ-ਲੰਗਰ ਯੂਨੀਵਰਸਿਟੀ ਦੇ ਬਹੁਮੰਤਵੀ ਇਨਡੋਰ ਜਿਮਨੇਜ਼ੀਅਮ ਦੇ ਸਾਹਮਣੇ ਦੁਪਹਿਰ 1.00 ਵਜੇ ਆਰੰਭ ਹੋਵੇਗਾ। ਦੇਰ ਸ਼ਾਮ ਨੂੰ 7 ਤੋਂ 8 ਵਜੇ ਤਕ ਗੁਰਦਵਾਰਾ ਸਾਹਿਬ ਵਿਖੇ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ।

## ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੈਤਿਕ ਸਿੱਖਿਆ 'ਚ ਮਾਰੀਆਂ ਮੱਲਾਂ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀਆਈ) ਸਕੂਲ ਕਲਿਆਣਪੁਰ ਦੇ ਵਿਦਿਆਰਥੀਆਂ ਨੇ ਨੈਤਿਕ ਸਿੱਖਿਆ ਵਿੱਚ ਮੱਲਾਂ ਮਾਰੀਆਂ ਹਨ। ਇਸ ਸਬੰਧੀ ਸਕੂਲ ਦੇ ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਅਤੇ ਪ੍ਰਿੰਸੀਪਲ ਬਰਿੰਦਰ ਜੋਤ ਕੌਰ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ ਲਈ ਗਈ ਨੈਤਿਕ ਸਿੱਖਿਆ ਦੇ ਇਮਤਿਹਾਨ ਵਿੱਚ ਸਕੂਲ ਦੇ ਲਗਭਗ 101 ਬੱਚਿਆਂ ਨੇ ਭਾਗ ਲਿਆ।

ਇਸ ਇਮਤਿਹਾਨ ਵਿੱਚੋਂ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀਆਈ) ਸਕੂਲ ਦੇ 2 ਬੱਚਿਆਂ (ਸਰਗੁਨ ਕੌਰ ਅਤੇ ਪ੍ਰਨੀਤ ਕੌਰ) ਨੇ ਮੈਰਿਟ ਵਿੱਚ ਨਾਮ ਦਰਜ ਕਰਵਾਇਆ, 8 ਬੱਚਿਆਂ ਨੇ ਸ਼ੀਲਡਾਂ ਪ੍ਰਾਪਤ ਕੀਤੀਆਂ, 15 ਬੱਚਿਆਂ ਨੇ ਮੈਡਲ ਪ੍ਰਾਪਤ ਕੀਤੇ ਅਤੇ ਬਾਕੀਆਂ ਨੇ ਪਾਰਟੀਸਿਪੇਸ਼ਨ ਸਰਟੀਫ਼ਿਕੇਟ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਸਕੂਲ ਦੇ ਐਮ. ਡੀ. ਸੁਰਜੀਤ ਸਿੰਘ ਨੇ ਇਨ੍ਹਾਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਅਜਿਹੇ ਹੋਰ ਵੀ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਬੱਚਿਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਬੱਚਿਆਂ ਨੂੰ ਇਮਤਿਹਾਨ ਦੀ ਤਿਆਰੀ ਕਰਵਾਉਣ ਵਾਲੇ ਅਧਿਆਪਕਾ ਪ੍ਰਭਜੋਤ ਕੌਰ ਅਤੇ ਕੁਲਵਿੰਦਰ ਕੌਰ ਤੋਂ ਇਲਾਵਾ ਵੀ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਬਜ਼ੁਰਗ ਦੇ ਅੰਨ੍ਹੇ ਕਤਲ ਦੀ ਗੁੱਥੀ ਸੁਲਝੀ

*** ਢਾਈ ਸੌ ਰੁਪਏ ਤੇ ਮੋਬਾਇਲ ਫੋਨ ਖ਼ਾਤਰ ਬਜ਼ੁਰਗ ਨੂੰ ਮੌਤ ਦੇ ਘਾਟ ਉਤਾਰਿਆ**



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**-ਭਿੱਖੀਵਿੰਡ ਪੁਲਸ ਨੇ ਪਿੰਡ ਛਿੱਛਰੇਵਾਲ ਤੋਂ ਤਰਸੇਮ ਸਿੰਘ ਨਾਮਕ ਬਜ਼ੁਰਗ ਜਿਸ ਦੀ ਲਾਸ਼ ਪੰਜ ਨਵੰਬਰ ਨੂੰ ਸੁਰਸਿੰਘ ਦੇ ਸੂਏ ਵਿੱਚੋਂ ਬਰਾਮਦ ਹੋਈ ਸੀ, ਦੇ ਅੰਨੇ ਕਤਲ ਦੀ ਗੁੱਥੀ ਨੂੰ ਸੁਲਝਾਉਂਦੇ ਹੋਏ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਦੋਸ਼ੀਆਂ ਦੀ ਪਛਾਣ ਤਰਸੇਮ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪੱਤੀ ਮਾਹਣੇ ਕੀ ਸੁਰਸਿੰਘ ਤੇ ਜਰਨੈਲ ਸਿੰਘ ਉਰਫ਼ ਡੀਸੀ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਬੈਂਕਾ ਵਜੋਂ ਹੋਈ ਹੈ।

ਇਸ ਸੰਬੰਧੀ ਪੱਤਰਕਾਰਾਂ ਨਾਲ ਸਾਂਝੀ ਕੀਤੀ ਜਾਣਕਾਰੀ 'ਚ ਥਾਣਾ ਮੁਖੀ ਭਿੱਖੀਵਿੰਡ ਇੰਸਪੈਕਟਰ ਮਨੋਜ ਕੁਮਾਰ ਸ਼ਰਮਾ ਨੇ ਦੱਸਿਆ ਕਿ ਮ੍ਰਿਤਕ ਤਰਸੇਮ ਸਿੰਘ ਦੇ ਪੁੱਤਰ ਮਨਦੀਪ ਸਿੰਘ ਨੇ ਉਨ੍ਹਾਂ ਨੂੰ ਸੂਚਨਾ ਦਿੱਤੀ ਸੀ ਕਿ ਮੋਹਨਵੀਰ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਸੁਰਸਿੰਘ ਨੇ ਉਸ ਨੂੰ ਦੱਸਿਆ ਕਿ ਤਰਸੇਮ ਸਿੰਘ ਤੇ ਜਰਨੈਲ ਸਿੰਘ ਨਾਮਕ ਦੋ ਵਿਅਕਤੀ ਪੰਜ ਨਵੰਬਰ ਦੀ ਸ਼ਾਮ ਨੂੰ ਉਸ ਦੇ ਪਿਤਾ ਨੂੰ ਲਾਲ ਰੰਗ ਦੇ ਮੋਟਰਸਾਈਕਲ 'ਤੇ ਬਿਠਾ ਕੇ ਕਿਸੇ ਪਾਸੇ ਲਿਜਾ ਰਹੇ ਸਨ।ਐੱਸਐੱਚਓ ਨੇ ਦੱਸਿਆ ਕਿ ਜਦੋਂ ਮ੍ਰਿਤਕ ਬਜ਼ੁਰਗ ਦੇ ਪੁੱਤਰ ਦੇ ਬਿਆਨਾਂ ਦੇ ਆਧਾਰ 'ਤੇ ਤਰਸੇਮ ਸਿੰਘ ਤੇ ਜਰਨੈਲ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਪੁੱਛ-ਪੜਤਾਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਗਲਾ ਘੁੱਟ ਕੇ ਤਰਸੇਮ ਸਿੰਘ ਨੂੰ ਮੌਤ ਦੇ ਘਾਟ ਉਤਾਰਿਆ ਸੀ ਤੇ ਉਸ ਦੀ ਜੇਬ ਵਿੱਚੋਂ 250 ਰੁਪਏ ਦੀ ਨਗਦੀ ਤੇ ਮੋਬਾਈਲ ਫੋਨ ਕੱਢ ਲਿਆ ਸੀ।

ਥਾਣਾ ਮੁਖੀ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਖ਼ਿਲਾਫ਼ ਕਤਲ ਕੇਸ ਦਰਜ ਕਰਕੇ ਅਦਾਲਤੀ ਪੇਸ਼ੀ ਉਪਰੰਤ ਦੋ ਦਿਨ ਦਾ ਰਿਮਾਂਡ ਹਾਸਲ ਕਰ ਲਿਆ ਗਿਆ ਹੈ।

# ਚੰਦਰਭਾਨ ਦੇ ਕਈ ਪਰਿਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ, ਜਸਪਾਲ)**-ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਚੰਦਰਭਾਨ ਵਿਖੇ ਆਪ ਆਗੂ ਸੁਖਦੇਵ ਰਾਜ ਦੀ ਅਗਵਾਈ ਹੇਠ ਹੋਈ ਇਕ ਮੀਟਿੰਗ ਦੌਰਾਨ ਪਿੰਡ ਦੇ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਕਈ ਪਰਿਵਾਰਾਂ ਨੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਕਬੂਲਦਿਆਂ ਆਮ ਆਦਮੀ ਪਾਰਟੀ ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਵੱਖ-ਵੱਖ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਲੰਬੜਦਾਰ ਬਿਕਰਮਜੀਤ ਸਿੰਘ, ਤਰਸੇਮ ਸਿੰਘ, ਅਵਤਾਰ ਸਿੰਘ, ਜਰਨੈਲ ਸਿੰਘ, ਹਰਭਜਨ ਸਿੰਘ, ਕਰਨ ਸਿੰਘ, ਮੰਗਲ ਸਿੰਘ, ਬਲਜੀਤ ਸਿੰਘ, ਕਰਮਾ ਮਸੀਹ, ਜਗਪ੍ਰੀਤ, ਬਲਜੀਤ ਸਿੰਘ, ਗੁਰਬਚਨ ਸਿੰਘ, ਮੰਗਾ ਸਿੰਘ, ਕੁਲਦੀਪ ਸਿੰਘ, ਗੁਰਨਾਮ ਸਿੰਘ, ਬਲਵੀਰ ਸਿੰਘ, ਅਜੀਤ ਸਿੰਘ, ਮੋਹਨ ਸਿੰਘ, ਸੁੱਚਾ ਸਿੰਘ, ਦਰਸ਼ਨ ਸਿੰਘ, ਮਹੇਸ਼ਰਾਜ ਸਿੰਘ, ਜੋਗਿੰਦਰ ਸਿੰਘ ਅਤੇ ਤਰਸੇਮ ਲਾਲ ਦੇ ਨਾਂ ਮੁੱਖ ਤੌਰ ਤੇ ਸ਼ਾਮਲ ਹਨ ਜਿਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਥੋੜੇ ਹੀ ਸਮੇਂ ਅੰਦਰ ਜੋ ਕੰਮ ਪੰਜਾਬ ਦੇ ਲੋਕਾਂ ਲਈ ਕੀਤੇ ਹਨ ਉਹ ਲਾਮਿਸਾਲ ਹਨ ਜੋ ਹੋਰ ਪਾਰਟੀਆਂ ਦੇਸ਼ ਤੇ ਲੰਮਾਂ ਸਮਾਂ ਰਾਜ ਕਰਨ ਮਗਰੋਂ ਵੀ ਨਹੀਂ ਸਨ ਕਰ ਸਕੀਆਂ।ਇਸ ਲਈ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਅਪਣੀ ਪਾਰਟੀ ਹੈ ਜਿਸਨੂੰ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਪਤਾ ਹੈ।

ਪਾਰਟੀ ਲੋਕਾਂ ਦੀਆਂ ਮੁਸ਼ਕਲਾਂ ਨੂੰ ਜ਼ਮੀਨੀ ਪੱਧਰ ਤੇ ਹੱਲ ਕਰ ਰਹੀ ਹੈ ਜਿਸ ਕਾਰਨ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਕੋਲੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਪ ਚ ਸ਼ਾਮਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਅਪਣੇ ਕੰਮਾਂ ਸਦਕਾ ਸਿਰਫ ਢਾਈ ਸਾਲਾਂ ਦੇ ਥੋੜੇ ਜਿਹੇ ਸਮੇਂ ਦੌਰਾਨ ਹੀ ਪੰਜਾਬ ਦੇ ਲੋਕਾਂ ਦੇ ਮਨਾਂ ਅੰਦਰ ਥਾਂ ਬਣਾ ਲਈ ਹੈ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਲੋਕ ਹਿੱਤ ਦੇ ਕੰਮ ਲਗਾਤਾਰ ਜਾਰੀ ਹਨ ਅਤੇ ਆਉਂਦੇ ਸਮੇਂ ਦੌਰਾਨ ਲੋਕਹਿੱਤ ਵਿੱਚ ਹੋਰ ਵੀ ਕਈ ਅਹਿਮ ਫੈਸਲੇ ਕੀਤੇ ਜਾਣਗੇ।

## ਗੁਰਦੁਆਰਾ ਨਾਨਕਸਰ ਸਾਹਿਬ ਤੋਂ 9ਵਾਂ ਵਿਸ਼ਾਲ ਨਗਰ ਕੀਰਤਨ ਅੱਜ

*** ਲੋੜਵੰਦ ਬੇਟੀਆਂ ਦੇ ਆਨੰਦ ਕਾਰਜ 17 ਨੂੰ**




ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਗੱਲਬਾਤ ਕਰਦਿਆਂ ਹੋਇਆਂ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਅਤੇ ਬਾਬਾ ਪਵਨਪ੍ਰੀਤ ਸਿੰਘ ਕਰੋਲ ਕਾ ਟਿੱਬਾ ਹਿਮਾਚਲ ਪ੍ਰਦੇਸ਼ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਤੋਂ 12 ਨਵੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ 9ਵਾਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ ਅਤੇ 17 ਨਵੰਬਰ ਨੂੰ ਲੋੜਵੰਦ ਬੇਟੀਆਂ ਦੇ ਵਿਆਹ ਆਨੰਦ ਕਾਰਜ ਕੀਤੇ ਜਾਣਗੇ ਜਿਸ ਵਿੱਚ ਬਰਾਤਾਂ ਦਾ ਸਵਾਗਤ ਅਤੇ ਬੇਟੀਆਂ ਨੂੰ ਘਰੇਲੂ ਲੋੜਵੰਦ ਸਾਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਗੁ: ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਤੋਂ ਆਰੰਭ ਹੋ ਕੇ ਸ੍ਰੀ ਗੁਰੂ ਤੇਗ ਬਹਾਦਰ ਕਲੋਨੀ ਜੀ. ਟੀ. ਰੋਡ, ਜੰਡਿਆਲਾ ਗੁਰੂ ਵੈਰੋਵਾਲ ਰੋਡ, ਧਾਰੜ , ਜਹਾਂਗੀਰ, ਦੀਨੇਵਾਲ, ਏਕਲ ਗੱਡਾ, ਤਿੰਮੋਵਾਲ ਬਾਬਾ ਗੁਰਦਿੱਤਾ ਸਾਹਿਬ ਜੀ ਤੋਂ ਪਿੰਡ ਤਾਰਾਗੜ੍ਹ , ਮੱਲ੍ਹੀਆਂ, ਪਿੰਡ ਗੋਰੇਵਾਲ, ਗੁੰਨੋਵਾਲ ਤੋਂ ਹੁੰਦਾ ਹੋਇਆ ਸ਼ਾਮ ਸਮੇਂ ਨਗਰ ਕੀਰਤਨ ਗੁਰਦੁਆਰਾ ਨਾਨਕਸਰ ਸਾਹਿਬ ਜੰਡਿਆਲਾ ਗੁਰੂ ਵਿਖੇ ਸਮਾਪਤ ਹੋਵੇਗਾ।

ਬਾਬਾ ਬਿਬੇਕ ਸਿੰਘ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕਰਦਿਆਂ ਹੋਇਆਂ ਕਿਹਾ ਕਿ ਜਿਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਨੇ ਗੱਡੀਆਂ ਟਰੈਕਟਰ ਟਰਾਲੀਆਂ ਅਤੇ ਹੋਰ ਸਾਧਨ ਬਖਸ਼ੇ ਹਨ ਉਹ ਸੰਗਤਾਂ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

## ਲਿਫਟ ਮੰਗਣ ਦੇ ਬਹਾਨੇ ਪ੍ਰਵਾਸੀ ਮਜ਼ਦੂਰ ਤੋਂ ਲੁੱਟ-ਖੋਹ ਕਰ ਕੇ ਲੁਟੇਰੇ ਫਰਾਰ



**ਦੀਨਾਨਗਰ (ਸੰਜੀਵ)**-ਦੀਨਾਨਗਰ ਦੇ ਪਿੰਡ ਅਵਾਂਖਾ ਵਿੱਚ ਰਹਿਣ ਵਾਲੇ ਪ੍ਰਵਾਸੀ ਮਜ਼ਦੂਰ ਤੋਂ ਲਿਫਟ ਲੈਣ ਦੇ ਬਹਾਨੇ ਮਾਰ ਕੁਟਾਈ ਕਰਕੇ 2 ਨੌਜਵਾਨਾਂ ਵੱਲੋ ਮੋਟਰਸਾਈਕਲ, ਮੋਬਾਇਲ ਫੋਨ ਅਤੇ 800 ਰੁਪਏ ਖੋਹ ਕੇ ਫਰਾਰ ਹੋਣ ਦੀ ਖਬਰ ਪ੍ਰਾਪਤ ਹੋਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਵਿਕਾਸ ਕੁਮਾਰ ਵਾਸੀ ਅਵਾਂਖਾ ਨੇ ਦੱਸਿਆ ਕਿ ਉਹ ਪੱਥਰ ਟਾਈਲ ਲਗਾਉਣ ਦਾ ਕੰਮ ਕਰਦੇ ਹਨ ਅਤੇ ਸਵੇਰੇ 8 ਵਜੇ ਦੇ ਕਰੀਬ ਆਪਣੇ ਸਪਲੈਂਡਰ ਮੋਟਰਸਾਈਕਲ ਜਿਸ ਦਾ ਨੰਬਰ ਪੀਬੀ 06-2724 'ਤੇ ਸਵਾਰ ਹੋ ਕੇ ਉਹ ਬਹਿਰਾਮਪੁਰ ਰੋਡ ਤੇ ਬਣੇ ਫਾਟਕ ਨੂੰ ਪਾਰ ਕਰਕੇ ਜਾ ਰਿਹਾ ਸੀ ਤਾਂ ਉਥੇ ਹੀ 2 ਨੌਜਵਾਨਾਂ ਨੇ ਉਸ ਨੂੰ ਰੋਕ ਕੇ ਲਿਫਟ ਮੰਗੀ ਤਾਂ ਉਸ ਨੇ ਉਨ੍ਹਾਂ ਨੂੰ ਮੋਟਰਸਾਈਕਲ ਤੇ ਬਿਠਾ ਲਿਆ। ਜਦੋਂ ਹੀ ਉਹ ਥੋੜ੍ਹਾ ਅੱਗੇ ਸੂਏ ਦੀ ਪੁਲੀ ਕੋਲ ਪਹੁੰਚੇ ਤਾਂ ਦੋਵਾਂ ਨੌਜਵਾਨਾਂ ਨੇ ਉਤਰ ਕੇ ਉਸ ਨਾਲ ਮਾਰ ਕੁਟਾਈ ਸ਼ੁਰੂ ਕਰ ਦਿੱਤੀ ਅਤੇ ਉਸ ਦੀ ਜੇਬ ਵਿਚ ਪਿਆ ਮੋਬਾਇਲ ਫੋਨ, 800 ਰੁਪਏ ਅਤੇ ਉਸ ਦਾ ਮੋਟਰਸਾਈਕਲ ਖੋਹ ਕੇ ਅਵਾਂਖੇ ਵੱਲ ਨੂੰ ਫਰਾਰ ਹੋ ਗਏ ।ਵਿਕਾਸ ਕੁਮਾਰ ਨੇ ਅੱਗੇ ਦੱਸਿਆ ਕਿ ਜਦੋਂ ਉਸ ਵੱਲੋ ਰੌਲਾ ਪਾਇਆ ਗਿਆ ਤਾਂ ਆਸ ਪਾਸ ਦੇ ਦੁਕਾਨਦਾਰ ਇਕੱਠਾ ਹੋ ਗਏ ਅਤੇ ਉਸ ਨੇ ਆਪਣੇ ਨਾਲ ਹੋਈ ਘਟਨਾ ਬਾਰੇ ਉਨ੍ਹਾਂ ਨੂੰ ਦੱਸਿਆ। ਕੁੱਝ ਲੋਕਾਂ ਨੇ ਦੱਸਿਆ ਕਿ ਜਿਨ੍ਹਾਂ ਤੁਹਾਡਾ ਮੋਟਰਸਾਈਕਲ ਖੋਹਿਆ ਹੈ ਉਹ ਪਿੰਡ ਅਵਾਂਖਾ ਦੇ ਹੀ ਰਹਿਣ ਵਾਲੇ ਹਨ ਅਤੇ ਵਿਕਾਸ ਕੁਮਾਰ ਦੇ ਨਾਲ ਉਕਤ ਦੁਕਾਨਦਾਰ ਵੀ ਮੋਟਰਸਾਈਕਲ ਖੋਹਣ ਵਾਲੇ ਨੌਜਵਾਨ ਦੇ ਘਰ ਗਏ ਜਿੱਥੇ ਉਨ੍ਹਾਂ ਨੂੰ ਮੋਟਰਸਾਈਕਲ ਖੋਹਣ ਵਾਲੇ ਨੌਜਵਾਨ ਦੀ ਮਾਤਾ ਮਿਲੀ ਅਤੇ ਉਨਾਂ ਨੂੰ ਭਰੋਸਾ ਦਿਵਾਇਆ ਕਿ ਜਦੋਂ ਵੀ ਨੌਜਵਾਨ ਘਰ ਆਉਂਦਾ ਹੈ ਤਾਂ ਤੁਹਾਨੂੰ ਮੋਟਰਸਾਈਕਲ, ਪੈਸੇ ਅਤੇ ਮੋਬਾਇਲ ਫੋਨ ਵਾਪਸ ਦਿਵਾ ਦੇਣਗੇ ਪਰ ਕਾਫੀ ਇੰਤਜ਼ਾਰ ਕਰਨ ਦੇ ਬਾਅਦ ਵੀ ਜਦੋਂ ਉਕਤ ਨੌਜਵਾਨ ਨਹੀਂ ਆਏ ਤਾਂ ਵਿਕਾਸ ਕੁਮਾਰ ਨੇ ਆਪਣੇ ਨਾਲ ਹੋਈ ਇਸ ਲੁੱਟ ਦੀ ਘਟਨਾ ਸਬੰਧੀ ਦੀਨਾਨਗਰ ਪੁਲਸ ਨੂੰ ਸੂਚਨਾ ਦਿੱਤੀ। ਸੂਚਨਾ ਮਿਲਦੇ ਹੀ ਪੁਲਸ ਪੀੜਤ ਵਿਕਾਸ ਕੁਮਾਰ ਦੇ ਨਾਲ ਪਿੰਡ ਅਵਾਂਖਾ ਵਿਖੇ ਉਕਤ ਨੌਜਵਾਨ ਦੇ ਘਰ ਗਏ ਪਰ ਉਸ ਸਮੇਂ ਘਰ ਨੂੰ ਤਾਲਾ ਲੱਗਿਆ ਹੋਇਆ ਸੀ।ਪੁਲਸ ਨੇ ਵਿਕਾਸ ਕੁਮਾਰ ਨੂੰ ਭਰੋਸਾ ਦਿਵਾਇਆ ਕਿ ਜਲਦ ਹੀ ਉਹ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਤੁਹਾਡਾ ਮੋਟਰਸਾਈਕਲ ਤੁਹਾਡੇ ਹਵਾਲੇ ਕਰ ਦੇਣਗੇ।

# ਸੰਵਿਧਾਨ ਦੀ ਰਾਖੀ ਲਈ ਇੱਕ ਰਾਸ਼ਟਰ ਇੱਕ ਚੋਣ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ: ਕਾਮਰੇਡ ਅਜਨਾਲਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸੀ ਪੀ ਆਈ (ਐੱਮ) ਦੀ ਕੇਂਦਰੀ ਕਮੇਟੀ ਵੱਲੋਂ ਆਏ ਪ੍ਰੋਗਰਾਮ ਅਨੁਸਾਰ 8 ਨਵੰਬਰ ਤੋਂ 14 ਨਵੰਬਰ ਤੱਕ ਸਾਰੇ ਪੰਜਾਬ ਵਿੱਚ ਜਨ ਸੰਪਰਕ ਮੁਹਿੰਮ ਚਲਾਈ ਜਾਂ ਰਹੀ ਹੈ ਜਿਸ ਵਿੱਚ ਇੱਕ ਦੇਸ਼ ਇੱਕ ਚੋਣ,ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਇਸਤਰੀ ਜਾਤੀ ਤੇ ਹੋ ਰਹੇ ਅੱਤਿਆਚਾਰ ਦਾ ਵੀ ਵਿਰੋਧ ਕੀਤਾ ਜਾ ਰਿਹਾ ਹੈ।ਇਸੇ ਕੜੀ ਤਹਿਤ ਸਥਾਨਕ ਪੁਤਲੀਘਰ ਦਫਤਰ ਵਿਖੇ ਜ਼ਿਲ੍ਹਾ ਸਕੱਤਰ ਕਾਮਰੇਡ ਚਰਨਜੀਤ ਸਿੰਘ ਮਜੀਠਾ ਦੀ ਅਗਵਾਈ ਹੇਠ ਵਿਸ਼ਾਲ ਇਕੱਠ ਕਰਕੇ ਪੁਤਲੀਘਰ ਚੌਕ ਤੱਕ ਮਾਰਚ ਕਰਨ ਉਪਰੰਤ ਰੋਸ ਰੈਲੀ ਕੀਤੀ ਗਈ।ਰੈਲੀ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਕਿਹਾ ਕਿ ਇੱਕ ਰਾਸ਼ਟਰ ਇੱਕ ਚੋਣ ਕੇਂਦਰ ਸਰਕਾਰ ਵੱਲੋਂ ਬਣਾਈ ਕਮੇਟੀ ਦੀ ਰਿਪੋਰਟ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਸਮੁੱਚੇ ਦੇਸ਼ ਵਿੱਚ ਇੱਕੋ ਸਮੇਂ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਪੰਜ ਸਾਲਾਂ ਲਈ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇੱਕ ਦੇਸ਼ ਇੱਕ ਚੋਣ ਦਾ ਸੀਪੀਆਈ ਐੱਮ ਡਟਵਾਂ ਵਿਰੋਧ ਕਰਦੀ ਹੈ ਤੇ ਇਸ ਨੂੰ ਸੰਵਿਧਾਨ ਵਿਰੋਧੀ ਕਰਾਰ ਦਿੰਦੀ ਹੈ।ਭਾਰਤ ਵਿੱਚ ਜਮਹੂਰੀਅਤ ਦਾ ਕਤਲ ਕਰਕੇ ਕੇਂਦਰ ਸਰਕਾਰ ਤਾਨਾਸ਼ਾਹੀ ਵੱਲ ਵੱਧ ਰਹੀ ਹੈ ਜਿਸ ਨੂੰ ਭਾਰਤ ਦੇ ਲੋਕ ਸਹਿਣ ਨਹੀਂ ਕਰਨਗੇ।ਵਧ ਰਹੀ ਮੰਗਾਈ ਨੇ ਗਰੀਬਾਂ ਦਾ ਲੱਕ ਤੋੜ ਦਿੱਤਾ ਹੈ। ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਕਰਨ ਨਾਲ ਗਰੀਬ ਲੋਕ ਪਰੇਸ਼ਾਨ ਹਨ।ਭਰਿਸ਼ਟਾਚਾਰ ਇੰਨਾ ਵਧ ਗਿਆ ਹੈ ਕਿ ਬਿਨਾਂ ਰਿਸ਼ਵਤ ਤੋਂ ਕੋਈ ਵੀ ਕੰਮ ਨਹੀਂ ਹੋ ਰਿਹਾ ।ਇਸਤਰੀ ਜਾਤੀ ਤੇ ਲਗਾਤਾਰ ਜ਼ੁਲਮ ਵੱਧ ਰਿਹਾ ਹੈ ਜਿਸ ਨੂੰ ਰੋਕਣ ਲਈ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ।ਘੱਟ ਗਿਣਤੀਆਂ ਦੀਆਂ ਇਸਤਰੀਆਂ 'ਤੇ ਜ਼ੁਲਮਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਨੂੰ ਰੋਕਣ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ।ਅੱਜ ਦੀ ਰੈਲੀ ਨੂੰ ਡਾ. ਕਵਲਜੀਤ ਕੌਰ, ਐਡਵੋਕੇਟ ਕਵਲਜੀਤ ਕੌਰ, ਤਰਸੇਮ ਟਪਿਆਲਾ, ਰਕੇਸ਼ ਕੁਮਾਰ, ਗੁਰਦੀਪ ਸਿੰਘ ਬੁਤਾਲਾ, ਕਿਰਪਾ ਰਾਮ, ਸਵਿੰਦਰ ਸਿੰਘ ਮੀਰਾਕੋਟ, ਰਣਜੀਤ ਬਲ, ਜਸਬੀਰ ਸਿੰਘ ਝਬਾਲ, ਸਤਨਾਮ ਸਿੰਘ ਕਲੇਰ, ਮਨਦੀਪ ਕੌਰ, ਪਰਮਜੀਤ ਕੌਰ, ਸਰੋਜ ਬਾਲਾ, ਰਘਬੀਰ ਕੌਰ, ਨਰਿੰਦਰ ਧੰਜਲ, ਭੁਪਿੰਦਰਜੀਤ ਸਿੰਘ ਛੀਨਾ, ਜਗੀਰ ਸਿੰਘ ਸਰਜਾ, ਕੁਲਦੀਪ ਸਿੰਘ, ਸਵਿੰਦਰ ਸਿੱਧੂ, ਰਾਜਵਿੰਦਰ ਸਿੰਘ, ਦਾਰਾ ਸਿੰਘ, ਗੁਰਨਾਮ ਸਿੰਘ ਤਲਵੰਡੀ, ਵਿਜੇ ਕੁਮਾਰ ਆਦਿ ਨੇ ਵੀ ਸੰਬੋਧਨ ਕੀਤਾ।

## ਗੁਰਬਾਜ ਸਿੰਘ ਢਿੱਲੋਂ ਦੇ ਜਨਮ ਦਿਨ 'ਤੇ ਖਿਡਾਰੀਆਂ ਨੂੰ ਸਟੱਡ ਤੇ ਵਰਦੀਆਂ ਤਕਸੀਮ



ਵਲਟੋਹਾ (ਰਣਜੀਤ ਸਿੰਘ ਵਲਟੋਹਾ)—ਪਿੰਡ ਬਹਾਦਰ ਨਗਰ ਦੀ ਖੇਡ ਗਰਾਊਂਡ ਵਿੱਚ ਐੱਨਆਰਆਈ ਬਲਜੀਤ ਸਿੰਘ ਢਿੱਲੋਂ (ਰਾਜੂ) ਦੇ ਬੇਟੇ ਗੁਰਬਾਜ ਸਿੰਘ ਢਿੱਲੋਂ ਦੇ ਜਨਮ ਦਿਨ ਮੌਕੇ ਕੇਕ ਕੱਟਿਆ ਗਿਆ ਅਤੇ ਬਲਜੀਤ ਸਿੰਘ ਢਿੱਲੋਂ ਵੱਲੋਂ ਫੁੱਟਬਾਲ ਦੇ ਖਿਡਾਰੀਆਂ ਨੂੰ ਜਰਸੀਆਂ ਤੇ ਸਟੱਡਾਂ ਸਮੇਤ ਪੂਰੀਆਂ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਦਸਮੇਸ਼ ਨਗਰ ਦੇ ਸਰਪੰਚ ਜੁਗਰਾਜ ਸਿੰਘ ਨੇ ਕਿਹਾ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਜਿਸ ਨਾਲ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਬਲਜੀਤ ਸਿੰਘ ਢਿੱਲੋਂ ਵੱਲੋਂ ਪਹਿਲਾਂ ਵੀ ਲੋਕ ਭਲਾਈ ਦੇ ਕੰਮਾਂ ਵਿੱਚ ਅਹਿਮ ਯੋਗਦਾਨ ਪਾਇਆ ਜਾਂਦਾ ਰਿਹਾ ਹੈ।

ਇਸ ਮੌਕੇ ਸੁਖਰਾਜ ਸਿੰਘ ਗਿੱਲ ਕੈਨੇਡਾ ਅਤੇ ਦਵਿੰਦਰ ਸਿੰਘ ਸੰਧੂ ਕੈਨੇਡਾ ਅਤੇ ਜੋਗਾ ਸਿੰਘ ਇਟਲੀ ਵੱਲੋਂ ਸਪੈਸ਼ਲ ਮੁਬਾਰਕਬਾਦ ਭੇਜੀ ਗਈ। ਬਲਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਪਿੰਡ ਵਿੱਚ ਖੇਡ ਟੂਰਨਾਮੈਂਟ ਵੀ ਕਰਵਾਇਆ ਜਾਵੇਗਾ। ਇਸ ਮੌਕੇ ਦਸਮੇਸ਼ ਨਗਰ ਦੇ ਸਰਪੰਚ ਜੁਗਰਾਜ ਸਿੰਘ, ਬਾਬਾ ਗੁਰਜੰਟ ਸਿੰਘ, ਬਲਜੀਤ ਸਿੰਘ ਮੈਂਬਰ ਪੰਚਾਇਤ ਬਹਾਦਰ ਨਗਰ, ਗੁਰਸਾਬ ਸਿੰਘ ਬੈਂਕਾ ਮੈਂਬਰ ਪੰਚਾਇਤ ਬਹਾਦਰ ਨਗਰ, ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਸਪੋਰਟਸ ਕਲੱਬ ਦੇ ਪ੍ਰਧਾਨ ਸੁਖਜੀਤ ਸਿੰਘ ਭੁੱਲਰ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਵੱਲੋਂ ਮੇਜਰ ਸਿੰਘ ਆੜ੍ਹਤੀਆ ਕਲਸੀਆਂ ਵਾਲੇ, ਗੁਰਜੀਤ ਸਿੰਘ ਕੋਚ, ਗੁਰਪ੍ਰੀਤ ਸਿੰਘ ਬਾਊ, ਤਸਵੀਰ ਸਿੰਘ ਮਨਹਾਲਾ, ਗੁਰਚਰਨ ਸਿੰਘ ਪਹਿਲਵਾਨ, ਆਲ ਇੰਡੀਆ ਕਿਸਾਨ ਸਭਾ ਦੇ ਸੀਨੀਅਰ ਜ਼ਿਲਾ ਮੀਤ ਪ੍ਰਧਾਨ ਰਣਜੀਤ ਸਿੰਘ, ਤਰਲੋਚਨ ਸਿੰਘ, ਰਾਜਵੰਤ ਸਿੰਘ, ਗੁਰਲਾਲ ਸਿੰਘ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।

## ਕਾਂਗਰਸ ਹੀ ਇੱਕ ਧਰਮਨਿਰਪੱਖ ਤੇ ਲੋਕ ਹਿਤੈਸ਼ੀ ਪਾਰਟੀ ਹੈ: ਜ਼ੀਰਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਜ਼ਿਮਨੀ ਚੋਣ ਮੌਕੇ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬੀ ਜਤਿੰਦਰ ਕੌਰ ਰੰਧਾਵਾ ਨੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਕਾਂਗਰਸ ਪਾਰਟੀ ਦੇ ਬੁਲਾਰੇ ਤੇ ਮਹਿਲਾ ਕਾਂਗਰਸੀ ਆਗੂ ਟੀਨਾ ਚੌਧਰੀ ਅਤੇ ਸਥਾਨਕ ਪਤਵੰਤਿਆਂ ਨੂੰ ਨਾਲ ਲੈ ਕੇ ਪਿੰਡ ਦੁੱਲਾਨੰਗਲ ਕਾਲੋਨੀ ਵਿੱਚ ਬਿੱਟੂ ਮਸੀਹ ਦੇ ਗ੍ਰਹਿ ਵਿਖੇ ਪਹੁੰਚ ਕੇ ਇਕੱਤਰ ਪਿੰਡ ਵਾਸੀਆਂ ਦੀ ਚੋਣ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਥੋਮਸ ਮਸੀਹ, ਪਲਵਿੰਦਰ ਮਸੀਹ ਦਾ ਕਾਂਗਰਸ ਵਿੱਚ ਸ਼ਾਮਿਲ ਹੋਣ ਤੇ ਸਵਾਗਤ ਕੀਤਾ।ਮੀਟਿੰਗ ਨੂੰ ਸੰਬੋਧਨ ਕਰਦਿਆ ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਪੰਜਾਬ ਵਿੱਚ ਸੱਤਾਧਾਰੀ ਧਿਰ ਵਲੋਂ ਸ਼ਰੇਆਮ ਸਿਆਸੀ ਧੱਕੇਸ਼ਾਹੀ, ਭ੍ਰਿਸ਼ਟਾਚਾਰ ਅਤੇ ਗੁੰਡਾਗਰਦੀ ਨੂੰ ਪ੍ਰਮੋਟ ਕਰਦੇ ਆਮ ਲੋਕਾਂ ਦਾ ਜਿਊਣਾ ਮੁਹਾਲ ਕੀਤਾ ਜਾ ਰਿਹਾ ਹੈ।ਇਨ੍ਹਾਂ ਸਾਰੀਆਂ ਚੀਜ਼ਾ ਤੋਂ ਮੁਕਤ ਹੋਣ ਲਈ ਸੂਬੇ ਦੀ ਵਾਗਡੋਰ ਕਾਂਗਰਸ ਦੇ ਹੱਥ ਵਿੱਚ ਦੇਣੀ ਅਤਿ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹੀ ਇੱਕ ਧਰਮਨਿਰਪੱਖ ਤੇ ਲੋਕ ਹਿਤੈਸ਼ੀ ਪਾਰਟੀ ਹੈ ਜੋ ਨਿਰਪੱਖ ਵਿਕਾਸ ਦੀ ਹਮਾਇਤ ਕਰਦੀ ਹੈ।ਇਸ ਲਈ ਹਲਕੇ ਵਿੱਚ ਅਮਨ ਸ਼ਾਂਤੀ ਅਤੇ ਨਿਰਪੱਖ ਸਰਬਪੱਖੀ ਵਿਕਾਸ ਲਈ ਕਾਂਗਰਸ ਨੂੰ ਜਿਤਾਉਣਾ ਅਤਿ ਜ਼ਰੂਰੀ ਹੈ।ਕਾਂਗਰਸ ਦਾ ਹਿੱਸਾ ਬਣਨ ਵਾਲੇ ਪਰਿਵਾਰਾਂ ਦਾ ਹਾਰਦਿਕ ਸਵਾਗਤ ਕਰਦੇ ਹੋਏ ਸਭ ਨੂੰ ਪਾਰਟੀ ਅੰਦਰ ਪੂਰੇ ਮਾਣ ਸਤਿਕਾਰ ਦਾ ਭਰੋਸਾ ਦੇਂਦੇ ਹੋਏ ਅਸੀ ਵਾਅਦਾ ਕਰਦੇ ਹਾਂ ਕਿ ਆਪ ਦੇ ਦੁੱਖ-ਸੁੱਖ ਵਿੱਚ ਡੱਟ ਕੇ ਖੜ ਨਾ ਸਾਡਾ ਨੈਤਿਕ ਫਰਜ਼ ਹੈ ।

## ਮੈਰਿਜ ਪੈਲੇਸਾਂ ਦੇ ਪ੍ਰਬੰਧਕਾਂ ਨੂੰ ਹਥਿਆਰਾਂ ਦੀ ਮਨਾਹੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਹੁਕਮ



ਬਟਾਲਾ, (ਤਰਲੋਕ ਬੱਗਾ)-ਐੱਸ. ਐੱਸ. ਪੀ. ਬਟਾਲਾ ਸੁਹੇਲ ਕਾਸਿਮ ਮੀਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐੱਸ. ਪੀ ਹੈੱਡਕੁਆਰਟਰ ਬਟਾਲਾ ਜਸਵੰਤ ਕੋਰ ਵਲੋਂ ਮੈਰਿਜ ਪੈਲੇਸ/ਰਿਜ਼ੋਰਟ ਦੇ ਮਾਲਕਾਂ ਅਤੇ ਪ੍ਰਬੰਧਕਾਂ ਨਾਲ ਪੁਲਸ ਲਾਈਨ ਬਟਾਲਾ ਵਿਖੇ ਮੀਟਿੰਗ ਕੀਤੀ ਗਈ।ਇਸ ਮੌਕੇ ਐੱਸ. ਪੀ. ਬਟਾਲਾ ਨੇ ਦੱਸਿਆ ਕਿ ਮੈਰਿਜ ਪੈਲੇਸ/ਰਿਜ਼ੋਰਟ ਦੇ ਮਾਲਕਾਂ ਅਤੇ ਪ੍ਰਬੰਧਕਾਂ ਨਾਲ ਵਿਆਹ ਦੇ ਸੀਜ਼ਨ ਦੌਰਾਨ ਇਨ੍ਹਾਂ ਥਾਵਾਂ ਤੇ ਹਥਿਆਰਾਂ ਦੀ ਮਨਾਹੀ ਨੂੰ ਲਾਗੂ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਕਰਨ ਦਾ ਮੁੱਖ ਮੰਤਵ ਇਹੀ ਹੈ ਕਿ ਮੈਰਿਜ ਪੈਲੇਸ/ਰਿਜ਼ੋਰਟ ਵਿੱਚ ਅਣਸੁਖਾਵੀਂ ਘਟਨਾ ਨੂੰ ਰੋਕਣਾ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।ਉਨ੍ਹਾਂ ਅੱਗੇ ਕਿਹਾ ਕਿ ਅਕਸਰ ਸੁਣਨ ਵਿੱਚ ਆਉਂਦਾ ਹੈ ਕਿ ਮੈਰਿਜ ਪੈਲੇਸਾਂ/ਰਿਜ਼ੋਰਟਾਂ ਵਿੱਚ ਵਿੱਚ ਗੋਲੀ ਚੱਲਣ ਨਾਲ ਜਾਨੀ ਨੁਕਸਾਨ ਹੋ ਗਿਆ ਹੈ।ਇਸ ਲਈ ਮੈਰਿਜ ਪੈਲੇਸਾਂ/ਰਿਜ਼ੋਰਟਾਂ ਵਿੱਚ ਸਖ਼ਤੀ ਵਰਤੀ ਜਾਵੇ ਅਤੇ ਜਾਰੀ ਨਿਯਮਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾਵੇ।ਇਸ ਮੌਕੇ ਮੈਰਿਜ ਪੈਲੇਸਾਂ/ਰਿਜ਼ੋਰਟਾਂ ਦੇ ਮਾਲਕਾਂ ਤੇ ਪਰਬੰਧਕਾਂ ਨੇ ਭਰੋਸਾ ਦਿਵਾਇਆ ਕਿ ਉਹ ਨਿਯਮਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣਗੇ।

## ਸੋਨ ਤਮਗਾ ਜੇਤੂ ਸਤਬੀਰ ਸਿੰਘ ਚੁਗਾਵਾਂ ਦਾ ਸੰਤ ਬਾਬਾ ਸੱਜਣ ਸਿੰਘ ਵੱਲੋਂ ਸਨਮਾਨ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਲੁਧਿਆਣਾ ਵਿਖੇ ਕਰਵਾਈਆਂ ਗਈਆਂ ਵਤਨ ਪੰਜਾਬ ਦੀਆਂ ਖੇਡਾਂ ਵਿੱਚ ਪਿੰਡ ਚੁਗਾਵਾਂ ਸਾਧਪੁਰ ਤੋਂ ਸਤਬੀਰ ਸਿੰਘ ਪੁੱਤਰ ਸੰਦੀਪ ਸਿੰਘ ਜਿਸ ਵੱਲੋਂ ਇਨ੍ਹਾਂ ਖੇਡਾਂ ਵਿੱਚ ਪਹਿਲਾ ਸਥਾਨ ਹਾਸਿਲ ਕਰਦਿਆਂ ਜੈਵਲਨ ਥਰੋ ਵਿੱਚ ਗੋਲਡ ਮੈਡਲ ਹਾਸਲ ਕੀਤਾ ਗਿਆ, ਦਾ ਗੁਰੂ ਘਰ ਦਾ ਸ਼ੁਕਰਾਨਾ ਕਰਨ ਲਈ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਪਹੁੰਚਣ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਸਤਬੀਰ ਸਿੰਘ ਅਤੇ ਉਸ ਦੇ ਪਿਤਾ ਸੰਦੀਪ ਸਿੰਘ ਨੇ ਕਿਹਾ ਕਿ ਇਹਨਾਂ ਖੇਡਾਂ ਵਿੱਚ ਪਿੰਡ ਚੁਗਾਵਾਂ ਨੂੰ ਮਾਣ ਮਿਲਿਆ ਹੈ ਅਤੇ ਇਲਾਕੇ ਵਿੱਚ ਇਸ ਪਿੰਡ ਦਾ ਨਾਮ ਸਤਬੀਰ ਸਿੰਘ ਨੇ ਰੌਸ਼ਨ ਕੀਤਾ ਹੈ। ਸੰਤ ਬਾਬਾ ਸੱਜਣ ਸਿੰਘ ਵੱਲੋਂ ਸਤਬੀਰ ਸਿੰਘ ਨੂੰ ਸਨਮਾਨਿਤ ਕਰਦਿਆਂ ਕਿਹਾ ਗਿਆ ਕਿ ਇਹ ਇਲਾਕੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਹੋਣਹਾਰ ਬੱਚੇ ਵੱਲੋਂ ਲੁਧਿਆਣਾ ਵਿੱਚ ਹੋਈਆਂ ਵਤਨ ਪੰਜਾਬ ਦੀਆਂ ਖੇਡਾਂ ਵਿੱਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਹਾਸਲ ਕੀਤਾ ਹੈ ਜਿਸ ਲਈ ਸਾਰੇ ਇਲਾਕੇ ਨੂੰ ਇਸ ਤੇ ਮਾਣ ਹੋਏਗਾ ਅਤੇ ਇਸ ਵੱਲ ਵੇਖ ਕੇ ਹੋਰ ਨੌਜਵਾਨ ਬੱਚੇ ਵੀ ਖੇਡਾਂ ਪ੍ਰਤੀ ਆਪਣੀ ਜਾਗਰੂਤੀ ਵਧਾਉਣਗੇ। ਸੰਤ ਬਾਬਾ ਸੱਜਣ ਸਿੰਘ ਵੱਲੋਂ ਸਤਬੀਰ ਸਿੰਘ ਨੂੰ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਅਤੇ ਅਸ਼ੀਰਵਾਦ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾਦਾਰ ਨਿੰਦਰ ਸਿੰਘ, ਰਣਜੀਤ ਸਿੰਘ ਰਾਣਾ ਬਾਬੋਵਾਲ, ਜਗਰੂਪ ਸਿੰਘ ਬੋਪਾ ਰਾਏ, ਬਾਬਾ ਜੱਸਾ ਸਿੰਘ, ਬਾਬਾ ਸੁੱਖਾ ਸਿੰਘ, ਬਾਬਾ ਰਾਜਾ ਸਿੰਘ, ਬਾਬਾ ਬਾਜ ਸਿੰਘ, ਬਲਿਹਾਰ ਸਿੰਘ, ਜੋਬਨ ਸਿੰਘ, ਮੇਜਰ ਸਿੰਘ ਅਤੇ ਅਜੇਪਾਲ ਸਿੰਘ ਵੀ ਹਾਜ਼ਰ ਸਨ।

## ਉੱਪਲ ਬਰਾਦਰੀ ਦੇ ਜਠੇਰਿਆਂ ਦੀ ਮੇਲ 8 ਦਸੰਬਰ ਨੂੰ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਉੱਪਲ ਭਾਈਚਾਰੇ ਜਠੇਰਿਆਂ ਦੀ ਮੇਲ 8 ਦਸੰਬਰ ਦਿਨ ਐਤਵਾਰ ਨੂੰ ਉੱਪਲ ਗੋਤ ਦੇ ਕੁੱਲ ਦੇਵਤਾ ਬਾਬਾ ਨਾਰ ਸਿੰਘ ਜੀ ਦੇ ਮੰਦਰ ਪਰਮੰਡਲ ਜ਼ਿਲਾ ਸਾਂਭਾ (ਜੰਮੂ ਕਸ਼ਮੀਰ) ਵਿਖੇ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਦੇ ਨਾਲ ਮਨਾਈ ਜਾਵੇਗੀ ਜਿਸ ਵਿੱਚ ਦੇਸ਼ ਵਿਦੇਸ਼ ਦੇ ਹਰ ਕੋਨੇ ਤੋਂ ਉੱਪਲ ਗੋਤ ਦੇ ਭਾਈਚਾਰੇ ਦੇ ਪਰਿਵਾਰਾਂ ਵੱਲੋਂ ਸ਼ਰਧਾ ਭਾਵਨਾ ਦੇ ਨਾਲ ਹਾਜ਼ਰੀ ਭਰਨ ਲਈ ਉਤਸ਼ਾਹ ਵਿਖਾਇਆ ਜਾ ਰਿਹਾ ਹੈ ਜਿਸ ਵਿੱਚ ਅੰਮ੍ਰਿਤਸਰ ਅਜਨਾਲਾ ਖੇਤਰ ਦੇ ਉੱਪਲ ਗੋਤ ਦੇ ਭਾਈਚਾਰੇ ਦੇ ਲੋਕ ਵੀ ਸ਼ਾਮਿਲ ਹੋਣਗੇ।

ਇਹ ਜਾਣਕਾਰੀ ਪਰਮੰਡਲ ਮੰਦਰ ਕਮੇਟੀ ਦੇ ਮੈਂਬਰ ਤੇ ਸਮਾਜ ਸੇਵੀ ਮਨੀਸ਼ ਕੁਮਾਰ ਉੱਪਲ ਅਜਨਾਲਾ ਨੇ ਸਾਂਝੀ ਕੀਤੀ।ਉਨ੍ਹਾਂ ਦੱਸਿਆ ਕਿ ਜੋੜ ਮੇਲੇ ਦੌਰਾਨ ਮੰਦਰ ਵਿੱਚ ਪਵਿੱਤਰ ਮਹਾਂ ਹਵਨ ਯੱਗ ਕਰਵਾਇਆ ਜਾਵੇਗਾ।ਲੰਗਰ ਭੰਡਾਰਾ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ।ਇਸ ਮੌਕੇ ਸੇਵਾਮੁਕਤ ਜ਼ਿਲ੍ਹਾ ਸਿਹਤ ਅਫਸਰ ਡਾ. ਗੁਰਦੀਪ ਕੁਮਾਰ ਉੱਪਲ, ਰਮੇਸ਼ ਕੁਮਾਰ ਉੱਪਲ, ਰਮਨੀਕ ਕੁਮਾਰ ਉੱਪਲ, ਵਿਕਰਾਂਤ ਕੁਮਾਰ ਉੱਪਲ, ਐਡਵੋਕੇਟ ਅਵਧ ਉੱਪਲ, ਸੰਦੀਪ ਉੱਪਲ, ਰਾਜੀਵ ਕੁਮਾਰ ਉੱਪਲ, ਰਵਿੰਦਰ ਉੱਪਲ, ਪਵਨ ਉੱਪਲ, ਪ੍ਰਦੀਪ ਕੁਮਾਰ ਉੱਪਲ, ਰਿਆਸ ਕੁਮਾਰ ਉੱਪਲ, ਬਬਲੂ ਉੱਪਲ ਆਦਿ ਹਾਜ਼ਰ ਸਨ।

## ਰਵਨੀਤ ਸਿੰਘ ਬਿੱਟੂ ਦੀ ਕਿਸਾਨਾਂ ਵਿਰੁੱਧ ਘਟੀਆ ਬਿਆਨਬਾਜ਼ੀ ਖਿਲਾਫ ਕਿਸਾਨਾਂ ਪੁਤਲੇ ਫੂਕੇ



ਝਬਾਲ (ਹਰਜਿੰਦਰ ਸਿੰਘ ਸੋਨੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਵੱਲੋਂ ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ ਦੀ ਅਗਵਾਈ ਵਿੱਚ ਸ੍ਰੀ ਅੰਮ੍ਰਿਤਸਰ ਤੋਂ ਗੰਗਾਨਗਰ ਮਾਰਗ ਅੱਡਾ ਗੋਹਲਵੜ ਵਿਖੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਤੇ ਕੇਂਦਰ ਸਰਕਾਰ ਦੇ ਪੁਤਲੇ ਸਾੜ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ ਨੇ ਕਿਹਾ ਕਿ ਕਿਸਾਨਾਂ ਖਿਲਾਫ ਰਵਨੀਤ ਬਿੱਟੂ ਵੱਲੋਂ ਕੀਤੀ ਗਈ ਟਿੱਪਣੀ ਕਾਰਨ ਕਿਸਾਨਾਂ ਅੰਦਰ ਭਾਰੀ ਰੋਸ ਅਤੇ ਗੁੱਸਾ ਪਾਇਆ ਜਾਂ ਰਿਹਾ ਹੈ।ਉਨ੍ਹਾਂ ਬਿੱਟੂ ਦੇ ਬਿਆਨ ਦੀ ਸਖਤ ਨਿੰਦਾ ਕਰਦੇ ਹੋਏ ਕਿਹਾ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਹਰ ਤਰ੍ਹਾਂ ਦੀ ਜਾਂਚ ਦਾ ਸਵਾਗਤ ਕਰਦੀਆਂ ਹਨ, ਪਰ ਜਿਸ ਤਰ੍ਹਾਂ ਦੀ ਭਾਸ਼ਾ ਰਵਨੀਤ ਸਿੰਘ ਬਿੱਟੂ ਵੱਲੋਂ ਵਰਤੀ ਜਾਂ ਰਹੀ ਹੈ, ਉਹ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕਿਸਾਨ ਆਗੂਆਂ ਕਿਹਾ ਕਿ ਬੀਜੇਪੀ ਇਹ ਸਿੱਧ ਕਰੇ ਕਿ ਇਹ ਜੋ ਬਿਆਨ ਰਵਨੀਤ ਬਿੱਟੂ ਦੇ ਰਿਹਾ ਹੈ, ਇਹ ਸਾਰੀ ਬੀਜੇਪੀ ਦੇ ਹਨ ਜਾਂ ਬਿੱਟੂ ਆਪਣੇ ਤੌਰ 'ਤੇ ਦੇ ਰਿਹਾ ਹੈ ਕਿਉਂਕਿ ਕੇਂਦਰ ਦੀ ਸਰਕਾਰ ਬਿੱਟੂ ਦੇ ਬਿਆਨਾਂ ਤੇ ਕੁਝ ਵੀ ਬੋਲ ਨਹੀਂ ਰਹੀ। ਇਸ ਮੌਕ ਜ਼ੋਨ ਮੀਤ ਪ੍ਰਧਾਨ ਅੰਗਰੇਜ਼ ਸਿੰਘ ਦਬੁਰਜੀ, ਜ਼ੋਨ ਆਗੂ ਬਲਜੀਤ ਸਿੰਘ ਰਟੌਲ, ਜ਼ੋਨ ਖਜਾਨਚੀ ਹਰਜਿੰਦਰ ਸਿੰਘ ਪੰਡੋਰੀ ਸਿੱਧਵਾਂ, ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਪ੍ਰਧਾਨ ਗੁਰਮੀਤ ਸਿੰਘ ਐਮਾਂ ਕਲਾਂ, ਡਾ. ਭਾਨ ਸਿੰਘ ਪੰਡੋਰੀ ਸਿੱਧਵਾਂ, ਪ੍ਰਧਾਨ ਪ੍ਰਗਟ ਸਿੰਘ ਪੰਡੋਰੀ ਰਣ ਸਿੰਘ ਆਦਿ ਜ਼ੋਨ ਦੇ ਸਾਰੇ ਪਿੰਡਾਂ ਦੇ ਪ੍ਰਧਾਨਾਂ ਨੇ ਹਾਜ਼ਰੀ ਭਰੀ।

# ਦੀਵਾਲੀ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ 'ਤੇ ਫਿਰੋਜ਼ਪੁਰ ਤੋਂ ਵਿਸ਼ੇਸ਼ ਸਪਲੀਮੈਂਟ

## ਸੰਦੇਸ਼



ਮੈਂ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਫਿਰੋਜ਼ਪੁਰ ਅਤੇ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਫਿਰੋਜ਼ਪੁਰ ਦਾ ਨਵਾਂ ਜ਼ਮਾਨਾ ਵੱਲੋਂ ਸਪਲੀਮੈਂਟ ਕੱਢਣ ਤੇ ਪੱਤਰਕਾਰ ਅਸ਼ੋਕ ਕੁਮਾਰ ਸ਼ਰਮਾ ਨੂੰ ਵਧਾਈ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਭਵਿੱਖ ਵਿਚ ਵੀ ਇਸੇ ਤਰ੍ਹਾਂ ਜਨਤਾ ਦੀ ਸੇਵਾ ਕਰਦੇ ਰਹਿਣਗੇ। ਸ਼ਹਿਰੀ ਵਿਧਾਇਕ ਰਣਬੀਰ ਸਿੰਘ ਭੁੱਲਰ

## ਸੰਦੇਸ਼



ਜ਼ਿਲ੍ਹਾ ਫਿਰਜ਼ਪੁਰ ਦੇ ਨਿਵਾਸੀਆਂ ਨੂੰ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਲੱਖ ਲੱਖ ਵਧਾਈ ਅਤੇ ਜ਼ਿਲ੍ਹਾ ਪ੍ਰਸ਼ਾਸਨ ਹਮੇਸ਼ਾ ਲੋਕਾਂ ਦੀ ਸਹਾਇਤਾ ਅਤੇ ਸਹੂਲਤਾਂ ਲਈ ਕੰਮ ਕਰਦੀ ਰਹਾਂਗੀ। ਨਵਾਂ ਜ਼ਮਾਨਾ ਸਪਲੀਮੈਂਟ ਕੱਢਣ ਤੇ ਪੱਤਰਕਾਰ ਅਸ਼ੋਕ ਸ਼ਰਮਾ ਨੂੰ ਬਹੁਤ ਬਹੁਤ ਵਧਾਈ।

ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ

## ਸੰਦੇਸ਼



ਮੈਂ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ 'ਤੇ ਪੱਤਰਕਾਰ ਅਸ਼ੋਕ ਸ਼ਰਮਾ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਤੇ ਹਾਰਦਿਕ ਸ਼ੁੱਭਕਾਮਨਾਵਾਂ ਦਿੰਦਾ ਅਤੇ ਪ੍ਰਾਥਨਾ ਕਰਦਾ ਹਾਂ ਕਿ ਸਾਡਾ ਪੰਜਾਬ ਹੋਰ ਤਰੱਕੀ ਅਤੇ ਵਿਕਾਸ ਦੇ ਕੰਮਾਂ ਵਿਚ ਅੱਗੇ ਆਵੇ।

ਹਲਕਾ ਦਿਹਾਤੀ ਵਿਧਾਇਕ ਰਜ਼ਨੀਸ਼ ਦਹੀਆ

## ਸਮਾਜ ਸੇਵਾ, ਸੱਚਾਈ ਤੇ ਨਿਡਰਤਾ ਦੇ ਪ੍ਰੀਤ ਸਨ ਸਵ. ਹਰਬੰਸ ਲਾਲ ਸ਼ਰਮਾ



ਮੈਂ ਗੁਰਪੁਰਬ ਦੇ ਸ਼ੁੱਭ ਮੌਕੇ ਤੇ ਪੰਜਾਬ ਵਾਸੀਆਂ ਅਤੇ ਆਪਣੇ ਸ਼ੁੱਭ ਚਿੰਤਕਾਂ ਨੂੰ ਸਪਲੀਮੈਂਟ ਰਾਹੀਂ ਆਪਣੀ ਵਧਾਈ ਸੰਦੇਸ਼ ਭੇਜਦਿਆਂ ਹੋਇਆ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਸਾਡਾ ਪੰਜਾਬ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰੇ ਅਤੇ ਇਥੋਂ ਦੇ ਵੱਸਣ ਵਾਲਿਆਂ ਦਾ ਜੀਵਨ ਖੁਸ਼ਹਾਲ ਹੋਵੇ। ਮੈਂ ਇਸ ਮੌਕੇ ਫਿਰੋਜ਼ਪੁਰ ਦੇ ਲੋਕਾਂ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ ਤੇ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆ ਕੇ ਹੱਲ ਕਰਵਾਉਣ ਦੀ ਕੋਸ਼ਿਸ਼ ਕਰਦਾ ਰਹਾਂਗਾ। ਸਪੋਰਟਸ ਐਸੋਸੀਏਸ਼ਨ ਦਾ ਸਕੱਤਰ ਹੋਣ ਤੇ ਜ਼ਿਲ੍ਹੇ ਦੀ ਸਾਰੀ ਸਪੋਰਟਸ ਨੂੰ ਉਪਰ ਚੁੱਕਣ ਲਈ ਕੋਸ਼ਿਸ਼ ਕਰਦਾ ਰਹਾਂਗਾ। ਮੈਂ ਆਪਣੇ ਪਿਤਾ ਸਵ. ਹਰਬੰਸ ਲਾਲ ਸ਼ਰਮਾ, ਜਿਨ੍ਹਾਂ ਨੇ 25 ਸਾਲ ਤੋਂ ਜ਼ਿਆਦਾ ਜ਼ੀਰਾ ਵਿਚ ਪੱਤਰਕਾਰੀ ਦੀ ਸੇਵਾ ਕੀਤੀ, ਮੈਂ ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਪਣੀ ਕਲਮ ਦੀ ਤਾਕਤ ਦੇ ਨਾਲ ਲੋਕਾਂ ਦੇ ਬਣਦੇ ਹੱਕ ਦਿਵਾਉਣ ਲਈ ਰਾਤ ਦਿਨ ਮਿਹਨਤ ਕਰਾਂਗਾ।



ਸਵ. ਪੰਡਿਤ ਹਰਬੰਸ ਲਾਲ

## ਧੰਨਵਾਦ



ਮੈਂ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਇਸ਼ਤਿਹਾਰ ਦੇਣ ਵਾਲੇ ਸਹਿਯੋਗੀ ਸੱਜਣਾਂ, ਪੰਚਾਇਤਾਂ ਅਤੇ ਨਗਰ ਕੌਂਸਲ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇਸ ਸਪਲੀਮੈਂਟ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾ ਕੇ ਇਨ੍ਹਾਂ ਨੂੰ ਕਾਮਯਾਬ ਬਣਾਇਆ। ਮੈਂ ਭਵਿੱਖ ਵਿਚ ਇਸ ਤਰ੍ਹਾਂ ਦੇ ਸਹਿਯੋਗ ਦੀ ਉਮੀਦ ਕਰਦਾ ਹਾਂ।

ਪੱਤਰਕਾਰ ਅਸ਼ੋਕ ਸ਼ਰਮਾ ਮੋਬਾ. 8146822544

## ਸੰਦੇਸ਼



ਮੈਂ ਫਿਰੋਜ਼ਪੁਰ ਦੇ ਵਾਸੀਆਂ ਨੂੰ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਲੱਖ ਲੱਖ ਵਧਾਈ ਦਿੰਦੀ ਹਾਂ ਅਤੇ ਵਿਸਵਾਸ਼ ਦਿਵਾਉਂਦੀ ਹਾਂ ਕਿ ਜ਼ਿਲ੍ਹਾ ਪੁਲਿਸ ਆਪਣੇ ਭਲਾਈ ਦੇ ਕੰਮ ਕਰਦੀ ਰਹੇਗੀ ਅਤੇ ਲੋਕਾਂ ਦੀ ਸਹਾਇਤਾ ਲਈ ਹਮੇਸ਼ਾ ਅੱਗੇ ਆਵੇਗੀ। ਜ਼ਿਲ੍ਹਾ ਪੁਲਿਸ ਦੀ ਜਾਨ ਮਾਲ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ। ਜ਼ਿਲ੍ਹਾ ਪੁਲਿਸ ਮੁਖੀ ਸੌਮਿਆ ਮਿਸ਼ਰਾ ਆਈਪੀਐੱਸ ਫਿਰੋਜ਼ਪੁਰ

## ਸੰਦੇਸ਼



ਮੈਂ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਪੱਤਰਕਾਰ ਅਸ਼ੋਕ ਸ਼ਰਮਾ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਤੇ ਹਾਰਦਿਕ ਸ਼ੁੱਭਕਾਮਨਾਵਾਂ ਦਿੰਦਾ ਹਾਂ ਅਤੇ ਪ੍ਰਾਥਨਾ ਕਰਦਾ ਹਾਂ ਕਿ ਸਾਡਾ ਪੰਜਾਬ ਹੋਰ ਤਰੱਕੀ ਅਤੇ ਵਿਕਾਸ ਦੇ ਕੰਮਾਂ ਵਿਚ ਅੱਗੇ ਆਵੇ ਅਤੇ ਲੋਕਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ। ਡਾ. ਅਨੁਰਿਧ ਗੁਪਤਾ ਸੀਈਓ ਡੀ.ਸੀ. ਐੱਮ ਗਰੁੱਪ ਸਕੂਲ

## ਸਹਿਯੋਗੀ ਸੱਜਣ



ਵਿਜੈ ਬਹਿਲ ਨਾਇਬ ਤਹਿਸੀਲਦਾਰ



ਹਰੀਸ਼ ਗੋਇਲ



ਅਵਤਾਰ ਸਿੰਘ ਜੋਸਨ ਐੱਮ. ਡੀ



ਜਗਦੇਵ ਸਿੰਘ ਪੰਜੂ ਟਰੈਵਲਜ਼ ਫਿਰੋਜ਼ਪੁਰ



ਐਡਵਕੇਟ ਲਖਵਿੰਦਰ ਪਾਲ ਸਿੰਘ ਜੋਸਨ



ਸੁਭਾਸ਼ ਚੰਦਰ ਦਿਆਲ ਮੈਡੀਕਲ ਫਿਰੋਜ਼ਪੁਰ ਕੈਂਟ



ਪੂਰਨ ਸਿੰਘ ਸਮਾਜ ਸੇਵਕ ਜ਼ੀਰਾ



ਓਮ ਪ੍ਰਕਾਸ਼ ਨਾਰੰਗ ਅਤੇ ਪੋਤਰਾ ਸ਼ਕਸ਼ਮ



ਡਾ. ਰਾਘਵ ਸ਼ਰਮਾ ਫਿਰੋਜ਼ਪੁਰ ਸ਼ਹਿਰ



ਅਸ਼ੋਕ ਗਰਗ



ਐੱਸ. ਪੀ. ਖੇੜਾ ਪ੍ਰਧਾਨ ਪੈਂਟਰੋਲੀਅਮ ਐਸੋਸੀਏਸ਼ਨ ਫਿਰੋਜ਼ਪੁਰ



ਅਸ਼ੋਕ ਪਸਰੀਚਾ ਪ੍ਰਧਾਨ ਸਬਜ਼ੀ ਮੰਡੀ ਫਿਰੋਜ਼ਪੁਰ ਸ਼ਹਿਰ


**SHAHEED BHAGAT SINGH COLLEGE OF NURSING**

Approved By INC New Delhi, Affiliated to PNRC Chandigarh, Affiliated to BFUHS Faridkot

Mallanwala-Makhu Road, Ferozepur City. (Pb.)

B. Sc. Nursing II Post Basic B.Sc. Nursing

GNM II ANM II D-Pharmacy (Ayurvedic)

CERTIFICATE COURSE IN OT ATTENDANT & HOME CARE ATTENDANT

SELF EMPLOYMENT, ELIGIBLE FOR GOVT. & PRIVATE JOBS, APPROVAL FOR ABROAD

**HARMONY**

Ayurvedic Medical College & Hospital

Approved by Punjab Govt. Recognised by NCISM New Delhi, Affiliated to G.R.A.U. Hoshiarpur (Pb.)

Course Offered : B.A.M.S.

Eligibility : 10+2 (Medical) NEET

Help Line : 97811-28853

BHAKTI BHAJAN GROUP

YouTube Channel: DP LIFE BHAKTI BHAJAN

Help Line : 97811-28849, 97811-28861, 97811-28862


ਸਮੂਹ ਇਲਾਕਾ ਨਿਵਾਸੀਆਂ ਨੂੰ ਦੀਵਾਲੀ, ਵਿਸ਼ਵਕਰਮਾ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ ਲੱਖ ਵਧਾਈਆਂ।

**ਗੁਰੂ ਨਾਨਕ ਕਾਲਜ ਫਿਰੋਜ਼ਪੁਰ ਛਾਉਣੀ**

ਚੱਲ ਰਹੇ ਕੋਰਸ ਬੀ.ਏ., ਬੀ.ਐੱਸ.ਸੀ., ਬੀਸੀਏ, ਬੀ-ਕਾਮ, ਐੱਮ.ਏ (ਹਿਸਟਰੀ), ਐੱਮ.ਏ. (ਸੋਸ਼ੋਆਲਜ਼ੀ), ਐੱਮ. ਐੱਸ. ਸੀ. (ਮੈਥਸ), ਐੱਮ. ਕਾਮ, ਪੀ.ਜੀ.ਡੀ.ਸੀ.ਏ

**ਗੁਰੂ ਨਾਨਕ ਆਈਟੀਆਈ ਫਿਰੋਜ਼ਪੁਰ ਛਾਉਣੀ**

ਚੱਲ ਰਹੇ ਕੋਰਸ: ਇਲੈਕਟ੍ਰੀਸ਼ੀਅਨ, ਵੈਲਡਰ, ਪਲੰਬਰ

ਗੁਰੂ ਨਾਨਕ ਕਾਲਜੀਏਟ ਸੀਨੀ. ਸੈਕੰ. ਸਕੂਲ, ਫਿਰੋਜ਼ਪੁਰ ਛਾਉਣੀ

ਚੱਲ ਰਹੇ ਕੋਰਸ (10+1, 10+2)।

**ਗੁਰੂ ਨਾਨਕ ਲਾਅ ਕਾਲਜ, ਸਾਈਆਂਵਾਲਾ (ਫਿਰੋਜ਼ਪੁਰ)**

ਚੱਲ ਰਹੇ ਕੋਰਸ (ਐੱਲ.ਐੱਲ.ਬੀ/ਬੀ.ਏ.ਐੱਲ.ਐੱਲ.ਬੀ)।



ਸ. ਰਤਿੰਦਰ ਸਿੰਘ ਸਾਈਆਂਵਾਲਾ (ਚੇਅਰਮੈਨ)



ਸ. ਅਸੀਸਪ੍ਰੀਤ ਸਿੰਘ ਸਾਈਆਂਵਾਲਾ (ਵਾਇਸ ਚੇਅਰਮੈਨ)

ਵੱਲੋਂ: ਗੁਰੂ ਨਾਨਕ ਐਜੂਕੇਸ਼ਨ ਸੁਸਾਇਟੀ (ਰਜਿ.) ਫਿਰੋਜ਼ਪੁਰ ਛਾਉਣੀ

## ਦਫਤਰ ਨਗਰ ਕੌਂਸਲ ਗੁਰੂਹਰਸਹਾਏ (ਫਿਰੋਜ਼ਪੁਰ)

### ਅਪੀਲ

ਸ਼ਹਿਰ ਵਾਸੀਆਂ ਨੂੰ ਨਗਰ ਕੌਂਸਲ, ਗੁਰੂਹਰਸਹਾਏ ਵੱਲੋਂ ਸ਼ਹਿਰ ਨੂੰ ਸਾਫ ਸੁਥਰਾ, ਹਰਿਆ ਭਰਿਆ ਅਤੇ ਸੁੰਦਰ ਬਨਾਉਣ ਲਈ ਹੇਠ ਲਿਖੇ ਅਨੁਸਾਰ ਅਪੀਲ ਕੀਤੀ ਜਾਂਦੀ ਹੈ:-

1. ਆਪਣੇ ਘਰਾਂ/ਦੁਕਾਨਾਂ ਅੰਦਰ 3 ਪ੍ਰਕਾਰ ਦੇ ਡਸਟਬਿਨ (ਗਿੱਲੇ ਕੱਚਰੇ, ਸੁੱਕੇ ਕੱਚਰੇ ਅਤੇ ਡੋਮੈਸਟਿਕ ਹਜ਼ਾਰਡੋਜ਼ ਵੇਸਟ) ਲਈ ਲਗਾਉ।
2. ਆਪਣੇ ਘਰਾਂ/ਦੁਕਾਨਾਂ ਦੇ ਕੱਚਰੇ ਨੂੰ ਸੈਗਰੀਗੇਸ਼ਨ (ਗਿੱਲੇ, ਸੁੱਕੇ) ਰੂਪ ਵਿਚ ਸਬੰਧਤ ਵੇਸਟ ਕੁਲੈਕਟਰ ਨੂੰ ਹੀ ਦਿੱਤਾ ਜਾਵੇ, ਕੱਚਰਾ ਨਾ ਦੇਣ ਜਾਂ ਵੱਖਰਾ ਵੱਖਰਾ ਨਾ ਦੇਣ ਦੀ ਸੂਰਤ ਵਿਚ ਜਾਂ ਕੱਚਰੇ ਨੂੰ ਸੜਕਾਂ/ਪਲਾਟਾਂ ਵਿਚ ਸੁੱਟਣ ਤੇ ਚਲਾਨ/ਜੁਰਮਾਨਾ ਕੀਤਾ ਜਾਵੇਗਾ।
3. ਜੇਕਰ ਕੋਈ ਹਾਊਸ ਹੋਲਡ ਆਪਣੇ ਘਰਾਂ ਦਾ ਕੱਚਰਾ ਪਲਾਸਟਿਕ ਦੇ ਲਿਫਾਫੇ ਵਿਚ ਦਿੰਦਾ ਹੈ ਤਾਂ ਉਸ ਦਾ ਚਲਾਨ/ਜੁਰਮਾਨਾ ਕੀਤਾ ਜਾਵੇਗਾ।
4. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿੰਗਲ ਯੂਜ਼ ਪਲਾਸਟਿਕ ਕੈਰੀ ਬੈਗਜ਼ ਦੀ ਵਿਕਰੀ ਅਤੇ ਵਰਤੋਂ ਵਰਨ ਵਾਲਿਆਂ ਵਿਰੁੱਧ ਚਲਾਨ ਅਤੇ 2000 ਤੋਂ 20000 ਤੱਕ ਦਾ ਜੁਰਮਾਨਾ ਕੀਤਾ ਜਾਵੇਗਾ।
5. ਗੁਰੂਹਰਸਹਾਏ ਸ਼ਹਿਰ ਵਾਸੀਆਂ ਨੂੰ ਅਪੀਲ ਹੈ ਕਿ ਦਫਤਰ ਨਗਰ ਕੌਂਸਲ, ਗੁਰੂਹਰਸਹਾਏ ਵਿਖੇ ਈ-ਵੇਸਟ ਕੁਲੈਕਸ਼ਨ ਬਾਕਸ ਲਗਾਇਆ ਗਿਆ ਹੈ। ਜਿਸ ਵਿਚ ਤੁਸੀਂ ਆਪਣੇ ਘਰਾਂ/ਦੁਕਾਨਾਂ ਦਾ ਈ-ਵੇਸਟ (ਇਲੈਕਟਰੋਨਿਕ ਵੇਸਅ) ਦੇ ਸਕਦੇ ਹੋ।
6. ਗੁਰੂਹਰਸਹਾਏ ਸ਼ਹਿਰ ਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀ ਬਿਲਡਿੰਗ ਦੀ ਉਸਾਰੀ ਲਈ ਐੱਸ.ਟੀ.ਪੀ. ਤੋਂ ਟਰੀਟੇਡ ਵਾਟਰ ਦੀ ਹੀ ਵਰਤੋਂ ਕੀਤੀ ਜਾਵੇ।

ਪ੍ਰਧਾਨ — ਨਗਰ ਕੌਂਸਲ, ਗੁਰੂਹਰਸਹਾਏ

ਕਾਰਜ ਸਾਧਕ ਅਫਸਰ — ਨਗਰ ਕੌਂਸਲ ਗੁਰੂਹਰਸਹਾਏ।

## ਦਫਤਰ ਨਗਰ ਪੰਚਾਇਤ, ਮੁੱਦਕੀ (ਫਿਰੋਜ਼ਪੁਰ)

### ਅਪੀਲ

ਸ਼ਹਿਰ ਵਾਸੀਆਂ ਨੂੰ ਨਗਰ ਪੰਚਾਇਤ, ਮੁੱਦਕੀ ਵੱਲੋਂ ਸ਼ਹਿਰ ਨੂੰ ਸਾਫ ਸੁਥਰਾ, ਹਰਿਆ ਭਰਿਆ ਅਤੇ ਸੁੰਦਰ ਬਨਾਉਣ ਲਈ ਹੇਠ ਲਿਖੇ ਅਨੁਸਾਰ ਅਪੀਲ ਕੀਤੀ ਜਾਂਦੀ ਹੈ:-

1. ਆਪਣੇ ਘਰਾਂ/ਦੁਕਾਨਾਂ ਅੰਦਰ 3 ਪ੍ਰਕਾਰ ਦੇ ਡਸਟਬਿਨ (ਗਿੱਲੇ ਕੱਚਰੇ, ਸੁੱਕੇ ਕੱਚਰੇ ਅਤੇ ਡੋਮੈਸਟਿਕ ਹਜ਼ਾਰਡੋਜ਼ ਵੇਸਟ) ਲਈ ਲਗਾਉ।
2. ਆਪਣੇ ਘਰਾਂ/ਦੁਕਾਨਾਂ ਦੇ ਕੱਚਰੇ ਨੂੰ ਸੈਗਰੀਗੇਸ਼ਨ (ਗਿੱਲੇ, ਸੁੱਕੇ) ਰੂਪ ਵਿਚ ਸਬੰਧਤ ਵੇਸਟ ਕੁਲੈਕਟਰ ਨੂੰ ਹੀ ਦਿੱਤਾ ਜਾਵੇ, ਕੱਚਰਾ ਨਾ ਦੇਣ ਜਾਂ ਵੱਖਰਾ ਵੱਖਰਾ ਨਾ ਦੇਣ ਦੀ ਸੂਰਤ ਵਿਚ ਜਾਂ ਕੱਚਰੇ ਨੂੰ ਸੜਕਾਂ/ਪਲਾਟਾਂ ਵਿਚ ਸੁੱਟਣ ਤੇ ਚਲਾਨ/ਜੁਰਮਾਨਾ ਕੀਤਾ ਜਾਵੇਗਾ।
3. ਜੇਕਰ ਕੋਈ ਹਾਊਸ ਹੋਲਡ ਆਪਣੇ ਘਰਾਂ ਦਾ ਕੱਚਰਾ ਪਲਾਸਟਿਕ ਦੇ ਲਿਫਾਫੇ ਵਿਚ ਦਿੰਦਾ ਹੈ ਤਾਂ ਉਸ ਦਾ ਚਲਾਨ/ਜੁਰਮਾਨਾ ਕੀਤਾ ਜਾਵੇਗਾ।
4. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿੰਗਲ ਯੂਜ਼ ਪਲਾਸਟਿਕ ਕੈਰੀ ਬੈਗਜ਼ ਦੀ ਵਿਕਰੀ ਅਤੇ ਵਰਤੋਂ ਵਰਨ ਵਾਲਿਆਂ ਵਿਰੁੱਧ ਚਲਾਨ ਅਤੇ 2000 ਤੋਂ 20000 ਤੱਕ ਦਾ ਜੁਰਮਾਨਾ ਕੀਤਾ ਜਾਵੇਗਾ।
5. ਮੁੱਦਕੀ ਸ਼ਹਿਰ ਵਾਸੀਆਂ ਨੂੰ ਅਪੀਲ ਹੈ ਕਿ ਦਫਤਰ ਨਗਰ ਪੰਚਾਇਤ, ਮੁੱਦਕੀ ਵਿਖੇ ਈ-ਵੇਸਟ ਕੁਲੈਕਸ਼ਨ ਬਾਕਸ ਲਗਾਇਆ ਗਿਆ ਹੈ। ਜਿਸ ਵਿਚ ਤੁਸੀਂ ਆਪਣੇ ਘਰਾਂ/ਦੁਕਾਨਾਂ ਦਾ ਈ-ਵੇਸਟ (ਇਲੈਕਟਰੋਨਿਕ ਵੇਸਟ) ਦੇ ਸਕਦੇ ਹੋ।
6. ਨਗਰ ਪੰਚਾਇਤ ਮੁੱਦਕੀ ਸ਼ਹਿਰ ਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀ ਬਿਲਡਿੰਗ ਦੀ ਉਸਾਰੀ ਲਈ ਐੱਸ.ਟੀ.ਪੀ. ਤੋਂ ਟਰੀਟੇਡ ਵਾਟਰ ਦੀ ਹੀ ਵਰਤੋਂ ਕੀਤੀ ਜਾਵੇ।

ਪ੍ਰਧਾਨ — ਨਗਰ ਪੰਚਾਇਤ, ਮੁੱਦਕੀ

ਕਾਰਜ ਸਾਧਕ ਅਫਸਰ — ਨਗਰ ਪੰਚਾਇਤ, ਮੁੱਦਕੀ।

## ਦਫਤਰ ਨਗਰ ਪੰਚਾਇਤ, ਮਮਦੋਟ (ਫਿਰੋਜ਼ਪੁਰ)

### ਪਬਲਿਕ ਨੋਟਿਸ

ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਮਮਦੋਟ ਤੁਹਾਡਾ ਆਪਣਾ ਸ਼ਹਿਰ ਹੈ, ਜਿਸ ਨੂੰ ਸਾਫ ਸੁਥਰਾ ਅਤੇ ਸੁੰਦਰ ਬਨਾਉਣ ਅਤੇ ਸ਼ਹਿਰ ਦੀ ਪ੍ਰਗਤੀ ਲਈ ਨਗਰ ਕੌਂਸਲ, ਮਮਦੋਟ ਦਾ ਸਹਿਯੋਗ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।

1. ਆਪਣੇ ਘਰਾਂ ਦੇ ਆਲੇ ਦੁਆਲੇ ਦੀ ਸਫਾਈ ਰੱਖੀ, ਘਰਾਂ ਅਤੇ ਦੁਕਾਨਾਂ ਦਾ ਗਾਰਬੇਜ਼, ਵੇਸਟ ਕੁਲੇਕਟਰ ਨੂੰ ਹੀ ਦਿੱਤਾ ਜਾਵੇ।
2. ਡੇਂਗੂ ਦੇ ਪ੍ਰਕੋਪ ਤੋਂ ਬਚਣ ਲਈ ਘਰ ਦੇ ਗਮਲਿਆਂ, ਕੂਲਰਾਂ ਆਦਿ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ ਅਤੇ ਕੂੜੇ ਨੂੰ ਅੱਗ ਨਾ ਲਗਾਈ ਜਾਵੇ।
3. ਪਲਾਸਟਿਕ ਦੇ ਲਿਫਾਫਿਆਂ ਦੀ ਮੰਗ ਅਤੇ ਵਰਤੋਂ ਨੂੰ ਬੰਦ ਕੀਤਾ ਜਾਵੇ, ਇਸ ਦੀ ਜਗ੍ਹਾ ਤੇ ਕਾਗਜ਼ ਦਿੱਤਾ ਜਾਵੇ ਅਤੇ ਕੂੜੇ ਨੂੰ ਅੱਗ ਨਾ ਲਗਾਈ ਜਾਵੇ।
4. ਆਪਣੇ ਆਪਣੇ ਘਰਾਂ ਅਤੇ ਦੁਕਾਨਾਂ ਵਿਚ ਅਲੱਗ, ਅਲੱਗ ਡਸਟਬਿਨ ਹੀ ਲਗਾਏ ਜਾਣ।
5. ਆਪਣਾ ਬਣਦਾ ਵਾਟਰ ਸਪਲਾਈ, ਸੀਵਰੇਜ ਬਿੱਲ, ਪ੍ਰੋਪਰਟੀ, ਲਾਇਸੈਂਸ ਫੀਸ ਆਦਿ ਟੈਕਸ ਸਮੇਂ ਸਿਰ ਜੁਰਮਾਨੇ ਤੋਂ ਬਿਨ੍ਹਾ ਭਰਿਆ ਜਾਵੇ ਤਾਂ ਜੋ ਸ਼ਹਿਰ ਦੇ ਵਿਕਾਸ ਲਈ ਨਗਰ ਪੰਚਾਇਤ, ਮਮਦੋਟ ਦੇ ਕੰਮਾਂ ਵਿਚ ਵਿਘਨ ਨਾ ਪਵੇ।

ਕਾਰਜ ਸਾਧਕ ਅਫਸਰ

ਨਗਰ ਪੰਚਾਇਤ, ਮਮਦੋਟ

## ਦਫਤਰ ਨਗਰ ਪੰਚਾਇਤ ਮੱਲਾਂਵਾਲਾ ਖਾਸ (ਫਿਰੋਜ਼ਪੁਰ)

### ਪੌਲੀਥੀਨ ਹਟਾਓ, ਬਿਮਾਰੀ ਭਜਾਓ

ਪੰਜਾਬ ਸਰਕਾਰ ਦੀਆਂ ਸਖ਼ਤ ਹਦਾਇਤਾਂ ਅਨੁਸਾਰ ਪਲਾਸਟਿਕ ਦੇ ਲਿਫਾਫੇ, ਡਿਸਪੋਜਲ ਅਤੇ ਥਰਮੋਕੋਲ ਤੋਂ ਬਣੇ ਸਮਾਨ ਤੇ ਪੂਰਨ ਪਾਬੰਦੀ।

ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਆਪਣਾ ਕੱਪੜੇ ਦਾ ਥੈਲਾ ਜਾਂ ਜੂਟ ਥੈਲਾ ਨਾਲ ਲੈ ਕੇ ਆਓ ਜੀ।

### ਪਲਾਸਟਿਕ ਦਾ ਲਿਫਾਫਾ ਮੰਗ ਕੇ ਸ਼ਰਮਿੰਦਾ ਨਾ ਕਰੋ ਜੀ

ਅਸੀਂ 250 ਗ੍ਰਾਮ ਦਾ ਮੋਬਾਇਲ ਨਾਲ ਰੱਖ ਸਕਦੇ ਹਾਂ ਤਾਂ 100 ਗ੍ਰਾਮ ਦਾ ਥੈਲਾ ਕਿਉਂ ਨਹੀਂ ਰੱਖ ਸਕਦੇ। ਹਰ ਇਕ ਸ਼ਹਿਰ ਵਾਸੀ ਆਪਣੇ ਘਰ ਵਿਚ ਗਿੱਲਾ/ਸੁੱਕਾ ਕੂੜਾ ਅਲੱਗ-ਅਲੱਗ ਕਰੇ ਅਤੇ ਆਪਣਾ ਆਲਾ ਦੁਆਲਾ ਸਾਫ ਰੱਖੋ। ਘਰਾਂ/ਦੁਕਾਨਾਂ ਦੇ ਗਿੱਲੇ/ਸੁੱਕੇ ਕੂੜੇ ਲਈ 2 ਵੱਖ ਵੱਖ ਡਸਟਬਿਨ ਲਗਾਓ। ਇਹ ਤੁਹਾਡਾ ਆਪਣਾ ਸ਼ਹਿਰ ਹੈ ਇਸ ਨੂੰ ਸਾਫ ਰੱਖੋ ਤਾਂ ਜੋ ਬਿਮਾਰੀਆਂ ਤੋਂ ਦੂਰ ਰਹਿ ਸਕੋ।

ਮਨ ਵਿਚ ਇਹ ਸੰਕਲਪ ਧਰੀਏ,

ਨਗਰ ਪੰਚਾਇਤ, ਮੱਲਾਂਵਾਲਾ ਖਾਸ ਨੂੰ ਪ੍ਰਦੂਸ਼ਣ ਰਹਿਤ ਕਰੀਏ

## ਦਫਤਰ ਨਗਰ ਪੰਚਾਇਤ ਮੱਖੂ (ਫਿਰੋਜ਼ਪੁਰ)

### ਅਪੀਲ

ਦਫਤਰ ਨਗਰ ਪੰਚਾਇਤ ਮੱਖੂ ਵੱਲੋਂ ਸਮੂਹ ਮੱਖੂ ਨਿਵਾਸੀਆਂ ਨੂੰ ਸਵੱਛ ਦੀਵਾਲੀ ਸ਼ੁੱਭ ਦੀਵਾਲੀ ਅਤੇ ਗੁਰਪੁਰਬ ਦੀਆਂ ਲੱਖ ਲੱਖ ਮੁਬਾਰਕਾਂ

ਨਗਰ ਪੰਚਾਇਤ ਮੱਖੂ ਵੱਲੋਂ ਸਵੱਛਤਾ ਦੀ ਲਹਿਰ ਤਹਿਤ ਮਿਤੀ 24 ਅਕਤੂਬਰ 2024 ਤੋਂ 7 ਨਵੰਬਰ 2024 ਤੱਕ ਸਫਾਈ ਪੰਦਰਵਾੜਾ ਵਿਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾ ਕੇ ਸਵੱਛਤਾ ਦੀ ਲਹਿਰ ਨੂੰ ਸਫਲ ਬਣਾਓ।

1. ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਵੱਛ ਦੀਵਾਲੀ ਸ਼ੁੱਭ ਦੀਵਾਲੀ ਮਨਾਈ ਜਾਵੇ ਅਤੇ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ ਜੀ।
2. ਆਪਣੇ ਘਰਾਂ ਤੇ ਦੁਕਾਨ ਆਦਿ ਦਾ ਕੂੜਾ ਗਲੀਆਂ, ਨਾਲੀਆਂ ਵਿਚ ਨਾ ਸੁੱਟੋ।
3. ਆਪਣੇ ਘਰਾਂ ਤੇ ਦੁਕਾਨਾਂ ਆਦਿ ਦਾ ਕੂੜਾ ਰੱਖਣ ਲਈ ਕੂੜੇਦਾਨ ਦਾ ਪ੍ਰਯੋਗ ਕਰੋ।
4. ਆਪਣੇ ਘਰਾਂ ਤੇ ਦੁਕਾਨਾਂ ਆਦਿ ਦਾ ਕੂੜਾ ਨਗਰ ਪੰਚਾਇਤ ਮੱਖੂ ਵੱਲੋਂ ਨਿਰਧਾਰਿਤ ਕੂੜਾ ਚੁੱਕਣ ਵਾਲੇ ਕਰਮਚਾਰੀਆਂ ਨੂੰ ਗਿੱਲਾ ਅਤੇ ਸੁੱਕਾ ਕੂੜਾ ਅਲੱਗ ਅਲੱਗ ਦਿਓ।
5. ਆਪਣੇ ਆਲੇ ਦੁਆਲੇ ਕੋਈ ਵੀ ਪਾਣੀ ਜਾਂ ਗੰਦਗੀ ਨੂੰ ਇਕੱਠਾ ਨਾ ਹੋਣ ਦਿਓ।
6. ਨਗਰ ਪੰਚਾਇਤ ਮੱਖੂ ਦੇ ਸਾਰੇ ਦੁਕਾਨਦਾਰ, ਸ਼ਹਿਰ ਨਿਵਾਸੀ ਪਲਾਸਟਿਕ ਦੇ ਲਿਫਾਫੇ ਅਤੇ ਡਿਸਪੋਜਏਬਲ ਸਮਾਨ ਦੀ ਵਰਤੋਂ ਨਾ ਕਰਨ।
7. ਫੁੱਲਾਂ ਦੀਆਂ ਦੁਕਾਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਉਨ੍ਹਾਂ ਦੇ ਫੁੱਲ ਨਹੀਂ ਵਿਕਦੇ ਜਾਂ ਖਰਾਬ ਹੋ ਜਾਂਦੇ ਹਨ ਉਨ੍ਹਾਂ ਨੂੰ ਇਕ ਬੋਰੀ ਵਿਚ ਪਾ ਕੇ ਨਗਰ ਪੰਚਾਇਤ ਮੱਖੂ ਦੇ ਸਫਾਈ ਮਿੱਤਰਾਂ ਨੂੰ ਦੇ ਦਿੱਤੇ ਜਾਣ।
8. ਡੇਂਗੂ, ਮਲੇਰੀਆ ਚਿਕਨਗੁਨੀਆਂ ਅਤੇ ਹੋਰ ਮੌਸਮੀ ਬਿਮਾਰੀਆਂ ਤੋਂ ਬਚਾਵ ਲਈ ਆਪਣੇ ਕੂਲਰ, ਫਰਿਜ ਦੀ ਟਰੇਆਂ, ਗਮਲੇ ਅਤੇ ਆਪਣੇ ਘਰਾਂ ਦੀਆਂ ਛੱਤਾਂ ਉਪਰ ਰੱਖੇ ਵੇਸਟ ਸਮਾਨ ਵਿਚ ਪਾਣੀ ਨਾ ਇਕੱਠਾ ਹੋਣ ਦਿਓ ਅਤੇ ਪੂਰੀ ਬਾਂਹ ਦੇ ਕੱਪੜੇ ਪਾਓ।

ਪ੍ਰਬੰਧਕ — ਕਮ-ਉਪ ਮੰਡਲ ਮੈਜਿਸਟਰੇਟ ਜ਼ੀਰਾ।

ਕਾਰਜ ਸਾਧਕ ਅਫਸਰ — ਨਗਰ ਪੰਚਾਇਤ ਮੱਖੂ।

## ਦਫਤਰ ਨਗਰ ਕੌਂਸਲ ਫਿਰੋਜ਼ਪੁਰ

### ਪਬਲਿਕ ਨੋਟਿਸ

ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਫਿਰੋਜ਼ਪੁਰ ਤੁਹਾਡਾ ਆਪਣਾ ਸ਼ਹਿਰ ਹੈ, ਜਿਸ ਨੂੰ ਸਾਫ ਸੁਥਰਾ ਅਤੇ ਸੁੰਦਰ ਬਨਾਉਣ ਅਤੇ ਸ਼ਹਿਰ ਦੀ ਪ੍ਰਗਤੀ ਲਈ ਨਗਰ ਕੌਂਸਲ, ਫਿਰੋਜ਼ਪੁਰ ਦਾ ਸਹਿਯੋਗ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।

1. ਆਪਣੇ ਘਰਾਂ ਦੇ ਆਲੇ ਦੁਆਲੇ ਦੀ ਸਫਾਈ ਰੱਖੀ ਜਾਵੇ, ਘਰਾਂ ਅਤੇ ਦੁਕਾਨਾਂ ਦਾ ਗਾਰਬੇਜ਼, ਵੇਸਟ ਕੁਲੈਕਟਰ ਨੂੰ ਹੀ ਦਿੱਤਾ ਜਾਵੇ।
2. ਡੇਂਗੂ ਦੇ ਪ੍ਰਕੋਪ ਤੋਂ ਬਚਣ ਲਈ ਘਰ ਦੇ ਗਮਲਿਆਂ, ਕੂਲਰਾਂ ਆਦਿ ਵਿਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ਅਤੇ ਕੂੜੇ ਨੂੰ ਅੱਗ ਨਾ ਲਗਾਈ ਜਾਵੇ।
3. ਪਲਾਸਟਿਕ ਦੇ ਲਿਫਾਫਿਆਂ ਦੀ ਮੰਗ ਅਤੇ ਵਰਤੋਂ ਨੂੰ ਬੰਦ ਕੀਤਾ ਜਾਵੇ, ਇਸ ਦੀ ਜਗ੍ਹਾ ਤੇ ਕਾਗਜ ਅਤੇ ਕੱਪੜੇ ਦੇ ਬਣੇ ਥੈਲੇ ਹੀ ਵਰਤੇ ਜਾਣ।
4. ਆਪਣੇ ਆਪਣੇ ਘਰਾਂ ਅਤੇ ਦੁਕਾਨਾਂ ਵਿਚ ਅਲੱਗ-ਅਲੱਗ ਡਸਟਬਿਨ ਹੀ ਲਗਾਏ ਜਾਣ।
5. ਆਪਣਾ ਬਣਦਾ ਵਾਟਰ ਸਪਲਾਈ, ਸਵੀਰੇਜ ਬਿੱਲ, ਪ੍ਰੋਪਰਟੀ ਟੈਕਸ, ਲਾਇਸੈਂਸ ਫੀਸ ਆਦਿ ਟੈਕਸ ਸਮੇਂ ਸਿਰ ਜੁਰਮਾਨੇ ਤੋਂ ਬਿਨ੍ਹਾ ਭਰਿਆ ਜਾਵੇ ਤਾਂ ਜੋ ਸ਼ਹਿਰ ਦੇ ਵਿਕਾਸ ਲਈ ਨਗਰ ਕੌਂਸਲ, ਫਿਰੋਜ਼ਪੁਰ ਦੇ ਕੰਮਾਂ ਵਿਚ ਵਿਘਨ ਨਾ ਪਵੇ।

ਕਾਰਜ ਸਾਧਕ ਅਫਸਰ

ਨਗਰ ਕੌਂਸਲ ਫਿਰੋਜ਼ਪੁਰ।